ਨੇ ਇਸਨੂੰ ਵਿਕਾਸ ਅਤੇ ਸੇਵਾ ਵਿੱਚ ਬਦਲ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਅਧੀਨ ਦਿੱਲੀ ਦੀ ਆਵਾਜਾਈ ਪ੍ਰਣਾਲੀ ਨੂੰ ਅਣਗੌਲਿਆ ਕੀਤਾ ਗਿਆ ਸੀ, ਪਰ ਮੌਜੂਦਾ ਸਰਕਾਰ ਨੇ ਸਿਰਫ਼ ਅੱਠ ਮਹੀਨਿਆਂ ਵਿੱਚ 1,400 ਇਲੈਕਟ੍ਰਿਕ ਬੱਸਾਂ ਸੜਕਾਂ 'ਤੇ ਪਾ ਕੇ ਇੱਕ ਨਵਾਂ ਰਿਕਾਰਡ ਕਾਇਮ ਕੀਤਾ ਹੈ। ਦਿੱਲੀ ਸਰਕਾਰ ਜਨਤਕ ਆਵਾਜਾਈ ਨੂੰ ਵਿਸ਼ਵ ਪੱਧਰੀ ਬਣਾਉਣ ਅਤੇ ਪ੍ਰਦੂਸ਼ਣ ਘਟਾਉਣ ਲਈ ਲਗਾਤਾਰ ਯਤਨਸ਼ੀਲ ਹੈ। ਦਿੱਲੀ ਟਰਾਂਸਪੋਰਟ ਕਾਰਪੋਰੇਸ਼ਨ (ਡੀਟੀਸੀ) ਸੰਬੰਧੀ ਪਿਛਲੀਆਂ ਸਰਕਾਰਾਂ ਦੀਆਂ ਬੇਨਿਯਮੀਆਂ ਅਤੇ ਲਾਪਰਵਾਹੀ ਵਾਲੀਆਂ ਨੀਤੀਆਂ ਦਾ ਹਵਾਲਾ ਦਿੰਦੇ ਹੋਏ, ਮੁੱਖ ਮੰਤਰੀ ਨੇ ਕਿਹਾ ਕਿ ਮੌਜੂਦਾ ਸਰਕਾਰ ਡੀਟੀਸੀ ਨੂੰ ਇੱਕ ਮਜ਼ਬੂਤ, ਲਾਭਦਾਇਕ ਅਤੇ ਪੂਰੀ ਤਰ੍ਹਾਂ ਸਮਰੱਥ ਸੰਗਠਨ ਵਜੋਂ ਮੁੜ ਸਥਾਪਿਤ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਆਧੁਨਿਕ ਬੱਸ ਟਰਮੀਨਲ, ਇਲੈਕਟ੍ਰਿਕ ਬੱਸਾਂ ਅਤੇ ਬਿਹਤਰ ਸੰਪਰਕ ਦਿੱਲੀ ਦੇ ਨਾਗਰਿਕਾਂ ਨੂੰ ਆਰਾਮਦਾਇਕ, ਸੁਰੱਖਿਅਤ ਅਤੇ ਪ੍ਰਦੂਸ਼ਣ ਮੁਕਤ ਆਵਾਜਾਈ ਪ੍ਰਦਾਨ ਕਰਨਗੇ। ਇਸ ਸਮਾਗਮ ਵਿੱਚ ਬੋਲਦਿਆਂ, ਟਰਾਂਸਪੋਰਟ ਮੰਤਰੀ ਡਾ. ਪੰਕਜ ਕੁਮਾਰ ਸਿੰਘ ਨੇ ਕਿਹਾ ਕਿ ਆਜ਼ਾਦਪੁਰ ਬੱਸ ਟਰਮੀਨਲ ਦਾ ਪੁਨਰ ਵਿਕਾਸ ਦਿੱਲੀ ਦੇ ਜਨਤਕ ਆਵਾਜਾਈ ਪ੍ਰਣਾਲੀ ਨੂੰ ਮਜ਼ਬੂਤ ??ਕਰਨ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ, ਦਿੱਲੀ ਯਾਤਰੀ ਸਹੂਲਤਾਂ, ਸੁਰੱਖਿਅਤ ਯਾਤਰਾ, ਵਾਤਾਵਰਣ ਸੁਰੱਖਿਆ ਅਤੇ ਆਧੁਨਿਕ ਆਵਾਜਾਈ ਵਿੱਚ ਤੇਜ਼ੀ ਨਾਲ ਸੁਧਾਰ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਨਵਾਂ ਟਰਮੀਨਲ ਆਧੁਨਿਕ ਉਡੀਕ ਖੇਤਰਾਂ, ਬੱਚਿਆਂ ਨੂੰ ਦੁੱਧ ਪਿਲਾਉਣ ਵਾਲੇ ਕਮਰੇ, ਬੱਸ ਪਾਸ ਸੈਕਸ਼ਨ, ਲਾਕਰ, ਯਾਤਰੀ ਸਹੂਲਤਾਂ, ਛਾਂਦਾਰ ਪਲੇਟਫਾਰਮ, ਸੋਲਰ ਪੈਨਲ, ਸੀਸੀਟੀਵੀ, ਬਾਇਓ-ਡਾਇਜੈਸਟਰ ਅਤੇ ਹਰੀ ਊਰਜਾ-ਅਧਾਰਤ ਪ੍ਰਣਾਲੀਆਂ ਨਾਲ ਲੈਸ ਹੈ।

### ਲਾਪਤਾ ਹੋਈ ਸ਼ਰਧਾਲੂ ਨੂੰ ਫੌਰਨ ਭਾਰਤ ਭੇਜੇ ਪਾਕਿਸਤਾਨ ਸਰਕਾਰ : ਸਰਨਾ

ਜਲੰਧਰ/ਨਵੀਂ ਦਿੱਲੀ, 18 ਨਵੰਬਰ। ਸ਼੍ਰੋਮਣੀ ਅਕਾਲੀ ਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕਪੂਰਥਲਾ ਦੀ ਸ਼ਰਧਾਲੂ ਸਰਬਜੀਤ ਕੌਰ (52), ਜੋ ਪਾਕਿਸਤਾਨ ਤੋਂ ਸਿੱਖ ਜਥੇ ਨਾਲ ਵਾਪਸ ਨਹੀਂ ਆਈ, ਨੂੰ ਤੁਰੰਤ ਦੇਸ਼ ਨਿਕਾਲਾ ਦੇਣ ਦੀ ਪਾਕਿਸਤਾਨ ਸਰਕਾਰ ਕੋਲੋਂ ਮੰਗ ਕੀਤੀ ਹੈ। ਹੁਣ ਦੱਸਿਆ ਜਾ ਰਿਹਾ ਹੈ ਕਿ ਉਸ ਨੇ ਇਸਲਾਮ ਧਰਮ ਕਬੂਲ ਕਰ ਕੇ ਉੱਥੇ ਨਿਕਾਹ ਕਰਵਾ ਲਿਆ ਹੈ। ਸਰਨਾ ਨੇ ਕਿਹਾ ਕਿ ਇਹ ਘਟਨਾ ਦੋਵਾਂ ਦੇਸ਼ਾਂ ਦੁਆਰਾ ਧਾਰਮਿਕ ਅਸਥਾਨ-ਯਾਤਰਾ ਪ੍ਰਬੰਧ ਤਹਿਤ ਸ਼ਰਧਾਲੂਆਂ ਦੀ ਆਵਾਜਾਈ ਦੀ ਨਿਗਰਾਨੀ ਦੀ ਗੰਭੀਰ ਕੋਤਾਹੀ ਨੂੰ ਦਰਸਾਉਂਦੀ ਹੈ। ਉਨ੍ਹਾਂ ਨੇ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਜਥੇ ਦਾ ਇਕ ਰਜਿਸਟਰਡ ਮੈਂਬਰ ਆਪਣੇ-ਆਪ ਨੂੰ ਜਥੇ ਨਾਲੋਂ ਵੱਖ ਨਾ ਕਰ ਸਕੇ।

## NDA ਨੇ ਚੋਣਾਂ ਲਈ ਵਿਸ਼ਵ ਬੈਂਕ ਦੇ 14,000 ਕਰੋੜ ਰੁਪਏ ਖਰਚੇ: ਪਵਨ ਵਰਮਾ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨੈਸ਼ਨਲ ਡੈਸਕ 18 ਨਵੰਬਰ। ਜਨ ਸੂਰਜ ਪਾਰਟੀ ਦੇ ਬੁਲਾਰੇ ਅਤੇ ਸੀਨੀਅਰ ਰਣਨੀਤੀਕਾਰ ਪਵਨ ਵਰਮਾ ਨੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਗੰਭੀਰ ਦੋਸ਼ ਲਗਾਏ ਹਨ। ਉਨ੍ਹਾਂ ਦਾਅਵਾ ਕੀਤਾ ਹੈ ਕਿ ਵਿਸ਼ਵ ਬੈਂਕ ਦੁਆਰਾ ਇੱਕ ਪ੍ਰੋਜੈਕਟ ਲਈ ਅਲਾਟ ਕੀਤੇ ਗਏ ਫੰਡਾਂ ਦੀ ਵਰਤੋਂ 2025 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਲਈ ਕੀਤੀ ਗਈ ਸੀ। ਵਰਮਾ ਦੇ ਅਨੁਸਾਰ, ਇਸ ਫੰਡ ਦੀ ਵਰਤੋਂ ਮੁੱਖ ਮੰਤਰੀ ਮਹਿਲਾ ਰੁਜ਼ਗਾਰ ਯੋਜਨਾ ਦੇ ਤਹਿਤ ਬਿਹਾਰ ਵਿੱਚ 12.5 ਮਿਲੀਅਨ ਔਰਤਾਂ ਦੇ ਖਾਤਿਆਂ ਵਿੱਚ 10,000 ਟਰਾਂਸਫਰ ਕਰਨ ਲਈ ਕੀਤੀ ਗਈ ਸੀ। ਉਨ੍ਹਾਂ ਇਸ ਫੰਡਿੰਗ ਦੇ ਸਰੋਤ ਅਤੇ ਇਸਦੀ ਵੰਡ ਦੇ ਸਮੇਂ 'ਤੇ ਸਵਾਲ ਉਠਾਏ। ਇੱਕ ਇੰਟਰਵਿਊ ਵਿੱਚ ਵਰਮਾ ਨੇ ਕਿਹਾ, ਬਿਹਾਰ ਦਾ ਸਰਕਾਰੀ ਕਰਜ਼ਾ 406,000 ਕਰੋੜ ਹੈ, ਅਤੇ ਪ੍ਰਤੀ ਦਿਨ ?63 ਕਰੋੜ ਵਿਆਜ ਅਦਾ ਕੀਤਾ ਜਾਂਦਾ ਹੈ। ਰਾਜ ਦਾ ਖਜ਼ਾਨਾ ਖਾਲੀ ਹੈ। ਸਾਨੂੰ ਜਾਣਕਾਰੀ ਮਿਲੀ ਹੈ ਕਿ 12.5 ਮਿਲੀਅਨ ਔਰਤਾਂ ਨੂੰ ਦਿੱਤੇ ਗਏ 10,000 ਵਿਸ਼ਵ ਬੈਂਕ ਤੋਂ ਕਿਸੇ ਹੋਰ ਪ੍ਰੋਜੈਕਟ ਲਈ ਪ੍ਰਾਪਤ 21,000 ਕਰੋੜ ਵਿੱਚੋਂ ਟਰਾਂਸਫਰ ਕੀਤੇ ਗਏ ਸਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਚੋਣ ਜ਼ਾਬਤਾ ਲਾਗੂ ਹੋਣ ਤੋਂ ਇੱਕ ਘੰਟਾ ਪਹਿਲਾਂ 14,000 ਕਰੋੜ ਕਢਵਾ ਕੇ ਔਰਤਾਂ ਦੇ ਖਾਤਿਆਂ ਵਿੱਚ ਵੰਡ ਦਿੱਤੇ ਗਏ ਸਨ। ਹਾਲਾਂਕਿ, ਵਰਮਾ ਨੇ ਸਪੱਸ਼ਟ ਕੀਤਾ, ਜੇਕਰ ਇਹ ਜਾਣਕਾਰੀ ਗਲਤ ਹੈ, ਤਾਂ ਮੈਂ ਮੁਆਫ਼ੀ ਮੰਗਦੀ ਹਾਂ, ਪਰ ਜੇ ਇਹ ਸੱਚ ਹੈ, ਤਾਂ ਇਹ ਕਿੰਨਾ ਨੈਤਿਕ ਹੈ? ਵਰਮਾ ਨੇ ਕਿਹਾ ਕਿ ਅਜਿਹੇ ਫੰਡ ਟਰਾਂਸਫਰ ਵੋਟਰਾਂ ਨੂੰ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਦੱਸਿਆ ਕਿ ਬਿਹਾਰ ਵਿੱਚ 40 ਮਿਲੀਅਨ ਮਹਿਲਾ ਵੋਟਰ ਹਨ, ਜਿਨ੍ਹਾਂ ਵਿੱਚੋਂ 25 ਮਿਲੀਅਨ ਨੂੰ ਇਹ ਰਕਮ ਨਹੀਂ ਮਿਲੀ। ਇਸ ਨਾਲ ਹੋਰ ਔਰਤਾਂ ਵਿੱਚ ਇਹ ਪ੍ਰਭਾਵ ਪੈਦਾ ਹੋਇਆ ਕਿ ਜੇਕਰ ਐਨਡੀਏ ਸੱਤਾ ਵਿੱਚ ਨਹੀਂ ਆਇਆ, ਤਾਂ ਉਨ੍ਹਾਂ ਨੂੰ ਲਾਭ ਨਹੀਂ ਮਿਲਣਗੇ। ਵਰਮਾ ਨੇ ਸੁਝਾਅ ਦਿੱਤਾ ਕਿ ਸਰਕਾਰਾਂ ਕਾਨੂੰਨੀ ਤੌਰ 'ਤੇ ਫੰਡਾਂ ਦੀ ਮੁੜ ਵੰਡ ਕਰ ਸਕਦੀਆਂ ਹਨ ਅਤੇ ਬਾਅਦ ਵਿੱਚ ਇਸਨੂੰ ਜਾਇਜ਼ ਠਹਿਰਾ ਸਕਦੀਆਂ ਹਨ, ਪਰ ਅਜਿਹੀ ਰਣਨੀਤੀ ਚੋਣਾਂ ਦੌਰਾਨ ਨੈਤਿਕ ਸਵਾਲ ਖੜ੍ਹੇ ਕਰਦੀ ਹੈ। ਵਰਮਾ ਨੇ ਮੰਨਿਆ ਕਿ ਇਸ ਅਚਾਨਕ ਵਿੱਤੀ ਵੰਡ ਨੇ ਜਨ ਸੂਰਜ ਦੀ ਮੁਹਿੰਮ ਨੂੰ ਪ੍ਰਭਾਵਿਤ ਕੀਤਾ। ਇੱਕ ਨਵੀਂ ਪਾਰਟੀ ਹੋਣ ਦੇ ਨਾਤੇ, ਸਾਡਾ ਸੰਦੇਸ਼ ਸਹੀ ਸੀ ਅਤੇ ਪ੍ਰਤੀਕਿਰਿਆ ਚੰਗੀ ਸੀ, ਪਰ ਇਸ ਯੋਜਨਾ ਨੇ ਸਾਡੇ ਯਤਨਾਂ ਨੂੰ ਕਮਜ਼ੋਰ ਕਰ ਦਿੱਤਾ, ਉਸਨੇ ਕਿਹਾ। ਪ੍ਰਧਾਨ ਮੰਤਰੀ ਮੋਦੀ ਦੀਆਂ ਮੁਫਤ ਯੋਜਨਾਵਾਂ ਦੀ ਆਲੋਚਨਾ ਦਾ ਹਵਾਲਾ ਦਿੰਦੇ ਹੋਏ, ਉਸਨੇ ਕਿਹਾ, ਮੋਦੀ ਜੀ ਨੇ ਖੁਦ ਦਿੱਲੀ ਵਿੱਚ ਕੇਜਰੀਵਾਲ ਦੀ ਮੁਫਤ ਵੰਡ ਦੀ ਆਲੋਚਨਾ ਕੀਤੀ ਸੀ, ਪਰ ਬਿਹਾਰ ਵਿੱਚ ਕੀ ਹੋਇਆ? ਵਰਮਾ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਜਨ ਸੂਰਜ ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ ਦਾ ਸ਼ਰਾਬ ਪਾਬੰਦੀ ਹਟਾਉਣ ਬਾਰੇ ਬਿਆਨ ਪਾਰਟੀ ਦੇ ਮਾੜੇ ਪ੍ਰਦਰਸ਼ਨ ਦਾ ਕਾਰਨ ਸੀ। ਉਸਨੇ ਕਿਹਾ, ਬਿਹਾਰ ਵਿੱਚ ਸ਼ਰਾਬ ਪਾਬੰਦੀ ਸਿਰਫ ਪ੍ਰਤੀਕਾਤਮਕ ਹੈ। ਹਰ ਗਲੀ ਅਤੇ ਮੁਹੱਲੇ ਵਿੱਚ ਸ਼ਰਾਬ ਉੱਚੀਆਂ ਕੀਮਤਾਂ 'ਤੇ ਵੇਚੀ ਜਾ ਰਹੀ ਹੈ। ਇਸ ਨਾਲ ਘਰਾਂ ਦੀ ਆਰਥਿਕ ਸਥਿਤੀ ਵਿਗੜ ਗਈ ਹੈ। ਉਸਨੇ ਇਹ ਵੀ ਦੱਸਿਆ ਕਿ 200,000 ਤੋਂ ਵੱਧ ਲੋਕ, ਖਾਸ ਕਰਕੇ ਸਭ ਤੋਂ ਪਛੜੇ ਅਤੇ ਦਲਿਤ ਭਾਈਚਾਰੇ, ਸ਼ਰਾਬਬੰਦੀ ਕਾਨੂੰਨ ਅਧੀਨ ਜੇਲ੍ਹ ਵਿੱਚ ਹਨ, ਅਤੇ ਬਹੁਤ ਸਾਰੇ ਜ਼ਮਾਨਤ ਨਹੀਂ ਦੇ ਸਕਦੇ। ਵਰਮਾ ਨੇ ਕਿਹਾ ਕਿ ਐਨਡੀਏ ਦੀਆਂ ਮਹਿਲਾ-ਕੇਂਦ੍ਰਿਤ ਨੀਤੀਆਂ ਅਤੇ ਆਖਰੀ ਸਮੇਂ ਵਿੱਚ 10,000 ਰੁਪਏ ਦੇ ਟ?ਰਾਂਸਫਰ ਨੇ ਉਨ੍ਹਾਂ ਦੀ ਜਿੱਤ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਈ। ਉਨ੍ਹਾਂ ਕਿਹਾ, ਸਾਡੀ ਹਾਰ ਦਾ ਕਾਰਨ ਨਿਤੀਸ਼ ਜੀ ਦੀਆਂ ਔਰਤਾਂ ਲਈ ਨੀਤੀਆਂ ਅਤੇ ਇਹ ਫੰਡ ਟਰਾਂਸਫਰ ਸੀ। 243 ਸੀਟਾਂ 'ਤੇ ਚੋਣ ਲੜਨ ਦੇ ਬਾਵਜੂਦ, ਜਨ ਸੂਰਜ ਇੱਕ ਵੀ ਸੀਟ ਜਿੱਤਣ ਵਿੱਚ ਅਸਫਲ ਰਿਹਾ।



ਐਨਡੀਏ ਨੇ 202 ਸੀਟਾਂ ਨਾਲ ਭਾਰੀ ਜਿੱਤ ਪ੍ਰਾਪਤ ਕੀਤੀ। ਭਾਜਪਾ 89 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉਭਰੀ, ਉਸ ਤੋਂ ਬਾਅਦ ਜੇਡੀ(ਯੂ) 85 ਸੀਟਾਂ ਨਾਲ, ਐਲਜੇਪੀ(ਆਰਵੀ) 19 ਸੀਟਾਂ ਨਾਲ, ਐਚਐਮਐਸਐਫ 5 ਸੀਟਾਂ ਨਾਲ ਅਤੇ ਰਾਸ਼ਟਰੀ ਲੋਕ ਮੋਰਚਾ 4 ਸੀਟਾਂ ਨਾਲ। ਇਸ ਦੌਰਾਨ, ਆਰਜੇਡੀ ਦੀ ਅਗਵਾਈ ਵਾਲੇ ਮਹਾਂਗਠਜੋੜ ਨੇ ਸਿਰਫ਼ 35 ਸੀਟਾਂ ਜਿੱਤੀਆਂ, ਜਿਸ ਵਿੱਚ ਆਰਜੇਡੀ ਨੇ 25, ਕਾਂਗਰਸ ਨੇ 6, ਸੀਪੀਆਈ (ਐਮਐਲ) (ਐਲ) ਨੇ 2, ਭਾਰਤੀ ਸੰਮੇਲਨ ਪਾਰਟੀ ਨੇ 1 ਅਤੇ ਸੀਪੀਆਈ (ਐਮ) ਨੇ 1 ਸੀਟਾਂ ਜਿੱਤੀਆਂ। ਵਰਮਾ ਦੇ ਦੋਸ਼ਾਂ ਨੇ ਬਿਹਾਰ ਚੋਣਾਂ ਵਿੱਚ ਫੰਡਾਂ ਦੀ ਵਰਤੋਂ ਅਤੇ ਚੋਣ ਨੈਤਿਕਤਾ ਬਾਰੇ ਬਹਿਸ ਛੇੜ ਦਿੱਤੀ ਹੈ। ਵਿਸ਼ਵ ਬੈਂਕ ਦੇ ਫੰਡਾਂ ਦੀ ਕਥਿਤ ਦੁਰਵਰਤੋਂ ਦੀ ਜਾਂਚ ਦੀ ਮੰਗ ਕੀਤੀ ਜਾ ਰਹੀ ਹੈ, ਅਤੇ ਆਉਣ ਵਾਲੇ ਦਿਨਾਂ ਵਿੱਚ ਮਾਮਲਾ ਹੋਰ ਵੀ ਵਧ ਸਕਦਾ ਹੈ।

# ਵਿੱਤ ਮੰਤਰੀ ਪੰਜਾਬ ਵੱਲੋਂ ਆਗੂਆ ਨਾਲ ਬੋਲੀ ਮਾੜੀ ਸ਼ਬਦਾਬਲੀ ਕਰਕੇ ਰੋਸ ਵੱਜੋਂ ਪੂਰੇ ਪੰਜਾਬ ਵਿੱਚ ਫੂਕੇ ਗਏ ਪੁਤਲੇ



**ਸਮਾਣਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹੋਏ ਸ਼ਪੈਸਲ ਕੇਡਰ ਅਧਿਆਪਕ ਫਰੰਟ ਪੰਜਾਬ ਦੇ ਸਟੇਟ ਕਮੇਟੀ ਮੈਂਬਰ ਵੱਲੋ ਦਸਿਆ ਗਿਆ ਹੈ ਕਿ ਵਿੱਤ ਮੰਤਰੀ ਪੰਜਾਬ ਵੱਲੋਂ ਸੈਕਟਰੇਟ ਚੰਡੀਗੜ ਵਿਖੇ ਅਲੱਗ ਅਲੱਗ ਜਥੇਬੰਦੀਆਂ ਨਾਲ ਮੀਟਿੰਗ ਤੈਅ ਕੀਤੀ ਗਈ ਸੀ, ਪਰ ਬਹੁਤ ਮੰਦਭਾਗੀ ਗੱਲ ਕਿ ਮੰਗਾਂ ਨੂੰ ਸੁਣਨ ਦੀ ਬਜਾਏ ਵਿੱਤ ਮੰਤਰੀ ਦਾ ਗੱਲਬਾਤ ਕਰਨ ਦਾ ਵਤੀਰਾ ਬਹੁਤ ਹੀ ਮਾੜਾ ਸੀ। ਮਹਿਲਾ ਅਧਿਆਪਕਾਂ ਨਾਲ ਜਿਸ ਤਰੀਕੇ ਨਾਲ ਗੱਲ ਕੀਤੀ ਗਈ ਬਹੁਤ ਹੀ ਨਿੰਦਣਯੋਗ ਹੈ ।

ਇਸਦੇ ਰੋਸ ਵੱਜੋਂ ਪੂਰੀ ਸਟੇਟ ਕਮੇਟੀ ਵੱਲੋਂ ਫੈਸਲਾ ਲੈਂਦੇ ਹੋਏ ਰੋਸ ਵਜੋਂ ਪੂਰੇ ਪੰਜਾਬ ਵਿੱਚ ਜਿਲ੍ਹਾ ਹੈਡ ਕੁਆਰਟਰਾਂ ’ਤੇ ਵਿੱਤ ਮੰਤਰੀ ਪੰਜਾਬ ਦਾ ਪੁਤਲਾ ਫੂਕਣ ਦਾ ਅਤੇ ਡਿਪਟੀ ਕਮਿਸ਼ਨਰਾਂ ਨੂੰ ਲਿਖਤੀ ਰੂਪ ਵਿੱਚ ਰੋਸ ਪੱਤਰ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਸਪੈਕਲ ਕਾਡਰ ਅਧਿਆਪਕਾਂ ਵੱਲੋਂ ਬਾਲ ਮੇਲੇ ਦਾ ਪੂਰਨ ਤੌਰ ਤੇ ਬਾਈਕੋਟ ਕੀਤਾ ਗਿਆ ਸੀ ਅਤੇ ਇਸ ਸੰਬੰਧੀ ਪੂਰੇ ਪੰਜਾਬ ਵਿੱਚ ਜਿਲ੍ਹਾ ਸਿੱਖਿਆ ਅਫਸਰ(ਐ:ਸਿ) ਨੂੰ ਬਾਈਕਾਟ ਸੰਬੰਧੀ ਲਿਖਤੀ ਨੋਟ ਕਰਵਾ ਦਿੱਤਾ ਗਿਆ ਸੀ।

ਸਪੈਸ਼ਲ ਕਾਡਰ ਅਧਿਆਪਕ ਫਰੰਟ, ਪੰਜਾਬ ਦੇ ਸਟੇਟ ਆਗੂਆ ਵਲੋਂ ਫੈਸਲਾ ਲੈਂਦੇ ਹੋਏ ਪੇ ਸਕੇਲ ਲਾਗੂ ਕਰਵਾਉਣ ਲਈ 30 ਨਵੰਬਰ ਨੂੰ ਸੂਬਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ। ਅੱਜ ਦੇ ਪੁੱਤਲਾ ਫੂਕ ਰੋਸ ਮੁਜਾਹਰੇ ਵਿੱਚ ਜ਼ਿਲ੍ਹਾ ਪ੍ਰਧਾਨ ਕਰਮਿੰਦਰ ਸਿੰਘ ,ਕਪੂਰ ਸਿੰਘ, ਗੁਰਜੀਤ ਸਿੰਘ, ਇੰਦਰਜੀਤ ਹਾਂਡਾ , ਅਮਨਦੀਪ ਅਜਨੌਦਾ, ਮੈਡਮ ਰੇਨੂ, ਕੁਲਵਿੰਦਰ ਕੌਰ ਭੁਨਰਹੇੜੀ, ਹੀਨਾ ਮੰਤਰੋ, ਬਲਜਿੰਦਰ ਕੌਰ ਕਾਦਰਾਬਾਦ, ਭੁਪਿੰਦਰ ਸਿੰਘ ਬਾਦਸ਼ਾਹਪੁਰ, ਬਲਕਾਰ ਕਾਮੇਕੀ, ਇਸ ਤੋਂ ਇਲਾਵਾ ਸਹਿਯੋਗੀ ਜਥੇਬੰਦੀਆਂ ਵਿੱਚੋਂ ਡੈਮੋਕਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਗੁਰਜੀਤ ਘੱਗਾ, ਹਰਿੰਦਰ ਪਟਿਆਲਾ ਰੋਮੀ ਸਫੀਪੁਰ ਡੀਟੀਐਫ ਦੇ ਆਗੂ ਕ੍ਰਿਸ਼ਨ ਚੌਹਾਨ ਕੇ, ਸੁਖਬੀਰ ਸਿੰਘ, ਬਿਕਰਮ ਅਲੂਣਾ ਆਦਿ।

# ਆਪ ਸਰਕਾਰ ਵੱਲੋਂ ਸੂਬੇ ਦੇ ਹਿੱਤਾਂ ਲਈ ਕੀਤੇ ਗਏ ਚੰਗੇ ਕਾਰਜਾਂ ਦਾ ਨਤੀਜਾ ਹੈ ਜਿਮਨੀ ਚੋਣ ਦੀ ਜਿੱਤ : ਬੈਂਸ

**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਅੰਦਰ ਜਿਸ ਦਿਨ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਸੱਤਾ ਸਵਾਲੀ ਹੈ ਉਸ ਦਿਨ ਤੋਂ ਸੂਬੇ ਅੰਦਰ ਪਿੰਡਾਂ ਅਤੇ ਸ਼ਹਿਰਾਂ ਦਾ ਵਿਕਾਸ ਕਰਕੇ ਸੁੰਦਰੀਕਰਨ ਕੀਤਾ ਜਾ ਰਿਹਾ ਹੈ ਉੱਥੇ ਹੀ ਆਮ ਲੋਕਾਂ ਨੂੰ ਸਰਕਾਰ ਦੀਆਂ ਸਕੀਮਾਂ ਦਾ ਹਰ ਘਰ ਤੱਕ ਫਾਇਦਾ ਪਹੁੰਚਾਉਣ ਦਾ ਕੰਮ ਵੀ ਸਰਕਾਰ ਵੱਲੋਂ ਦਿਨ ਰਾਤ ਇੱਕ ਕਰਕੇ ਕੀਤਾ ਜਾ ਰਿਹਾ ਹੈ ਇਸੇ ਕਾਰਜਾਂ ਦਾ ਨਤੀਜਾ ਹੈ ਕੀ ਤਰਨ ਤਾਰਨ ਦੇ ਲੋਕਾਂ ਨੇ ਜਿਮਨੀ ਚੋਣ ਵਿੱਚ ਆਪ ਦੇ ਉਮੀਦਵਾਰ ਸੰਧੂ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ ਸਾਬਤ ਕਰ ਦਿੱਤਾ ਹੈ ਕੀ ਪੰਜਾਬ ਸਰਕਾਰ ਜੋ ਵਾਅਦਾ ਕਰਦੀ ਹੈ ਉਸ ਨੂੰ ਨਿਭਾਉਣ ਵਿੱਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੀ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਨੇ 70 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਹੋਏ ਪਿੰਡ ਤਾਜਪੁਰਾ ਦੇ ਵਾਟਰ ਵਰਕਰ ਦਾ ਉਦਘਾਟਨ ਕਰਨ ਉਪਰੰਤ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ ਇਸ ਮੌਕੇ ਜਲ ਸਪਲਾਈ ਸੈਨੀਟੇਸ਼ਨ ਦੇ ਠੇਕੇਦਾਰ ਜਸਵੀਰ ਸਿੰਘ ਰੁਪਾਣਾ ਦੇਵੀਨਗਰ ਨੇ ਮੁਲਾਕਾਤ ਕਰਕੇ ਸਿੱਖਿਆ ਵਿਭਾਗ ਵਿੱਚ ਹੋ ਰਹੇ ਕ੍ਰਾਂਤੀਕਾਰੀ ਕਾਰਜਾਂ ਨੂੰ ਦੇਖਦੇ ਹੋਏ ਫੁੱਲਾਂ ਦਾ ਬੁੱਕਾ ਦੇ ਕੇ ਕੈਬਨਿਟ ਮੰਤਰੀ ਬੈਂਸ ਨੂੰ ਸਨਮਾਨਿਤ ਵੀ ਕੀਤਾ ਇਸ ਮੌਕੇ ਕੈਬਨਿਟ ਮੰਤਰੀ ਬੈਂਸ ਨੇ ਕਿਹਾ ਕਿ ਪੰਜਾਬ ਦੇ ਹਰ ਪਿੰਡ ਅੰਦਰ ਵੱਖ ਵੱਖ ਸਕੀਮਾਂ ਤਹਿਤ ਬਣਾਈਆਂ ਗਈਆਂ ਵਾਟਰ ਵਰਕਸ ਰਾਹੀਂ ਸਾਫ ਸੁਥਰਾ ਪਾਣੀ ਮੁਹਈਆ ਕਰਵਾਇਆ ਜਾ ਰਿਹਾ ਜਿਸ ਨਾਲ ਹੁਣ ਪੰਜਾਬ ਦੇ ਹਰ ਵਿਅਕਤੀ ਨੂੰ ਸ਼ੁੱਧ ਅਤੇ ਸਾਫ ਸੁਥਰਾ ਪਾਣੀ ਪੀਣ ਲਈ ਮਿਲੇਗਾ ਜਿਸ ਨਾਲ ਪਾਣੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਦਾ ਖਾਤਮਾ ਹੋਵੇਗਾ ਇਸ ਮੌਕੇ ਜਸਵੀਰ ਰੁਪਾਣਾ ਨੇ ਕਿਹਾ ਕਿ ਸਰਕਾਰ ਵੱਲੋਂ ਹਰ ਘਰ ਤੱਕ ਪੀਣ ਵਾਲਾ ਸ਼ੁੱਧ ਪਾਣੀ ਦੇਣ ਦੇ ਭਵਿੱਖ ਵਿੱਚ ਚੰਗੇ ਨਤੀਜੇ ਆਉਣਾ ਲਾਜਮੀ ਹੈ ਕਿਉਂਕਿ ਜਿਹੜੇ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਪਰਤ ਖਰਾਬ ਹੋ ਜਾਵੇ ਉਸ ਨਾਲ ਸੈਂਕੜੇ ਬਿਮਾਰੀਆਂ ਫੈਲਣ ਦਾ ਖਦਸਾ ਬਣਿਆ ਰਹਿੰਦਾ ਹੈ ਹੈ ਪਰ ਸ਼ੁੱਧ ਪਾਣੀ ਮੁਹਈਆ ਕਰਵਾਉਣ ਨਾਲ ਇਹਨਾਂ ਬਿਮਾਰੀਆਂ ਦਾ ਵੀ ਖਾਤਮਾ ਹੋਣਾ ਲਗਭਗ ਤੈਅ ਹੈ.



ਇਸ ਮੌਕੇ ਹੋਰਨਾਂ ਤੋਂ ਇਲਾਵਾ ਐਕਸੀਅਨ ਰੋਹਿਤ ਕੁਮਾਰ, ਐਸ ਡੀ ਓ ਹਰਮਨਪ੍ਰੀਤ ਸਿੰਘ, ਜੇ ਈ ਵਿਸਾਲ ਪੁਰੀ, ਕਮੀਕਰ ਸਿੰਘ ਚੇਅਰਮੈਨ ਮਾਰਕੀਟ ਕਮੇਟੀ, ਆਪ ਦੇ ਯੂਥ ਆਗੂ ਪਰਵਿੰਦਰ ਸਿੰਘ ਜਿਮੀ, ਦਰਸ਼ਨ ਸਿੰਘ ਆਪ ਆਗੂ, ਸਰਪੰਚ ਬਿਕਰਮ ਦੇਵੀ ਆਦਿ ਵੀ ਹਾਜ਼ਰ ਸਨ

# ‘ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸਮਾਗਮ’



**ਬਰਨਾਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਕਰਵਾਏ ਜਾ ਰਹੇ ਸਮਾਗਮਾਂ ਦੀ ਲੜੀ ਤਹਿਤ ਗੁਰੂ ਸਾਹਿਬ ਦੇ ਜੀਵਨ, ਲਾਸਾਨੀ ਸ਼ਹਾਦਤ ਅਤੇ ਸਿੱਖਿਆਵਾਂ ’ਤੇ ਆਧਾਰਿਤ ਲਾਈਟ ਐਂਡ ਸਾਊਂਡ ਸ਼ੋਅ ’ਹਿੰਦ ਦੀ ਚਾਦਰ’ ਦੀ ਪੇਸ਼ਕਾਰੀ ਅੱਜ ਇਥੇ ਬਾਬਾ ਕਾਲਾ ਮਹਿਰ ਸਟੇਡੀਅਮ ਵਿਖੇ ਕਰਾਇਆ ਗਿਆ, ਜਿਥੇ ਪੁੱਜੀ ਵੱਡੀ ਗਿਣਤੀ ਸੰਗਤ ਨੂੰ ਇਸ ਸ਼ੋਅ ਦੀ ਪੇਸ਼ਕਾਰੀ ਨੇ ਭਾਵੁਕ ਕਰ ਦਿੱਤਾ।

’ਹਿੰਦ ਦੀ ਚਾਦਰ’ ਸ਼ੋਅ ਵਿੱਚ 350 ਸਾਲ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲੋਂ ’ਤਿਲਕ ਜੰਞੂ ਰਾਖਾ ਪ੍ਰਭ ਤਾ ਕਾ, ਕੀਨੋ ਬਡੋ ਕਲੂ ਮਹਿ ਸਾਕਾ’ ਤਹਿਤ ਆਪਣੇ ਪਿਆਰੇ ਗੁਰਸਿੱਖਾਂ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਸਮੇਤ ਦਿੱਲੀ ਦੇ ਚਾਂਦਨੀ ਚੌਂਕ ਵਿਖੇ ਦਿੱਤੀ ਗਈ ਲਾਸਾਨੀ ਸ਼ਹਾਦਤ ਨਾਲ ਬੁਲੰਦ ਕੀਤੀ ਗਈ ਹੱਕ, ਸੱਚ, ਨਿਆਂ, ਪਰਉਪਕਾਰ ਤੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਨੂੰ ਵਿਲੱਖਣ ਢੰਗ ਨਾਲ ਪੇਸ਼ ਕੀਤਾ ਗਿਆ।

ਇਸ ਦੌਰਾਨ ਗਿਆਨੀ ਦਵਿੰਦਰ ਸਿੰਘ ਰਾਣੂੰ ਦੇ ਢਾਡੀ ਜਥੇ ਨੇ ਵਾਰਾਂ ਦੇ ਗਾਇਨ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਵੱਲੋਂ ਦਿੱਤੀ ਸ਼ਹਾਦਤ ਦੇ ਪ੍ਰਸੰਗ ਸੁਣਾਏ। ਇਸ ਵਿਲੱਖਣ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਸੰਗਤ ਦੇ ਰੂਪ ਵਿੱਚ ਲੋਕ ਸਭਾ ਮੈਂਬਰ ਸ.

ਗੁਰਮੀਤ ਸਿੰਘ ਮੀਤ ਹੇਅਰ ਅਤੇ ਵਿਧਾਇਕ ਮਹਿਲ ਕਲਾਂ ਸ. ਕੁਲਵੰਤ ਸਿੰਘ ਪੰਡੋਰੀ ਸ਼ਾਮਲ ਹੋਏ।

ਇਸ ਮੌਕੇ ਉਨ੍ਹਾਂ ਦੱਸਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350 ਸਾਲਾ ਸ਼ਤਾਬਦੀ ਨੂੰ ਮੁੱਖ ਮੰਤਰੀ ਸ੍. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਇੱਕ ਸੇਵਕ ਵਜੋਂ ਵੱਡੇ ਪੱਧਰ ’ਤੇ ਮਨਾ ਰਹੀ ਹੈ। ਇਸ ਤਹਿਤ ਉਲੀਕੇ ਵੱਖ-ਵੱਖ ਸਮਾਗਮਾਂ ਦੀ ਲੜੀ ਤਹਿਤ ਇਸ 45 ਮਿੰਟ ਦੇ ਲਾਈਟ ਐਂਡ ਸਾਊਂਡ ਸ਼ੋਅ ਨੇ ਡਿਜੀਟਲ ਤਰੀਕੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ, ਵਿਰਾਸਤ, ਸਿੱਖਿਆਵਾਂ, ਸਿੱਖ ਇਤਿਹਾਸ ਅਤੇ ਗੁਰੂ ਜੀ ਦੀ ਮਹਾਨ ਸ਼ਹਾਦਤ ਬਾਰੇ ਚਾਨਣਾ ਪਾਇਆ ਹੈ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਗੁਰੂ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਪੰਜਾਬ ਅਤੇ ਦੇਸ਼ ਦੇ ਹਰ ਕੋਨੇ ਤੱਕ ਜਾਣਕਾਰੀ ਪਹੁੰਚੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਇਸ ਮਹਾਨ ਕੁਰਬਾਨੀ ਤੋਂ ਪ੍ਰੇਰਨਾ ਤੇ ਸੇਧ ਲੈ ਸਕਣ।

# ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਸ਼ਾਨਦਾਰ ਜਿੱਤ ’ਤੇ ਡਾ. ਰਮਨਦੀਪ ਸਿੰਘ ਜੈਤੋ ਵੱਲੋਂ ਵਧਾਈ



**ਜੈਤੋਂ,18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਹਾਰ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ’ਚ ਭਾਰਤੀ ਜਨਤਾ ਪਾਰਟੀ ਦੀ ਜਿੱਤ ’ਤੇ ਡਾ. ਰਮਨਦੀਪ ਸਿੰਘ ਜੈਤੋ ਨੇ ਪਾਰਟੀ ਲੀਡਰਸ਼ਿਪ, ਵਰਕਰਾਂ ਅਤੇ ਬਿਹਾਰ ਦੀ ਜਨਤਾ ਨੂੰ ਦਿਲੋਂ ਵਧਾਈ ਦਿੱਤੀ। ਡਾ. ਰਮਨਦੀਪ ਜੈਤੋ ਨੇ ਕਿਹਾ ਕਿ ਇਹ ਜਿੱਤ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਲੋਕ ਪੱਖੀ, ਵਿਕਾਸਸ਼ੀਲ ਅਤੇ ਸਸ਼ਕਤੀਕਰਨ ਵਾਲੀਆਂ ਨੀਤੀਆਂ ’ਤੇ ਲੋਕਾਂ ਦੇ ਭਰੋਸੇ ਦੀ ਪਰਛਾਵਾਂ ਹੈ। ਉਹਨਾਂ ਨੇ ਕਿਹਾ ਕਿ ਭਾਰਤ ਦੀ ਜਨਤਾ ਨੇ ਮੁੜ ਸਾਬਤ ਕਰ ਦਿੱਤਾ ਹੈ ਕਿ ਸੱਭਿਆਚਾਰਿਕ ਮੁੱਲਾਂ, ਵਿਕਾਸ ਅਤੇ ਸ਼ਾਂਤੀ ਵੱਲ ਲੈ ਜਾਣ ਵਾਲੀ ਰਾਜਨੀਤੀ ਨੂੰ ਹੀ ਸਮਰਥਨ ਮਿਲਦਾ ਹੈ।

ਡਾ. ਰਮਨਦੀਪ ਸਿੰਘ ਜੈਤੋ ਨੇ ਇਸ ਮੌਕੇ ‘ਤੇ ਦਾਅਵਾ ਕੀਤਾ ਕਿ ਪੰਜਾਬ ਦੇ ਵਾਸੀ 2027 ਦੀਆਂ ਚੋਣਾਂ ਵਿੱਚ ਭਾਜਪਾ ਨੂੰ ਸਪਸ਼ਟ ਬਹੁਮਤ ਨਾਲ ਜਿਤਾਉਣਗੇ, ਕਿਉਂਕਿ ਪੰਜਾਬ ਦੇ ਲੋਕ ਵੀ ਵਿਕਾਸ-ਕੇਂਦਰਤ ਰਾਜਨੀਤੀ ਅਤੇ ਸਥਿਰ ਸਰਕਾਰ ਦੀ ਲੋੜ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹਨਾਂ ਕਿਹਾ ਕਿ ਬੀਤੇ ਕੁਝ ਸਾਲਾਂ ਵਿੱਚ ਪੰਜਾਬ ਨੇ ਜੋ ਚੁਣੌਤੀਆਂ ਵੇਖੀਆਂ ਹਨ, ਉਹਨਾਂ ਦਾ ਹੱਲ ਭਾਜਪਾ ਦੀ ਦੂਰਦਰਸ਼ੀ ਨੀਤੀ ਅਤੇ ਮਜ਼ਬੂਤ ਨੇਤ੍ਰਿਤਵ ਨਾਲ ਹੀ ਸੰਭਵ ਹੈ।

ਡਾ. ਰਮਨਦੀਪ ਜੈਤੋ ਨੇ ਅਪੀਲ ਕੀਤੀ ਕਿ ਪੰਜਾਬ ਦੇ ਨੌਜਵਾਨ ਵੱਧ ਤੋਂ ਵੱਧ ਗਿਣਤੀ ਵਿੱਚ ਭਾਜਪਾ ਨਾਲ ਜੁੜ ਕੇ ਰਾਸ਼ਟਰ ਨਿਰਮਾਣ ਵਿੱਚ ਆਪਣੀ ਭੂਮਿਕਾ ਨਿਭਾਉਣ। ਉਹਨਾਂ ਕਿਹਾ ਕਿ ਨਵੀਂ ਪੀੜ੍ਹੀ ਦੇ ਹੱਥਾਂ ਵਿੱਚ ਭਾਰਤ ਦਾ ਭਵਿੱਖ ਹੈ ਅਤੇ ਉਨ੍ਹਾਂ ਦੀ ਸਹਿਭਾਗੀਤਾ ਨਾਲ ਹੀ ਦੇਸ਼ ਨਵੇਂ ਸ਼ਿਖਰਾਂ ਨੂੰ ਛੂਹੇਗਾ।

ਅੰਤ ਵਿੱਚ ਡਾ. ਰਮਨਦੀਪ ਸਿੰਘ ਜੈਤੋ ਨੇ ਕਿਹਾ ਕਿ ਭਾਜਪਾ ਸਿਰਫ਼ ਰਾਜਨੀਤਿਕ ਪਾਰਟੀ ਨਹੀਂ, ਸਗੋਂ ਇੱਕ ਵਿਕਾਸ, ਸੇਵਾ ਅਤੇ ਰਾਸ਼ਟਰ ਭਗਤੀ ਦਾ ਅੰਦੋਲਨ ਹੈ। ਪਾਰਟੀ ਲੋਕਾਂ ਦੇ ਭਲੇ, ਪਾਰਦਰਸ਼ਤਾ ਅਤੇ ਸੁਰੱਖਿਆ ਲਈ ਲਗਾਤਾਰ ਕੰਮ ਕਰਦੀ ਰਹੇਗੀ

# ਸੀਨੀਅਰ ਪੰਜਾਬ ਸਟੇਟ ਤਲਵਾਰਬਾਜੀ ਚੈਂਪੀਅਨਸ਼ਿਪ ਵਿੱਚ ਪਟਿਆਲੇ ਦੀਆਂ ਲੜਕੀਆਂ ਨੇ ਮਾਰੀ ਬਾਜ਼ੀ



**ਪਟਿਆਲਾ, 18 ਨਵੰਬਰ**
**-ਅਮਰਜੀਤ ਸਿੰਘ-**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਅਤੇ ਭਾਈ ਦਿਆਲਾ ਜੀ ਦੇ 350 ਵੇ ਸ਼ਹੀਦੀ ਸ਼ਤਾਬਦੀ ਤੇ ਦਸਵੇਂ ਪਾਤਸ਼ਾਹ ਜੀ ਦੇ 350 ਸਾਲਾਂ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਮਹਿਲਾ ਅਤੇ ਪੁਰਸ਼ਾਂ ਦੀ ਤਿੰਨ ਰੋਜ਼ਾ ਸੀਨੀਅਰ ਪੰਜਾਬ ਸਟੇਟ ਤਲਵਾਰਬਾਜੀ ਚੈਂਪੀਅਨਸ਼ਿਪ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਬਹੁਮੰਤਵੀ ਇਨਡੋਰ ਖੇਡ ਸਟੇਡੀਅਮ ਵਿਖੇ ਹੋਈ ਇਹ ਚੈਂਪੀਅਨਸ਼ਿਪ ਅੰਮ੍ਰਿਤਸਰ ਤਲਵਾਰਬਾਜੀ ਐਸੋਸੀਏਸ਼ਨ ਦੇ ਸਹਿਯੋਗ ਨਾਲ ਕਰਵਾਈ ਗਈ ਜਿਸ ਵਿੱਚ ਸੀਨੀਅਰ ਸਟੇਟ ਤਲਵਾਰਬਾਜੀ ਚੈਂਪੀਅਨਸ਼ਿਪ ਦੇ ਫੋਇਲ ਤਲਵਾਰਬਾਜੀ ਮੁਕਾਬਲਿਆਂ ਵਿੱਚ ਪਟਿਆਲੇ ਦੀਆਂ ਦੋ ਲੜਕੀਆਂ ਨੇ ਬਾਜ਼ੀ ਮਾਰੀ ਜਿਸ ਵਿੱਚ ਜੈਸਮੀਨ ਪਟਿਆਲਾ ਨੇ ਗੋਲਡ ਮੈਡਲ ਤੇ ਤੇ ਗੁਰਲੀਨ ਕੌਰ ਰੱਖੜਾ ਨੇ ਸਿਲਵਰ ਮੈਡਲ ਹਾਸਿਲ ਕਰਕੇ ਪਟਿਆਲਾ ਦਾ ਨਾਮ ਚਮਕਾਇਆ ਹੈ ਉੱਥੇ ਹੀ ਅੰਮ੍ਰਿਤਸਰ ਦੀ ਅਦਾਸਰੀ ਤੇ ਗੁਰਜੋਤ ਕੌਰ ਮੋਹਾਲੀ ਨੇ ਵੀ ਬਰੋਂਜ ਮੈਡਲ ਜਿੱਤਿਆ ਹੈ ਉਥੇ ਹੀ ਇਹ ਚਾਰੇ ਲੜਕੀਆਂ ਦਿੱਲੀ ਵਿਖੇ 16 ਨਵੰਬਰ ਤੋਂ ਸ਼ੁਰੂ ਹੋਣ ਜਾ ਜਾ ਰਹੀ ਨੈਸ਼ਨਲ ਤਲਵਾਰਬਾਜੀ ਚੈਂਪੀਅਨਸ਼ਿਪ ਲਈ ਵੀ ਚੁਣੀਆਂ ਗਈਆਂ ਹਨ ਜਿੱਥੇ ਉਹ ਫਾਈਲ ਈਵੈਂਟ ਮੁਕਾਬਲੇ ਲਈ ਪੰਜਾਬ ਦੀ ਟੀਮ ਵਜੋਂ ਖੇਡਣਗੀਆਂ ਉਥੇ ਹੀ ਅੰਮ੍ਰਿਤਸਰ ਵਿਖੇ ਹੋਈ ਸੀਨੀਅਰ ਸਟੇਟ ਚੈਂਪੀਅਨਸ਼ਿਪ ਵਿੱਚ ਇਹਨਾਂ ਲੜਕੀਆਂ ਨੇ ਖੂਬ ਨਾਮ ਚਮਕਾਇਆ ਹੈ ਜਿੱਥੇ ਇਹਨਾਂ ਲੜਕੀਆਂ ਨੂੰ ਸੈਕਟਰੀ ਅਨਿਲ ਅਰੋੜਾ ,ਪ੍ਰਧਾਨ ਜਸਵੰਤ ਸਿੰਘ ਢਿੱਲੋ, ਜਨਰਲ ਸਕੱਤਰ ਪ੍ਰੋਫੈਸਰ ਬਾਬਾ ਨਿਰਮਲ ਸਿੰਘ ਰੰਧਾਵਾ ਨੇ ਸਨਮਾਨਿਤ ਕਰਨ ਦੀ ਰਸਮ ਅਦਾ ਕੀਤੀ ਜ਼ਿਕਰਯੋਗ ਹੈ ਕਿ ਗੁਰਲੀਨ ਕੌਰ ਰੱਖੜਾ ਸਿਲਵਰ ਮੈਡਲ ਜੇਤੂ ਪੀ ਆਈ ਐਸ ਮੋਹਾਲੀ ਵਿਖੇ ਟ੍ਰੇਨਿੰਗ ਲੈ ਰਹੀ ਹੈ ਉੱਥੇ ਹੀ ਸਰਕਾਰੀ ਕਾਲਜ ਮੋਹਾਲੀ ਦੀ ਵਿਦਿਆਰਥਣ ਹੈ ਲਿਹਾਜਾ ਲੰਘੀਆਂ ਨੈਸ਼ਨਲ ਤਲਵਾਰਬਾਜੀ ਮੁਕਾਬਲਿਆਂ ਵਿੱਚ ਦੋ ਵਾਰ ਤਮਗਾ ਹਾਸਿਲ ਕਰਕੇ ਆਪਣੀ ਸਟੇਟ ਅਤੇ ਕਾਲਜ ਦਾ ਨਾਮ ਚਮਕਾ ਚੁੱਕੀ ਹੈ ਇਸਦੇ ਕੋਚ ਪੰਕਜ ਸਿੰਗਲਾ ਨੇ ਕਿਹਾ ਕਿ ਗੁਰਲੀਨ ਕੌਰ ਰੱਖੜਾ ਦੇ ਨਾਲ ਨਾਲ ਹੋਰ ਖਿਡਾਰੀ ਵੀ ਤਲਵਾਰਬਾਜੀ ਮੁਕਾਬਲਿਆਂ ਲਈ ਟ੍ਰੇਨਿੰਗ ਲੈ ਰਹੇ ਹਨ ਜੋ ਜਲਦ ਹੀ ਵੱਖ-ਵੱਖ ਚੈਂਪੀਅਨਸ਼ਿਪਾਂ ਰਾਹੀਂ ਆਪਣੇ ਸੂਬੇ ਦਾ ਨਾਮ ਚਮਕਾਉਣਗੇ ਇਸ ਮੌਕੇ ਨਰਿੰਦਰ ਪਟਿਆਲਾ ਆਦਿ ਹੋਰ ਐਸੋਸੀਏਸ਼ਨ ਦੇ ਆਗੂ ਵੀ ਹਾਜ਼ਰ ਸਨ।

# ਸੇਵਾਦਾਰ ਰਾਕੇਸ਼ ਬੱਗਾ ਨੇ ਵੀਲ੍ਹਚੇਅਰਾਂ ਦੀ ਕੀਤੀ ਸੇਵਾ



**ਸਨੌਰ,18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਚ ਲੰਮੇ ਸਮੇਂ ਤੋ ਸੇਵਾ ਕਰ ਰਹੇ ਸ੍ਰੀ ਰਾਕੇਸ਼ ਬੱਗਾ ( ਬਹਾਦਰਗੜ੍ਹ )ਨੇ ਸਨੌਰ ਦੇ ਪਿੰਡ ਕੋਲੀ ਚ ਲੋੜਵੰਦ ਵਿਅਕਤੀਆਂ ਨੂੰ 4 ਵਿਹਲਚੇਅਰਾਂ ਤੇ ਨਜ਼ਦੀਕੀ ਪਿੰਡ ਚ ਵੀ 2 ਵਿਹਲਚੇਅਰਾਂ ਦੀ ਸੇਵਾ ਕਰ ਮਦਦ ਕੀਤੀ ਗਈ, ਕਾਫੀ ਸਾਲਾਂ ਤੋਂ ਬਿਮਾਰੀਆ ਤੋਂ ਪੀੜਤ ਵਿਅਕਤੀਆਂ ਜੋ ਚਲਣ ਤੋਂ ਅਸਮਰਥ ਸਨ ਉਨ੍ਹਾਂ ਨੇ ਰਾਕੇਸ਼ ਬੱਗਾ ਦਾ ਵਿਹਲਚੇਅਰਾਂ ਦੀ ਸੇਵਾ ਕਰਨ ਪ੍ਰਤੀ ਬਹੁਤ ਬਹੁਤ ਧੰਨਵਾਦ ਕੀਤਾ । ਇਸ ਮੌਕੇ ਸੇਵਾਦਾਰ ਰਾਕੇਸ਼ ਬੱਗਾ ਨੇ ਕਿਹਾ ਕਿ ਉਹਨਾਂ ਦਾ ਪਰਿਵਾਰ ਪਿਛਲੇ ਲੰਮੇ ਸਮੇਂ ਤੋਂ ਹਲਕਾ ਸਨੌਰ ਚ ਜ਼ਰੂਰਤਮੰਦਾ ਦੀ ਸੇਵਾ ਕਰ ਅਪਣਾ ਫਰਜ਼ ਨਿਭਾ ਰਿਹਾ ਹੈ ਸੇਵਾ ਕਰ ਉਨ੍ਹਾਂ ਨੂੰ ਬਹੁਤ ਹੀ ਸਕੂਨ ਤੇ ਮਾਣ ਮਹਿਸੂਸ ਹੁੰਦਾ ਹੈ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਅਸਥਾਨ ਗੁਰਦੁਆਰਾ ਬਹਿਰ ਸਹਿਬ ਵਿਖੇ ਕੀਰਤਨ ਸਮਾਗਮ

**ਪਾਤੜਾਂ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਹਿੰਦ ਦੀ ਚਾਦਰ ਧੰਨ ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਸਮਾਗਮਾਂ ਦੀ ਲੜੀ ਤਹਿਤ ਅੱਜ ਪਿੰਡ ਬਹਿਰ ਸਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਅਸਥਾਨ ਗੁਰਦੁਆਰਾ ਸਾਹਿਬ ਵਿੱਚ ਕੀਰਤਨ ਸਮਾਗਮ ਕਰਵਾਏ ਗਏ।

ਇਸ ਮੌਕੇ ਭਾਈ ਅਨੂਪ ਸਿੰਘ, ਲਖਵਿੰਦਰ ਸਿੰਘ ਤੇ ਗਗਨਦੀਪ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਹੈਡ ਗ੍ਰੰਥੀ ਮਹਿੰਦਰ ਸਿੰਘ ਨੇ ਅਰਦਾਸ ਕੀਤੀ ਅਤੇ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ ਜੀਵਨ ਤੇ ਗੁਰਬਾਣੀ ਸਮੇਤ ਉਨ੍ਹਾਂ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਬਿਆਨ ਕੀਤਾ।

ਇਸ ਪਵਿੱਤਰ ਦਿਹਾੜੇ ਮੌਕੇ ਹਲਕਾ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਐਸ ਡੀ ਐਮ ਅਸ਼ੋਕ ਕੁਮਾਰ ਸਮੇਤ ਵੱਡੀ ਗਿਣਤੀ ਸੰਗਤ ਗੁਰੂ ਚਰਨਾਂ ਵਿੱਚ ਨਤਮਸਤਕ ਹੋਈ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ।

ਵਿਧਾਇਕ ਕੁਲਵੰਤ ਸਿੰਘ ਬਾਜੀਗਰ ਨੇ ਦੱਸਿਆ ਕਿ ਹਿੰਦ ਦੀ ਚਾਦਰ, ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਿਸੇ ਇਕ ਧਰਮ ਜਾਂ ਫ਼ਿਰਕੇ ਲਈ ਨਹੀਂ ਸੀ, ਸਗੋਂ ਇਹ ਸਾਰੀ ਮਨੁੱਖਤਾ ਦੇ ਮੌਲਿਕ ਅਧਿਕਾਰਾਂ ਅਤੇ ਸਨਮਾਨ ਦੀ ਰੱਖਿਆ ਲਈ ਸੀ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਗੁਰੂ ਸਾਹਿਬ ਜੀ ਸਮੇਤ ਭਾਈ ਸਤੀ ਦਾਸ, ਭਾਈ ਮਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ।

ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਗੁਰੂ ਸਾਹਿਬ ਦੇ ਚਰਨ ਛੋਹ ਅਸਥਾਨ ਉੱਤੇ ਬਣੇ ਗੁਰਦੁਆਰਾ ਸਾਹਿਬ ਦੀ ਸੁੰਦਰਤਾ ਤੇ ਵਿਕਾਸ ਲਈ 50 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਜਾਰੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਰਕਮ ਗੁਰਦੁਆਰਾ ਸਾਹਿਬ ਦੇ ਵਿਕਾਸ ਤੇ ਕੰਮਕਾਜ ਲਈ ਵਰਤੀ ਜਾਵੇਗੀ।ਉਨ੍ਹਾਂ ਹੋਰ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਯਾਦਗਾਰੀ ਸਮਾਗਮਾਂ ਦੀ ਲੜੀ ਤਹਿਤ ਪਟਿਆਲਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ ਵਿਖੇ 18 ਨਵੰਬਰ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਮਹਾਨ ਕੀਰਤਨ ਸਮਾਗਮ ਕਰਵਾਇਆ ਜਾਵੇਗਾ ਅਤੇ 21 ਨਵੰਬਰ ਨੂੰ ਧਾਰਮਿਕ ਯਾਤਰਾ ਦੇ ਰੂਪ ਵਿੱਚ ਵਿਸ਼ਾਲ ਨਗਰ ਕੀਰਤਨ ਪਟਿਆਲਾ ਪਹੁੰਚ ਰਹੇ ਹਨ, ਜਿਸ ਲਈ ਸਮੂਹ ਸੰਗਤਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹੋਣ ਦੀ ਬੇਨਤੀ ਹੈ। ਇਸ ਮੌਕੇ ਟਰੱਕ ਯੂਨੀਅਨ ਪ੍ਰਧਾਨ ਰਣਜੀਤ ਸਿੰਘ ਵਿਰਕ, ਬੀਡੀਪੀਓ ਬਘੇਲ ਸਿੰਘ, ਲਾਭ ਡਰੋਲੀ, ਹਰਦੀਪ ਸਰਪੰਚ ਠਰੂਆ, ਸੁਖਵਿੰਦਰ ਸਿੰਘ ਸਰਪੰਚ, ਅਰਸ਼ ਡਰੋਲੀ, ਮੱਖਣ ਸਰਪੰਚ, ਸਰਨਜੀਤ ਸਿੰਘ, ਦਵਿੰਦਰ ਸਿੰਘ ਕਾਨੂੰਗੋ ਹਰਦੀਪ ਸਿੰਘ ਪਟਵਾਰੀ, ਤਰਲੋਚਨ ਜੈਖਰ, ਬਾਬਾ ਬੀਰਾ ਅਰਨੋ, ਗੁਰਦੀਪ ਸਰਪੰਚ, ਪ੍ਰੀਤ ਸਿੰਘ, ਸਰਪੰਚ ਸਿੰਘ ਆਦਿ ਹਾਜ਼ਰ ਸਨ।

# ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ ਇਤਿਹਾਸ ਵਿਭਾਗ ਵੱਲੋ ‘ਗੁਰੂ ਪਰੰਪਰਾ ਅਤੇ ਸ਼ਹਾਦਤ’ ਵਿਸ਼ੇ ਉਪਰ ਵਿਸ਼ੇਸ਼ ਲੈਕਚਰ



**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਉਚੇਰੀ ਸਿੱਖਿਆ ਵਿਭਾਗ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਮੌਕੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ 150 ਸਾਲਾਂ ਸਫ਼ਰ-ਏ-ਫ਼ਕਰ ਦੇ ਪ੍ਰੋਗਰਾਮਾਂ ਦੀ ਲੜੀ ਤਹਿਤ ਕਾਲਜ ਦੀ ਪ੍ਰਿੰਸੀਪਲ ਡਾ. ਨਿਸ਼ਠਾ ਤ੍ਰਿਪਾਠੀ ਦੀ ਸਰਪ੍ਰਸਤੀ ਹੇਠ ਸਭਾ ਭਵਨ ਵਿਖੇ ਇਤਿਹਾਸ ਵਿਭਾਗ ਵੱਲੋ ’ਗੁਰੂ ਪਰੰਪਰਾ ਅਤੇ ਸ਼ਹਾਦਤ’ ਵਿਸ਼ੇ ਉਪਰ ਵਿਸ਼ੇਸ਼ ਲੈਕਚਰ ਹੋਇਆ। ਇਸ ਲੈਕਚਰ ਲਈ ਮੁੱਖ ਬੁਲਾਰੇ ਵਜੋਂ ਡਾ. ਹਰਪਾਲ ਸਿੰਘ ਪੰਨੂ ਜੀ ਨੇ ਸ਼ਿਰਕਤ ਕੀਤੀ।

ਇਤਿਹਾਸ ਵਿਭਾਗ ਦੇ ਮੁਖੀ ਡਾ. ਪੁਨੀਤ ਨੇ ਬੜੇ ਹੀ ਸੁਚੱਜੇ ਢੰਗ ਨਾਲ ਮੰਚ ਸੰਚਾਲਨ ਕਰਦਿਆਂ ਡਾ. ਹਰਪਾਲ ਸਿੰਘ ਪੰਨੂ ਜੀ ਦੀਆਂ ਪ੍ਰਾਪਤੀਆਂ ਤੇ ਅਕਾਦਮਿਕ ਸਫ਼ਰ ਬਾਰੇ ਮੁੱਲਵਾਨ ਜਾਣਕਾਰੀ ਦਿੱਤੀ ਤੇ ਆਈਆਂ ਸ਼ਖ਼ਸੀਅਤਾਂ ਦਾ ਨਿੱਘਾ ਸਵਾਗਤ ਕੀਤਾ। ਡਾ. ਪੰਨੂ ਨੇ ਮੁੱਖ ਲੈਕਚਰ ਤੋਂ ਪਹਿਲਾਂ ਆਪਣੇ ਜੀਵਨ ਦੀਆਂ ਮੁਢਲੀਆਂ ਯਾਦਾਂ ਤੇ ਅਨੁਭਵ ਨੂੰ ਬੜੇ ਸੂਖਮ ਢੰਗ ਨਾਲ ਬਿਆਨ ਕੀਤਾ। ਇਸ ਉਪਰੰਤ ਡਾ. ਪੰਨੂ ਜੀ ਨੇ ਪੰਜਾਬ ਦੀ ਧਰਤੀ ’ਤੇ ਲਿਖੇ ਗਏ ਧਾਰਮਿਕ ਗ੍ਰੰਥਾਂ ਬਾਰੇ ਗੱਲ ਕਰਦਿਆਂ ਗੁਰੂ ਪਰੰਪਰਾ ਬਾਰੇ ਬੜੇ ਵਿਸਥਾਰ ਸਹਿਤ ਚਰਚਾ ਕੀਤੀ। ਡਾ. ਪੰਨੂ ਜੀ ਨੇ ਸ਼ਹੀਦ ਤੇ ਸ਼ਹਾਦਤ ਸ਼ਬਦਾਂ ਦੇ ਸੰਕਲਪ ਦੀ ਸੁਚੱਜੀ ਵਿਆਖਿਆ ਕਰਦਿਆਂ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਬਾਲਪਣ ਤੋਂ ਲੈ ਕੇ ਸ਼ਹਾਦਤ ਤੱਕ ਦੀ ਅਦੁੱਤੀ ਗਾਥਾ ਨੂੰ ਦਿਲਚਸਪੀ ਨਾਲ ਬਿਆਨ ਕੀਤਾ। ਇਸ ਮੌਕੇ ਕਾਲਜ ਕੌਂਸਲ ਮੈਂਬਰ ਪ੍ਰੋਫੈਸਰ ਲਵਲੀਨ ਪਰਮਾਰ, ਡਾ. ਅੰਮ੍ਰਿਤ ਸਮਰਾ ਅਤੇ ਇਤਿਹਾਸ ਵਿਭਾਗ ਦੀ ਸਮੁੱਚੀ ਅਧਿਆਪਕ ਫੈਕਲਟੀ ਤੋਂ ਇਲਾਵਾ ਕਾਲਜ ਦੇ ਹੋਰਨਾਂ ਵਿਭਾਗਾਂ ਤੋਂ ਪ੍ਰੋਫੈਸਰ ਸਾਹਿਬਾਨਾਂ ਨੇ ਸ਼ਮੂਲੀਅਤ ਕੀਤੀ। ਅਖੀਰ ਵਿੱਚ ਇਤਿਹਾਸ ਵਿਭਾਗ ਦੇ ਪ੍ਰੋ. ਡਾ. ਕਿਰਨਜੀਤ ਕੌਰ ਨੇ ਵਿਦਿਅਰਥੀਆਂ ਤੇ ਹੋਰਨਾਂ ਪਹੁੰਚੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ।

# ਵਿਧਾਇਕ ਛੀਨਾ ਨੇ ਵਾਰਡ ਨੰ. 27 ਵਿੱਚ ਸੜਕ ਨਿਰਮਾਣ ਦਾ ਨੀਂਹ ਪੱਥਰ ਰੱਖਿਆ



**ਲੁਧਿਆਣਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਦੱਖਣੀ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਨੇ ਸ਼ੇਰਪੁਰ ਖੁਰਦ ਸਥਾਨਕ ਵਾਰਡ ਨੰ. 27. ਇਸ ਤਹਿਤ, ਇਲਾਕੇ ਦੇ ਵਸਨੀਕਾਂ ਨੂੰ ਮੁੱਢਲੀਆਂ ਸਹੂਲਤਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ, ਸ਼ੇਰਪੁਰ ਕਲਾ ਦੀਆਂ ਕਈ ਗਲੀਆਂ ਵਿੱਚ 4 ਇੰਚ ਆਰ.ਐਮ.ਸੀ. ਸੜਕ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ ਗਿਆ। ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਸ ਇਲਾਕੇ ਦੀਆਂ ਸੜਕਾਂ ਦਾ ਧਿਆਨ ਨਹੀਂ ਰੱਖਿਆ ਗਿਆ ਅਤੇ ਇਹ ਸੜਕ ਪਿਛਲੇ 30 ਸਾਲਾਂ ਤੋਂ ਨਹੀਂ ਬਣਾਈ ਗਈ ਸੀ ਅਤੇ ਹੁਣ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਪੂਰੀ ਹੋ ਗਈ ਹੈ। ਵਿਧਾਇਕ ਛੀਨਾ ਨੇ ਕਿਹਾ ਕਿ ਇਨ੍ਹਾਂ ਸੜਕਾਂ ਦੀ ਹਾਲਤ ਬਹੁਤ ਮਾੜੀ ਸੀ, ਪਿਛਲੇ 30 ਸਾਲਾਂ ਤੋਂ ਸੜਕਾਂ ’ਤੇ ਸਿਰਫ਼ ਪੈਚ ਦਾ ਕੰਮ ਹੀ ਕੀਤਾ ਜਾ ਰਿਹਾ ਸੀ ਅਤੇ ਬਰਸਾਤ ਦੇ ਮੌਸਮ ਵਿੱਚ ਲੋਕਾਂ ਦਾ ਇੱਥੋਂ ਲੰਘਣਾ ਮੁਸ਼ਕਲ ਹੋ ਗਿਆ ਸੀ।

ਵਿਧਾਇਕ ਛੀਨਾ ਨੇ ਦੱਸਿਆ ਕਿ ਇੱਕ ਉਦਯੋਗਿਕ ਖੇਤਰ ਹੋਣ ਕਰਕੇ, ਇੱਥੇ ਛੋਟੇ ਅਤੇ ਭਾਰੀ ਵਾਹਨਾਂ ਦੀ ਬਹੁਤ ਜ਼ਿਆਦਾ ਆਵਾਜਾਈ ਹੁੰਦੀ ਹੈ। ਪੈਦਲ ਚੱਲਣ ਵਾਲੇ ਅਕਸਰ ਹਾਦਸਿਆਂ ਦਾ ਸ਼ਿਕਾਰ ਹੁੰਦੇ ਸਨ।

ਇਨ੍ਹਾਂ ਸੜਕਾਂ ਦੇ ਨਿਰਮਾਣ ਨਾਲ ਨਾ ਸਿਰਫ਼ ਆਉਣ-ਜਾਣ ਨੂੰ ਸੌਖਾ ਹੋਵੇਗਾ ਸਗੋਂ ਵਿਕਾਸ ਦਾ ਰਾਹ ਵੀ ਪੱਧਰਾ ਹੋਵੇਗਾ। ਵਿਧਾਇਕ ਸ੍ਰੀਮਤੀ ਰਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਵਿਕਾਸ ਕਾਰਜਾਂ ਲਈ ਗ੍ਰਾਂਟਾਂ ਜਾਰੀ ਕਰ ਰਹੀ ਹੈ ਤਾਂ ਜੋ ਪੰਜਾਬ ਵਿੱਚ ਬੁਨਿਆਦੀ ਸਹੂਲਤਾਂ ਦੀ ਪੂਰਤੀ ਕੀਤੀ ਜਾ ਸਕੇ। ਇਸ ਤਹਿਤ ਇਹ ਸਾਰੇ ਵਿਕਾਸ ਕਾਰਜ ਦੱਖਣੀ ਵਿਧਾਨ ਸਭਾ ਹਲਕੇ ਵਿੱਚ ਕੀਤੇ ਜਾ ਰਹੇ ਹਨ।

# ਬਾਲ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ



**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਧਾਰ ਸਭਾ ਸ੍ਰੀ ਕੇਦਾਰ ਨਾਥ ਜੀ ਰਜਿ: ਵਲੋਂ ਪ੍ਰਾਚੀਨ ਮੰਦਿਰ ਸ੍ਰੀ ਕੇਦਾਰ ਨਾਥ ਵਿਖੇ ਹਸੀਜਾ ਪਰਿਵਾਰ ਵੱਲੋਂ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ 36 ਬੂਟੇ ਲਗਾਏ ਗਏ ਅਤੇ ਮੰਦਿਰ ਵਿੱਚੋਂ ਭੋਗ ਲਗਵਾ ਕੇ ਲੱਡੂਆਂ ਦਾ ਪ੍ਰਸ਼ਾਦ ਵੰਡਿਆ ਗਿਆ। 90 ਬੱਚਿਆ ਨੂੰ ਡਰਾਇੰਗ ਕਾਪੀਆਂ, ਰੰਗ ਦੀਆਂ ਡੱਬੀਆਂ, ਚਾਕਲੇਟਾਂ, ਟਾਫੀਆਂ, ਆਦਿ ਸੁਧਾਰ ਸਭਾ ਦੇ ਮੈਂਬਰਾਂ ਵੱਲੋਂ ਅਤੇ ਖਾਸ ਕਰਕੇ ਮੰਦਿਰ ਦੇ ਪੁਜਾਰੀ ਪੰਡਿਤ ਨਰਿੰਦਰ ਜੀ ਅਤੇ ਪੰਡਿਤ ਅਜੇ ਜੀ ਨੇ ਬੱਚਿਆ ਨੂੰ ਦੱਸਿਆ ਕਿ ਰੋਜਾਨਾ ਮੰਦਿਰ ਆਓ ਅਤੇ ਰੱਬ ਦਾ ਨਾਮ ਲਓ ਇਹ ਆਦਤ ਪਾਉਣ ਲਈ ਬੱਚਿਆਂ ਨੂੰ ਟੋਫੀਆਂ ਅਤੇ ਫੱਲ ਦਾ ਪ੍ਰਸ਼ਾਦ ਦਿੱਤਾ ਜਾਵੇਗਾ। ਇਕਬਾਲ ਸਿੰਘ (ਸ਼ੰਟੀ) ਨੇ ਝੂਲਿਆਂ ਦੀ ਰਿਪੇਅਰ ਕਰਵਾ ਕੇ ਮੰਦਿਰ ਵਿਖੇ ਰੱਖਣ ਦੀ ਸੇਵਾ ਕੀਤੀ ਅਤੇ ਬੱਚਿਆਂ ਨੂੰ ਕਿਹਾ ਕਿ ਰੋਜਾਨਾ ਆਓ ਝੂਲੇ ਲਓ ਅਤੇ ਮੰਦਿਰ ਵਿਖੇ ਮੱਥਾ ਟੇਕੋ ਅਤੇ ਪ੍ਰਸ਼ਾਦ ਰੋਜਾਨਾ ਮਿਲੇਗਾ। ਇਸ ਮੌਕੇ 90 ਬੱਚੇ ਅਤੇ ਉਹਨਾ ਦੇ ਮਾਤਾ ਪਿਤਾ ਵੀ ਬਾਲ ਦਿਵਸ ਮੌਕੇ ਮੌਜੂਦ ਸਨ ਅਤੇ ਉਹਨਾਂ ਵੱਲੋਂ ਵੀ ਸ਼ਲਾਘਾ ਕੀਤੀ ਗਈ। ਇਸ ਮੌਕੇ ਪੰਡਿਤ ਜੀ ਨੇ ਬੱਚਿਆਂ ਨੂੰ ਕਿਹਾ ਕਿ ਬੱਚੇ ਰੱਬ ਦਾ ਰੂਪ ਹਨ, ਬੱਚਿਆਂ ਵਿੱਚ ਰੱਬ ਵਸਦਾ ਹੈ, ਬੱਚੇ ਖੁਸ਼ ਅਤੇ ਰੱਬ ਖੁਸ਼। ਸੁਧਾਰ ਸਭਾ ਦੇ ਵਾਇਸ ਪ੍ਰਧਾਨ ਹਰੀ ਸਿੰਘ ਚੌਹਾਨ, ਖਜਾਨਚੀ ਪੂਰਨ, ਦਾਨ ਕੁਲੈਕਟਰ ਮੁਕੇਸ਼ (ਕਾਲੂ), ਸੁਰਿੰਦਰ ਪਾਠਕ, ਰਾਮ ਲਾਲ ਗੋਇਲ, ਬਲਵਿੰਦਰ, ਗੁਰਪ੍ਰੀਤ ਸਿੰਘ ਡਰਾਇਵਰ, ਅਜੇ ਸੇਵਾਦਾਰ, ਯੋਗੇਸ਼ ਬੋਨੀ, ਰਾਕੇਸ਼ ਦੂਬੇ ਆਦਿ ਮੌਜੂਦ ਸਨ।ਸੁਧਾਰ ਸਭਾ ਦੇ ਸਾਰੇ ਮੈਂਬਰਾਂ ਨੇ ਤਨ—ਮਨ—ਧਨ ਨਾਲ ਸੇਵਾ ਕੀਤੀ ਅਤੇ 17 ਤਾਰੀਖ ਸੋਮਵਾਰ ਨੂੰ ਤਰੋਸਦੀ (ਮਾਸਿਕ ਸ਼ਿਵਰਾਤਰੀ) ਵਾਲੇ ਦਿਨ ਸ਼ਾਮ 5:30 ਤੋਂ 7:00 ਵਜੇ ਤੱਕ ਕੀਰਤਨ ਉਪਰੰਤ ਪ੍ਰਸ਼ਾਦ ਲਗਾ ਕੇ ਅਤੁੱਟ ਭੰਡਾਰਾ ਵਰਤਾਇਆ ਜਾਵੇਗਾ। ਤਰੋਸਦੀ ਦਾ ਤਿਉਹਾਰ ਹਰ ਮਹੀਨੇ ਮਨਾਇਆ ਜਾਂਦਾ ਹੈ ਕ੍ਰਿਪਾ ਕਰਕੇ ਵੱਧ ਤੋਂ ਵੱਧ ਸ਼ਰਧਾਲੂ ਪਹੁੰਚਣ ਅਤੇ ਸ਼ਿਵ ਜੀ ਦਾ ਆਸ਼ਿਰਵਾਦ ਪ੍ਰਾਪਤ ਕਰਨ।

# ਰਕਬਾ ਮਿਲਨ ’ਚ ਵਿਦੇਸ਼ ਵਸਦੇ ਭਰਾਵਾਂ ਦਾ ਪਿੰਡ ਪ੍ਰੇਮ ਝਲਕਿਆ, ਮਿਲਣੀ ਬਣੀ ਯਾਦਗਾਰ

**ਲੁਧਿਆਣਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਤਲੁਜ ਕਲੱਬ ਵਿਖੇ ਹੋਈ ਵਿਸ਼ੇਸ਼ ਡਿਨਰ ਮਿਲਣੀ ਰਕਬਾ ਮਿਲਨ ਦੌਰਾਨ ਅਮਰੀਕਾ ਵਿੱਚ ਬਿਜਨਸ ਕਰ ਰਹੇ ਸਵ. ਮਹਿੰਦਰ ਸਿੰਘ ਲੰਬੜਦਾਰ ਦੇ ਸਪੁੱਤਰ ਦਿਲਜੀਤ ਸਿੰਘ ਦੱਲੀ ਅਤੇ ਉਦੇ ਭਾਨ ਸ਼ਸ਼ੀ ਨੇ ਪਿੰਡ ਦੀ ਮਿੱਟੀ ਪ੍ਰਤੀ ਆਪਣਾ ਡੂੰਘਾ ਪਿਆਰ ਪ੍ਰਗਟਾਇਆ। ਪੁਰਾਣੇ ਹਮਜਮਾਤੀਆਂ ਨਾਲ ਮੁਲਾਕਾਤ, ਪਿੰਡ ਦੀ ਤਰੱਕੀ ਲਈ ਚਿੰਤਾਵਾਂ ਅਤੇ ਬਚਪਨ ਦੀਆਂ ਯਾਦਾਂ ਨੇ ਇਸ ਸਮਾਗਮ ਨੂੰ ਭਾਵੁਕ ਅਤੇ ਆਨੰਦਮਈ ਬਣਾ ਦਿੱਤਾ।

ਰਕਬਾ ਨਿਵਾਸੀ ਕ੍ਰਿਸ਼ਨ ਕੁਮਾਰ ਬਾਵਾ ਨੇ ਇਸ ਮੌਕੇ ਕਿਹਾ ਕਿ ਇਤਫਾਕ, ਪਿਆਰ ਅਤੇ ਸਤਿਕਾਰ ਹੀ ਸਮਾਜ ਨੂੰ ਜੋੜਨ ਦੀ ਅਸਲ ਕੁੰਜੀ ਹਨ। ਉਹਨਾਂ ਨੇ ਮਹਾਨ ਯੋਧੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੀਆਂ ਸਿੱਖਿਆਵਾਂ ਨੂੰ ਯਾਦ ਕਰਦੇ ਹੋਏ ਸਮਾਜਕ ਏਕਤਾ ਦੀ ਮਹੱਤਤਾ ਉਤੇ ਜ਼ੋਰ ਦਿੱਤਾ।

ਮੀਟਿੰਗ ਦੌਰਾਨ ਹਾਲ ਹੀ ਵਿੱਚ ਸਵਰਗਵਾਸ ਹੋਏ ਗਿਆਨੀ ਇੰਦਰਜੀਤ ਸਿੰਘ ਰਕਬਾ ਨੂੰ ਯਾਦ ਕੀਤਾ ਗਿਆ ਅਤੇ ਪਿੰਡ ਤੇ ਸਿੱਖੀ ਪ੍ਰਤੀ ਉਹਨਾਂ ਦੇ ਯੋਗਦਾਨ ਨੂੰ ਸੱਤਿਕਾਰ ਨਾਲ ਯਾਦ ਕੀਤਾ ਗਿਆ। ਮਾਸਟਰ ਗੁਰਚਰਨ ਸਿੰਘ ਨੇ ਉਹਨਾਂ ਦੀ ਵਿਲੱਖਣ ਸੋਚ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਦੀ ਗੱਲ ਵੀ ਸਾਂਝੀ ਕੀਤੀ।

ਦਿਲਜੀਤ ਅਤੇ ਸ਼ਸ਼ੀ ਦੇ ਚਿਹਰਿਆਂ ’ਤੇ ਪਿੰਡ ਦੇ ਮਿੱਤਰਾਂ ਨਾਲ ਬਿਤਾਏ ਇਹ ਪਲ ਅਮਰੀਕਾ ਦੀਆਂ ਸਹੂਲਤਾਂ ਤੋਂ ਵੀ ਵਧਕਰ ਮਹੱਤਵਪੂਰਨ ਨਜ਼ਰ ਆ ਰਹੇ ਸਨ। ਪਿੰਡ ਲਈ ਇਹ ਭਰਾਵਾਂ ਵੱਲੋਂ ਕੀਤੀ ਜਾ ਰਹੀ ਨਿਰੰਤਰ ਸੇਵਾ ਦੀ ਵੀ ਸਮੂਹ ਵੱਲੋਂ ਖੂਬ ਸਰਾਹਨਾ ਕੀਤੀ ਗਈ।

ਇਸ ਪਿਆਰ ਭਰੀ ਮਿਲਣੀ ਨੂੰ ਇੱਕ ਮੰਜੇ ਹੋਏ ਆਯੋਜਕ ਵਜੋਂ ਹਰਿੰਦਰ ਸਿੱਧੂ ਨੇ ਸੰਭਾਲਿਆ। ਜਸਵੀਰ ਸਿੰਘ ਐਡਵੋਕੇਟ ਵੀ ਇਸ ਮੌਕੇ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ, ਜਿਨ੍ਹਾਂ ਨੇ ਆਪਣੇ ਜ਼ਜ਼ਬੇ ਅਤੇ ਮਿਹਨਤ ਨਾਲ ਪਿੰਡ ਵਿੱਚ ਵੱਖਰੀ ਪਹਿਚਾਣ ਬਣਾਈ ਹੈ।

ਰਕਬਾ ਪਿੰਡ ਦੇ ਸਰਪੰਚ ਮਨਮੀਤ ਸਹਿਜਪਾਲ ਦੇ ਪਿਤਾ ਸ੍ਰੀ ਕੁਲਵੰਤ ਰਾਏ ਵਿੱਚ ਵੀ ਵਿਸ਼ੇਸ਼ ਹਾਜ਼ਰੀ ਲਗਾਈ। ਇਸ ਤੋਂ ਇਲਾਵਾ ਪੰਚਾਇਤ ਦੇ ਕਈ ਮੈਂਬਰ ਅਤੇ ਮਾਣਯੋਗ ਹਸਤੀਆਂ ਵੀ ਹਾਜ਼ਰ ਰਹੀਆਂ।

**ਹਾਜ਼ਰੀਨ ਵਿੱਚ ਮੁੱਖ ਤੌਰ ’ਤੇ ਸ਼ਾਮਲ ਸਨ:**

ਹਰਿੰਦਰ ਸਿੰਘ ਪੰਚ, ਹਰਮਿੰਦਰ ਸਿੰਘ ਪ੍ਰਧਾਨ, ਸੁਖਵਿੰਦਰ ਸਿੰਘ, ਪੰਚ ਕੁਲਦੀਪ ਸਿੰਘ, ਹਰਮਿੰਦਰ ਸਿੰਘ ਮਿੰਦੀ, ਅਵਤਾਰ ਸਿੰਘ, ਪੰਚ ਕੁਲਜੀਤ ਸਿੰਘ ਗਰੇਵਾਲ, ਰਾਮ ਸਿੰਘ ਆਦਿ।

ਰਕਬਾ ਮਿਲਨ ਨੇ ਸਮਾਜਿਕ ਇਕਤਾ, ਪਿੰਡ ਪ੍ਰੇਮ ਅਤੇ ਭਰਾਤਰੀਚਾਰੇ ਦਾ ਅਦਭੁੱਤ ਉਦਾਹਰਨ ਪੇਸ਼ ਕੀਤਾ।

# ਪੰਜਾਬੀ ਸੱਭਿਆਚਾਰ

**ਵਿਆਹ ਤੋਂ ਇਕ ਦਿਨ ਪਹਿਲਾਂ ਘਰੋ-ਘਰੀ ਜਾ ਕੇ ਮੰਜੇ-ਬਿਸਤਰੇ ਇਕੱਠੇ ਕਰਨੇ। ਇਕੱਠੇ ਹੋ ਕੇ ਲੱਡੂ ਵੱਟਣੇ ਤੇ ਰਾਤਾਂ ਨੂੰ ਢੋਲਕੀਆਂ ਲੈ ਕੇ ਕੁੜੀਆਂ, ਬੁੜ੍ਹੀਆਂ ਨੇ ਗੀਤ ਗਾਉਣੇ। ਉਨ੍ਹਾਂ ਸਮਿਆਂ 'ਚ ਬਰਾਤਾਂ ਦੋ-ਤਿੰਨ ਜਾਂ ਚਾਰ ਦਿਨ ਰਹਿੰਦੀਆਂ ਸਨ। ਪਿੰਡ ਦੇ ਮੁੰਡਿਆਂ ਨੇ ਹੀ ਉਨ੍ਹਾਂ ਨੂੰ ਖਾਣ-ਪੀਣ ਨੂੰ ਦੇਣਾ ...**

ਸੁਖਮਿੰਦਰ ਬਾਗ਼ੀ



ਭਾਰਤੀ ਸੱਭਿਆਚਾਰ ਬਾਰੇ ਬਹੁਤ ਕੁਝ ਬੋਲਿਆ, ਲਿਖਿਆ ਅਤੇ ਸੁਣਿਆ ਜਾ ਰਿਹਾ ਹੈ। ਇਹ ਸੱਭਿਆਚਾਰ ਬਹੁਤ ਪੁਰਾਣਾ ਅਤੇ ਵਧੀਆ ਹੈ। ਆਪਣੀ 62 ਸਾਲ ਦੀ ਜ਼ਿੰਦਗੀ 'ਚ ਮੈਂ ਅਤੇ ਮੇਰੇ ਹਮ ਉਮਰ ਲੋਕਾਂ ਨੇ ਵੀ ਕਈ ਅਨੁਭਵ ਹੰਢਾਏ ਹੋਣਗੇ ਜੋ ਕਿ ਸੁਖਾਵੇਂ ਵੀ ਹੋ ਸਕਦੇ ਹਨ ਅਤੇ ਦੁਖਾਵੇਂ ਵੀ। ਮਨੁੱਖ ਦੀ ਜ਼ਿੰਦਗੀ ਵਿਚ ਦੋ ਹੀ ਖ਼ਾਸ ਪਲ ਆਉਂਦੇ ਹਨ। ਇਕ ਖ਼ੁਸ਼ੀ ਤੇ ਦੂਜਾ ਗ਼ਮੀਂ। ਪੁਰਾਣੇ ਸੱਭਿਆਚਾਰ ਵਿਚ ਖ਼ੁਸ਼ੀ ਅਤੇ ਗ਼ਮੀਂ ਵਿਚ ਭਾਈਚਾਰਕ ਸਾਂਝ ਵੇਖਣ ਨੂੰ ਆਮ ਹੀ ਮਿਲਦੀ ਸੀ।

## ਭਾਈਚਾਰਕ ਸਾਂਝਾਂ

ਵਿਆਹ ਤੋਂ ਇਕ ਦਿਨ ਪਹਿਲਾਂ ਘਰੋ-ਘਰੀ ਜਾ ਕੇ ਮੰਜੇ ਬਿਸਤਰੇ ਇਕੱਠੇ ਕਰਨੇ। ਇਕੱਠੇ ਹੋ ਕੇ ਲੱਡੂ ਵੱਟਣੇ ਤੇ ਰਾਤਾਂ ਨੂੰ ਢੋਲਕੀਆਂ ਲੈ ਕੇ ਕੁੜੀਆਂ, ਬੁੜੀਆਂ ਨੇ ਇਕੱਠੇ ਹੋ ਕੇ ਗੀਤ ਗਾਉਣੇ। ਉਨ੍ਹਾਂ ਸਮਿਆਂ 'ਚ ਬਰਾਤਾਂ ਦੋ, ਤਿੰਨ ਜਾਂ ਚਾਰ ਦਿਨ ਵੀ ਰਹਿੰਦੀਆਂ ਸਨ। ਪਿੰਡ ਦੇ ਹੀ ਮੁੰਡਿਆਂ ਨੇ ਉਨ੍ਹਾਂ ਨੂੰ ਖ਼ੁਦ ਹੀ ਖਾਣਾ ਪਾਣੀ ਦੇਣਾ 'ਬੈਰ੍ਹਿਆਂ' ਦਾ ਨਾਂ ਨਿਸ਼ਾਨ ਵੀ ਨਹੀਂ ਸੀ ਹੁੰਦਾ। ਨਾ ਕੋਈ ਵਿਖਾਵਾ ਅਤੇ ਨਾ ਕੋਈ ਅਣਚਾਹਿਆ ਖ਼ਰਚ ਹੁੰਦਾ ਸੀ।

ਬਰਾਤ ਦੇ ਆਉਣ ਤੋਂ ਲੈ ਕੇ ਵਾਪਸ ਵਿਦਾ ਹੋਣ ਤਕ ਹਾਸੇ ਠੱਠੇ, ਖ਼ੁਸ਼ੀਆਂ ਖੇੜੇ ਅਤੇ ਅਨੰਦ ਹੀ ਅਨੰਦ ਨਾ ਕੋਈ ਟੈਨਸ਼ਨ ਹੁੰਦੀ ਸੀ ਪਰ ਅੱਜ ਦੇ ਮੌਜੂਦਾ ਸੱਭਿਆਚਾਰ ਵਿਚ ਜਦੋਂ ਦਾ 'ਮੈਰਿਜ਼ ਪੈਲੇਸ ਕਲਚਰ' ਆਇਆ ਹੈ ਖ਼ੁਸ਼ੀਆਂ ਖੇੜੇ ਗਾਇਬ ਹੋ ਗਏ ਹਨ ਅਤੇ ਹਰੇਕ ਦੇ ਚਿਹਰੇ ਨੂੰ ਇਸ 'ਟੈਨਸ਼ਨ' ਨੇ ਮੱਲ ਲਿਆ ਹੈ।

## ਰੂਹ ਦੀ ਖ਼ੁਰਾਕ

ਪਹਿਲਾਂ ਗੀਤ, ਸੰਗੀਤ ਰੂਹ ਨੂੰ ਖ਼ੁਰਾਕ ਦੇਣ ਵਾਲਾ ਸੀ ਪਰ ਮੌਜੂਦਾ ਗੀਤ ਸੰਗੀਤ ਲਚਰਤਾ, ਨਗਨਤਾ ਅਤੇ ਬੰਬ-ਬੰਦੂਕਾਂ ਨਾਲ ਭੈਅ ਭੀਤ ਕਰਨ ਵਾਲਾ ਬਣ ਗਿਆ ਹੈ। ਇਸ ਦੀਆਂ ਮੂੰਹ ਬੋਲਦੀਆਂ ਖ਼ਬਰਾਂ ਅਖ਼ਬਾਰਾਂ 'ਚ ਪੜ੍ਹਨ ਨੂੰ ਆਮ ਹੀ ਮਿਲ ਜਾਂਦੀਆਂ ਹਨ। ਗਮੀਂ ਵਿਚ ਮੌਤ ਦੇ ਸਮੇਂ ਗ਼ਮ ਦਾ ਪ੍ਰਗਟਾਵਾ ਕਰਨਾ, ਰੋਂਦਿਆਂ ਨੂੰ ਗਲੇ ਲਗਾਉਣਾ, ਦਿਲਾਸਾ ਦੇਣ ਲਈ ਸਾਰਾ ਪਿੰਡ ਇਕੱਠਾ ਹੋ ਜਾਂਦਾ ਸੀ। ਜਿਸ ਘਰ ਮੌਤ ਹੋ ਜਾਂਦੀ ਸੀ ਘਰ ਵਾਲਿਆਂ ਦੀ ਰੋਟੀ ਪਾਣੀ ਦਾ ਪ੍ਰਬੰਧ ਗੁਆਂਢੀ ਹੀ ਕਰਦੇ ਸਨ। ਮੁਰਦੇ ਨੂੰ ਸ਼ਮਸ਼ਾਨਘਾਟ ਲਿਜਾਣ ਸਮੇਂ ਸਾਰਿਆਂ ਨੇ ਇਕੱਠੇ ਹੋ ਕੇ ਜਨਾਜ਼ੇ ਨਾਲ ਜਾਣਾ ਅਤੇ ਉੱਥੇ ਪੂਰਾ ਸਮਾਂ ਰਹਿਣਾ ਹਰ ਕੋਈ ਆਪਣਾ ਫ਼ਰਜ਼ ਸਮਝਦਾ ਸੀ। ਪਰ ਜਦੋਂ ਦੀ 'ਮੋਬਾਈਲ ਕ੍ਰਾਂਤੀ' ਆਈ ਹੈ ਉਦੋਂ ਤੋਂ ਇਹ ਸਭ ਕੁਝ ਉਲਟ-ਪੁਲਟ ਹੋ ਗਿਆ ਹੈ।



## ਮਾਂ ਦੀ ਮਮਤਾ

ਪੰਘੂੜੇ ਦਾ ਨਾਂ ਸੁਣਦਿਆਂ ਹੀ ਸਬਾਤ ਵਿਚ ਰੱਖੇ ਰੰਗ ਬਿਰੰਗੀਆਂ ਲੱਕੜੀਆਂ ਦੇ ਪੰਘੂੜੇ ਵਿਚ ਇਕ ਸੁੱਤੇ ਬਾਲ ਦਾ ਖ਼ਿਆਲ ਸਾਡੀਆਂ ਅੱਖਾਂ ਸਾਹਮਣੇ ਆ ਜਾਂਦਾ ਹੈ। ਇਸ ਵਿਚ ਮਾਂ ਦੀ ਮਮਤਾ ਆਮ ਹੀ ਝਲਕਦੀ ਸੀ। ਮਾਂ ਦੇ ਹੱਕ ਵਿਚ ਕੁਲਦੀਪ ਮਾਣਕ ਦਾ ਗੀਤ 'ਮਾਂ ਹੁੰਦੀ ਏ, ਮਾਂ ਓ ਦੁਨੀਆਂ ਵਾਲਿਓ।' ਸ਼ਾਇਦ ਹੀ ਕੋਈ ਅਜਿਹਾ ਹੋਵੇਗਾ ਜਿਸ ਨੇ ਇਹ ਗੀਤ ਨਾ ਗੁਣਗੁਣਾਇਆ ਹੋਵੇ ਪਰ ਆਧੁਨਿਕ ਸੱਭਿਆਚਾਰ ਨੇ ਇਸ ਪੰਘੂੜੇ ਦਾ ਮੂੰਹ ਮੁਹਾਂਦਰਾ ਵਿਗਾੜ ਕੇ ਇਸ ਨੂੰ 'ਪੰਘੂੜਾ ਘਰ' ਬਣਾ ਦਿੱਤਾ ਹੈ। ਮੈਨੂੰ ਤਾਂ ਇਸ ਪੰਘੂੜੇ ਤੋਂ ਨਫ਼ਰਤ ਜਿਹੀ ਹੋ ਗਈ ਹੈ ਜਦੋਂ ਮੈਂ ਸੁਣਦਾ ਹਾਂ ਕਿ ਅੱਜ ਇਕ ਹੋਰ ਬਾਲੜੀ ਅੰਮ੍ਰਿਤਸਰ ਦੇ ਪੰਘੂੜਾ ਘਰ ਵਿਚ ਆ ਗਈ ਹੈ ਤੇ ਮੇਰਾ ਮਨ ਖਿਝ ਨਾਲ ਭਰ ਜਾਂਦਾ ਹੈ।

### ਆਧੁਨਿਕ ਸੱਭਿਆਚਾਰ

ਕਿਸੇ ਘਰ ਮੌਤ ਹੋਣ 'ਤੇ ਫੋਨ ਰਾਹੀਂ ਹੀ ਪੁੱਛ ਲਿਆ ਜਾਂਦਾ ਹੈ ਕਿ ਸ਼ਮਸ਼ਾਨਘਾਟ ਕਦੋਂ ਕੁ ਲਿਜਾਣਾ ਹੈ ਕਈ ਤਾਂ ਸੰਗੀ ਸਾਥੀਆਂ ਤੋਂ ਅਰਥੀ ਦੇ ਸ਼ਮਸ਼ਾਨਘਾਟ ਵਿਚ ਪਹੁੰਚਣ ਤੱਕ ਪਲ ਪਲ ਦੀ ਜਾਣਕਾਰੀ ਲੈ ਕੇ ਸਿੱਧਾ ਹੀ ਸ਼ਮਸ਼ਾਨਘਾਟ ਮੌਕੇ 'ਤੇ ਹੀ ਪੁੱਜਦੇ ਹਨ। ਅੱਜ ਦਾ ਮਨੁੱਖ ਸਮਾਜ ਨਾਲੋਂ ਹੀ ਨਹੀਂ ਸਗੋਂ ਆਪਣੇ ਆਪ ਨਾਲੋਂ ਵੀ ਟੁੱਟ ਕੇ 'ਨੈੱਟ ਕ੍ਰਾਂਤੀ' ਵਿਚ ਫਸਦਾ ਜਾ ਰਿਹਾ ਹੈ। ਬੋਲ ਚਾਲ ਛੱਡ ਕੇ ਗੂੰਗਾ-ਬਹਿਰਾ ਅਤੇ ਅੰਨ੍ਹਾ ਹੋ ਗਿਆ ਹੈ। ਇਨਸਾਨੀਅਤ ਭੁੱਲ ਕੇ ਹਉਮੈਂ ਦੀ ਭੱਠੀ ਵਿਚ ਤਪ ਰਿਹਾ ਹੈ। ਸ਼ਹਿਨਸ਼ੀਲਤਾ ਨੂੰ ਤਿਲਾਂਜਲੀ ਦੇ ਕੇ ਛੋਟੀਆਂ-ਛੋਟੀਆਂ ਗੱਲਾਂ ਤੇ ਹੀ ਇਕ ਦੂਜੇ ਨੂੰ ਮਾਰਨ ਕੁੱਟਣ ਤੋਂ ਵੀ ਅਗਾਂਹ ਕਤਲ ਕਰਨ ਤਕ ਚਲਿਆ ਜਾਂਦਾ ਹੈ। ਇਸੇ ਕਰਕੇ ਮੇਰੀ ਸਮਝ ਅਨੁਸਾਰ ਉਪਰੋਕਤ ਵਿਗਾੜ ਸਾਡੇ ਆਧੁਨਿਕ ਸੱਭਿਆਚਾਰ ਵਿਚ ਦਿਨੋਂ ਦਿਨ ਪੈਰ ਪਸਾਰ ਰਹੇ ਹਨ।

### ਬਿਰਧ ਆਸ਼ਰਮ

ਸਰਕਾਰ ਨੇ ਪਹਿਲੀ ਅਕਤੂਬਰ ਨੂੰ ਬਜ਼ੁਰਗ ਦਿਵਸ ਮਨਾਇਆ ਸੀ। ਅੱਠ ਮਾਰਚ ਨੂੰ ਮਨਾਇਆ ਤਾਂ ਔਰਤ ਦਿਵਸ ਵੀ ਜਾਂਦਾ ਹੈ। ਪਰ ਬਜ਼ੁਰਗਾਂ ਅਤੇ ਔਰਤਾਂ ਦੀ ਦਸ਼ਾ ਸਾਡੇ ਸਭ ਦੇ ਸਾਹਮਣੇ ਹੀ ਹੈ। ਭਾਰਤ ਵਰਗੇ ਦੇਸ਼ ਵਿਚ ਅਨੇਕਾਂ ਦਿਵਸ, ਤਿਉਹਾਰ ਮਨਾਏ ਜਾਂਦੇ ਹਨ। ਇਨ੍ਹਾਂ ਦਿਵਸਾਂ, ਤਿਉਹਾਰਾਂ ਤੋਂ ਅਸੀਂ ਸਿੱਖਿਆ ਬਿਲਕੁਲ ਨਹੀਂ ਲੈਂਦੇ। ਸਰਕਾਰਾਂ ਦਿਵਸ ਮਨਾ ਕੇ ਸਿਰਫ਼ ਗੋਗਲੂਆਂ ਤੋਂ ਮਿੱਟੀ ਹੀ ਝਾੜਦੀਆਂ ਹਨ। ਅਸੀਂ ਸੋਚਦੇ ਕੁਝ ਨਹੀਂ ਅਤੇ ਉਨ੍ਹਾਂ ਸਰਕਾਰਾਂ ਤੋਂ ਆਸ ਕਰਦੇ ਹਾਂ ਜਿਨ੍ਹਾਂ ਦੀ ਸਰਪ੍ਰਸਤੀ ਵਿਚ ਇਹ ਸਭ ਕੁਝ ਚੱਲ ਰਿਹਾ ਹੈ। ਅਸੀਂ ਬੇਸ਼ਰਮੀ ਵਾਲਾ ਵਾਕ 'ਝੋਟੇ ਵਾਲਿਆਂ ਦੇ ਘਰੋਂ ਲੱਸੀ' ਭਾਲਦੇ ਹਾਂ।

## ਅਖੌਤੀ ਭਾਰਤੀ ਸਮਾਜ

ਮੇਰਾ ਇਕ ਸਵਾਲ ਹੈ ਕਿ ਕੀ ਅਜਿਹੇ ਪੰਘੂੜਾ ਘਰ ਨੂੰ ਬੰਦ ਨਹੀਂ ਕੀਤਾ ਜਾ ਸਕਦਾ? ਇਸ ਦੇ ਹੱਕ ਅਤੇ ਵਿਰੋਧ ਵਿਚ ਬਹੁਤ ਕੁਝ ਬੋਲਿਆ ਲਿਖਿਆ ਜਾ ਸਕਦਾ ਹੈ। ਪਰ ਇਸ ਪੰਘੂੜਾ ਘਰ ਬਾਰੇ ਸੱਚ ਨਹੀਂ ਬੋਲਿਆ ਜਾਂਦਾ ਕਿ ਪੰਘੂੜਾ ਘਰ ਹੋਂਦ ਵਿਚ ਕਿਉਂ ਆਏ? ਸਾਡੇ ਭਾਰਤੀ ਸਮਾਜ ਵਿਚ ਇਸ ਦੇ ਸਮਾਜਿਕ ਕਾਰਨ ਹਨ। ਸਾਡਾ ਸਮਾਜ ਅਖੌਤੀ ਜਾਤ-ਪਾਤ, ਧਾਰਮਿਕ ਅਤੇ ਅਖੌਤੀ ਰਸਮਾਂ-ਰਿਵਾਜਾਂ ਦੇ ਚੁੰਗਲ ਵਿਚ ਕੈਦ ਹੋਇਆ ਪਿਆ ਹੈ। ਸ਼ਾਇਦ ਸਮਝਦਾਰ ਸਮਝ ਹੀ ਗਏ ਹੋਣਗੇ ਇਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ ਹੈ। ਇਸ ਪੰਘੂੜਾ ਘਰ ਲਈ ਸਰਕਾਰ, ਸਰਮਾਏਦਾਰ ਤੇ ਆਮ ਲੋਕ ਆਪਣੀਆਂ ਥੋਥੀਆਂ ਦਲੀਲਾਂ ਨਾਲ ਚਾਲੂ ਰੱਖਣ ਵਿਚ ਸਹਿਮਤ ਹੋਣਗੇ। ਪਰ ਮੈਂ ਇਸ ਨੂੰ ਬੰਦ ਕਰਾਉਣ ਲਈ ਸਹਿਮਤ ਹਾਂ ਤੇ ਪੰਘੂੜਾ ਘਰ ਵਿਚ ਬੱਚੇ ਛੱਡਣ ਦੀ ਗੁਪਤ ਤਰੀਕੇ ਨਾਲ ਸਨਾਖ਼ਤ ਕਰ ਕੇ ਉਸ ਮਨੁੱਖ ਨੂੰ ਸਮਾਜ ਦੇ ਸਾਹਮਣੇ ਨੰਗਾ ਕੀਤਾ ਜਾਵੇ ਤੇ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਕਿ ਉਸ ਨੂੰ ਵੇਖ ਕੇ ਹੋਰ ਕੋਈ ਅਜਿਹੀ ਹਰਕਤ ਨਾ ਕਰੇ। ਜੇ ਅਜਿਹਾ ਹੀ ਚੱਲਦਾ ਰਿਹਾ ਤਾਂ ਇਕ ਦਿਨ ਅਜਿਹਾ ਆਵੇਗਾ ਕਿ ਹਰ ਸ਼ਹਿਰ ਦੀ ਗਲੀ ਮੁੱਹਲੇ ਦੇ ਮੋੜ ਤੇ ਇਹ ਪੰਘੂੜਾ ਘਰ ਬਣਾਉਣਾ ਪਵੇਗਾ।

## ਬਜ਼ੁਰਗ ਮਾਤਾ-ਪਿਤਾ

ਪਿਛਲੇ ਦਿਨਾਂ ਵਿਚ ਮੈਨੂੰ ਵ੍ਹਟਸਐਪ 'ਤੇ ਕੁਝ ਵੀਡੀਓਜ਼ ਅਤੇ ਲਿਖਤਾਂ ਆਈਆਂ ਸਨ ਕਿ ਕਿਸ ਤਰ੍ਹਾਂ ਕਰੋੜਾਂ ਅਰਬਾਂ ਰੁਪਏ ਦੇ ਮਾਲਕ ਹੁੰਦਿਆਂ ਵਿਚਾਰੇ ਬਜ਼ੁਰਗ ਮਾਤਾ-ਪਿਤਾ ਕਿਰਾਏ ਦੇ ਮਕਾਨਾਂ ਵਿਚ ਆਪਣੀ ਆਖ਼ਰੀ ਉਮਰ ਦੇ ਦਿਨ ਕਟੀ ਕਰ ਰਹੇ ਹਨ। ਅਜਿਹਾ ਕਿਉਂ ਹੈ? ਮੇਰੀ ਸਮਝ ਅਨੁਸਾਰ ਤਾਂ ਇਹ ਸਾਡੀ ਅੰਨ੍ਹੀ ਮਮਤਾ ਅਤੇ ਲਾਡ ਪਿਆਰ ਦਾ ਹੀ ਨਤੀਜਾ ਹੈ ਜਿਸ ਕਰਕੇ ਸਾਡੇ ਬੱਚੇ ਦਿਨੋ-ਦਿਨ ਵਿਗੜ ਰਹੇ ਹਨ। ਪਹਿਲਾਂ ਚ ਬੱਚੇ ਮਾਂ ਬਾਪ ਤੋਂ ਡਰਦੇ ਸਨ ਪਰ ਆਧੁਨਿਕ ਸੱਭਿਆਚਾਰ ਵਿਚ ਇਸ ਦੇ ਉਲਟ ਮਾਂ-ਬਾਪ ਬੱਚਿਆਂ ਤੋਂ ਡਰਦੇ ਹਨ।

## ਅੰਨ੍ਹੀ ਮਮਤਾ

ਅੰਨ੍ਹੀ ਮਮਤਾ ਕਾਰਨ ਬੱਚਿਆਂ ਦੀ ਹਰੇਕ ਨਜ਼ਾਇਜ਼ ਮੰਗ ਮਾਪੇ ਪੂਰੀ ਕਰਦੇ ਹਨ। ਇਕ ਪੁਰਾਣਾ ਅਖ਼ਾਣ ਸੀ ਕਿ 'ਰੰਬਾ ਤੇ ਮੁੰਡਾ ਚੰਡਿਆਂ ਹੀ ਠੀਕ ਰਹਿੰਦੇ ਹਨ।' ਜਿਨ੍ਹਾਂ ਨੂੰ ਅਸੀਂ ਭੁੱਲ-ਭੁਲਾ ਚੁੱਕੇ ਹਾਂ। ਮੋਬਾਈਲ ਕ੍ਰਾਂਤੀ ਨੇ ਅਜਿਹਾ ਦਾਅ ਮਾਰਿਆ ਹੈ ਕਿ ਪੁਰਾਤਨ ਸੱਭਿਆਚਾਰ ਨੂੰ ਆਧੁਨਿਕ ਸੱਭਿਆਚਾਰ ਨੇ ਆਪਣੇ ਗੋਡਿਆਂ ਹੇਠ ਦਬੋਚ ਲਿਆ ਹੈ। ਜਿਸ ਦਾ ਇਸ ਦੇ ਸ਼ਿਕੰਜੇ ਵਿੱਚੋਂ ਨਿਕਲਣਾ ਮੁਸ਼ਕਿਲ ਹੋ ਗਿਆ ਹੈ। ਸਿਰਫ਼ ਸਾਲ ਕੁ ਦੇ ਬੱਚੇ ਦੇ ਹੱਥ 'ਚ ਮੋਬਾਈਲ ਫੜਾ ਦਿਓ ਤੇ ਉਸ ਤੋਂ ਵਾਪਸ ਲੈ ਕੇ ਵਿਖਾਇਓ। ਕਿਉਂਕਿ ਮਾਂ-ਬਾਪ ਮੋਬਾਈਲ ਵਿਚ ਖ਼ੁਦ ਰੁਝੇ ਹੁੰਦੇ ਹਨ। ਪੁਰਾਣੇ ਸੱਭਿਆਚਾਰ ਵਿਚ ਬਜ਼ੁਰਗ ਘਰ ਦੇ ਇਕ ਦਲਾਨ ਵਿਚ ਬੈਠਾ ਹੁੰਦਾ ਸੀ। ਘਰ ਦੀਆਂ ਔਰਤਾਂ, ਬੱਚੇ ਅਤੇ ਵਿਆਹੇ-ਵਰੇ ਸਭ ਉਸ ਤੋਂ ਡਰਦੇ ਹੰਦੇ ਸਨ। ਔਰਤਾਂ ਸਿਰ ਢੱਕ ਕੇ ਰੱਖਦੀਆਂ ਪਰ ਹੁਣ ਚੁੰਨੀਆਂ, ਪੱਗਾਂ ਤਾਂ ਕਿਤੇ ਦਿਸਦੀਆਂ ਹੀ ਨਹੀਂ। ਪੱਛਮੀ ਸੱਭਿਆਚਾਰ ਨੇ ਸਾਡੇ ਪਹਿਰਾਵੇ ਨੂੰ ਐਨਾ ਕਾਬੂ ਕਰ ਲਿਆ ਹੈ ਕਿ ਸੰਗ-ਸ਼ਰਮ ਤੇ ਡਰ ਰਫ਼ੂ-ਚੱਕਰ ਹੋ ਗਏ ਹਨ। •

94173-94805

# ਤੇਰੇ ਦਰ ਤੇ ਮੇਲਣਾਂ ਆਈਆਂ

ਜਸਪ੍ਰੀਤ ਕੌਰ ਮਾਂਗਟ

ਮੇਰੇ ਤਾਏ ਦੇ ਮੁੰਡੇ ਦਾ ਵਿਆਹ ਸੀ। ਅਸੀਂ ਬੜਾ ਚਾਅ ਕੀਤਾ। ਸਾਰੇ ਕੰਮਾਂ ਨੂੰ ਬੜੀਆਂ ਰੀਝਾਂ ਨਾਲ ਨੇਪਰੇ ਚਾੜ੍ਹਿਆ। ਵਿਆਹ ਤੋਂ ਕਈ ਦਿਨ ਪਹਿਲਾਂ ਰੋਜ਼ ਰਾਤ ਨੂੰ ਢੋਲਕੀ ਵਾਲੀ ਆਉਂਦੀ ਤੇ ਰੌਣਕਾਂ ਲਾ ਦਿੰਦੀ। ਢੋਲਕੀ ਦੇ ਨਾਲ-ਨਾਲ ਗੀਤ ਗਾਉਂਦੀਆਂ। ਵਿਆਹ ਤੋਂ ਕਈ ਦਿਨ ਪਹਿਲਾਂ ਹੀ ਰੌਣਕ-ਮੇਲਾ, ਖਾਣਾ-ਪੀਣਾ, ਚੱਲਿਆ। ਫੇਰ ਆਇਆ ਮੇਲ ਵਾਲਾ ਦਿਨ। ਇਸ ਦਿਨ ਜਿੰਨੇ ਕੰਮ ਹੁੰਦੇ, ਓਨੇ ਵਿਆਹ ਵਾਲੇ ਦਿਨ ਨਹੀਂ ਹੁੰਦੇ। ਢੋਲਕੀ ਵਾਲੀ ਲਾਗਣ ਸਾਰੇ ਸ਼ਰੀਕੇ 'ਚ ਸੱਦਾ ਦੇ ਆਈ। ਵਿਆਹ 'ਤੇ ਆਉਣ ਅਤੇ ਮੰਜੇ-ਬਿਸਤਰਿਆਂ ਦਾ। ਆਂਢ-ਗੁਆਂਢ ਦੀਆਂ ਕੁੜੀਆਂ-ਮੁੰਡੇ 'ਕੱਠੇ ਹੋ ਕੇ ਮੰਜੇ-ਬਿਸਤਰੇ 'ਕੱਠੇ ਕਰਨ ਲੱਗੇ। ਨਾ ਕਿਸੇ ਨਾਲ ਲਾਗ-ਡਾਟ, ਨਾ ਮਨ 'ਚ ਮੈਲ਼। ਦਿਨ ਚੜ੍ਹਣ ਤਕ ਮੇਲ਼ ਦੇ ਆਉਣ ਦਾ ਚਾਅ। ਉਨ੍ਹਾਂ ਦੀ ਘਰ 'ਚ ਉਡੀਕ ਕਰ ਰਹੀਆਂ ਸੀ ਤਾਈ ਅਤੇ ਹੋਰ ਬੀਬੀਆਂ।

ਸਾਡੇ ਗੁਆਂਢ 'ਚ ਇਕ ਬੀਬੀ ਬਹੁਤ ਮਖ਼ੌਲਣ ਸੀ। ਵਿਆਹ ਵਾਲੇ ਮੁੰਡੇ ਨੂੰ ਕਹਿੰਦੀ, 'ਕੱਲ੍ਹ ਨੂੰ ਜੇਬ ਭਰ ਕੇ ਜਾਈਂ ਪੁੱਤ, ਪਹਿਲਾਂ ਸਾਲ਼ੀਆਂ ਨੇ ਨਾਕਾ ਲਾ ਕੇ ਖੜ੍ਹ ਜਾਣਾ। ਫਿਰ ਜੁੱਤੀ ਚੁੱਕ ਲੈਣਗੀਆ ਤਾਂ ਖ਼ਰਚ। ਜਦ ਵਿਆਹ ਕੇ ਘਰ ਆਵੇਗਾ ਤਾਂ ਭੈਣਾਂ ਨੇ ਦਰ ਰੋਕ ਲੈਣਾ, ਖ਼ਰਚਾ ਕਰੇਗਾ ਤਾਂ ਅੰਦਰ ਵੜੇਗਾ। ਵਿਆਹ ਵਾਲਾ ਮੁੰਡਾ ਬੋਲਿਆ, 'ਇਹ ਕਿਹਨੇ ਬਣਾ ਦਿੱਤੇ ਨਵੇਂ ਈ ਕੰਮ। ਥਾਂ-ਥਾਂ ਪੈਸੇ ਵੰਡਦੇ ਫਿਰੋਂ ਤਾਂ ਕਿਤੇ ਜਾ ਕੇ ਵਹੁਟੀ ਨਸੀਬ ਹੁੰਦੀ ਏ।' ਹੋਰਾਂ ਤਾਂ ਸਾਰਿਆਂ ਨੇ ਹੱਸ ਕੇ ਸਾਰ 'ਤਾ, ਭਾਬੀਆਂ ਨੇ ਹੋਰ ਹਾਸੇ-ਮਖ਼ੌਲ ਫੜ ਲਏ। ਬਸ ਫੁੱਲਾਂ ਵਾਂਗੂੰ ਖਿੜਦੇ ਹਾਸੇ ਤੇ ਰੌਣਕਾਂ। ਸਾਰਾ ਗਲੀ-ਗੁਆਂਢ, ਭਾਬੀਆਂ-ਭੈਣਾਂ ਬੂਹੇ ਜਾ ਕੇ ਖੜ੍ਹ ਗਈਆਂ। ਗੀਤ ਗਾਉਣ ਲੱਗੀਆਂ, 'ਬੀਬਾ ਦੇ ਵਧਾਈਆਂ, ਤੇਰੇ ਦਰ 'ਤੇ ਮੇਲਣਾਂ ਆਈਆਂ।' ਨਾਨਕਿਆਂ ਨੇ ਗੀਤਾਂ ਦੀ ਲੜੀ ਬੰਨ੍ਹੀ ਰੱਖੀ। ਤਾਈ ਦੇ ਹੱਥ 'ਚ ਥਾਲ਼ੀ ਸੀ ਤੇ ਥਾਲ਼ੀ 'ਚ ਚੌਲ, ਹਲਦੀ, ਲੱਡੂ ਅਤੇ ਪੈਸੇ ਦੇਖਕੇ ਅਸੀਂ ਭਾਬੀਆਂ ਨੂੰ ਪੁੱਛਿਆ ਕਿ ਨਾਨਕਾ ਮੇਲ਼ ਟਰਾਲੀ 'ਚ ਬੈਠਾ ਗੀਤ ਗਾਈ ਜਾਂਦਾ, ਥੱਲੇ ਕਿਉਂ ਨਹੀਂ ਉਤਰਦਾ।' ਭਾਬੀਆਂ ਨੇ ਦੱਸਿਆ ਕਿ ਨਾਨਕਾ ਮੇਲ਼ ਸਗਨਾਂ ਨਾਲ ਹੀ ਲਿਆਂਦਾ ਜਾਂਦਾ ਹੈ। ਫਿਰ ਅਸੀਂ ਦੇਖਿਆ ਤੇ ਸਿੱਖਿਆ ਵੀ। ਸਾਡੀ ਤਾਈ ਤੇ ਹੋਰਾਂ ਬੀਬੀਆਂ ਨੇ ਸਗਨਾਂ ਨਾਲ ਨਾਨਕਾ ਮੇਲ਼ ਟਰਾਲੀ 'ਚੋਂ ਉਤਾਰਿਆ।

ਨਾਨਕੀਆਂ ਗੀਤ ਗਾਉਂਦੀਆਂ ਘਰ ਅੰਦਰ ਚਲੀਆਂ ਗਈਆਂ। ਢੋਲਕੀ ਵਾਲੀ ਬੀਬੀ ਬੋਲੀ, ' ਹੋ ਜੋ ਨਾਨਕਿਓ ਕਾਇਮ, ਚਾਹ-ਪਾਣੀ ਪੀ ਕੇ। ਰਾਤ ਨੂੰ ਛੱਜ ਕੁੱਟਣਾ ਤੇ ਜਾਗੋਂ ਵੀ ਕੱਢਣੀ ਆ।' ਹਾਸੇ-ਮਜ਼ਾਕ ਜਿਵੇਂ ਫੁੱਲ ਖ਼ੁਸ਼ਬੂ ਬਿਖੇਰਦੇ ਹੋਣ। ਵਿਆਹ ਇਕ ਘਰ 'ਚ ਪਰ ਰੌਣਕਾਂ ਪੂਰੀ ਗਲੀ-ਗੁਆਂਢ 'ਚ। ਵਿਆਹ ਤੋਂ ਪਹਿਲਾ ਵੀ ਕਈ ਦਿਨਾਂ ਦੀ ਰੌਣਕ 'ਤੇ ਬਾਅਦ 'ਚ ਵੀ। ਅੱਜ ਵੀ ਉਹ ਯਾਦਾਂ ਨਹੀਂ ਭੁੱਲਦੀਆਂ। ਉਹ ਗੀਤ ਕੰਨਾਂ ਵਿਚ ਗੂੰਜਦੇ ਹਨ। •

### ਮਖ਼ੌਲਣ ਬੀਬੀ

*ਮਖ਼ੌਲਣ ਬੀਬੀ ਨੇ ਦੱਸਿਆ ਕਿ ਜਿਹੜੇ ਹਾਸੇ-ਮਜ਼ਾਕ ਸਾਡੇ ਵੇਲੇ ਹੁੰਦੇ ਸੀ ਜੇ ਹੁਣ ਹੁੰਦੇ ਤਾਂ ਤੁਸੀਂ ਉੱਥੇ ਖੜ੍ਹਦੇ ਵੀ ਨਾ। ਆਪਣੇ ਬਾਪੂ ਤੋਂ ਪੁੱਛ ਲਾ ਚਾਹੇ। ਸਾਡੇ ਵੀਰਾ ਵੀ ਕਿਹੜਾ ਘੱਟ ਸੀ ਉਹ ਬੋਲਿਆਂ, 'ਚੰਗੇ ਸੀ ਜਿਹੜੇ ਐਨੀ ਕੁੱਤੇ-ਖਾਣੀ ਕਰਵਾਕੇ ਥੋਨੂੰ ਵਿਆਹ ਕੇ ਲੈ ਆਇਆ।' ਵਿਆਹ ਵਾਲਾ ਮੁੰਡਾ ਬੋਲਦਾ ਬਾਹਰ ਗਲ਼ੀ ਵੱਲ ਚਲਾ ਗਿਆ। ਭਾਬੀਆਂ-ਭੈਣਾਂ ਨੇ ਹਾਸੇ ਬਖੇਰ ਕੇ ਰੌਣਕਾਂ ਲਾ ਦਿੱਤੀਆਂ।*



# ਹੌਲੀ-ਹੌਲੀ ਭੇਦ ਖੁੱਲ੍ਹ ਹੀ ਗਿਆ



## ਯਾਦਾਂ ਦੀ ਪਟਾਰੀ

ਸਾਡੇ ਘਰ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਇਲਾਕੇ ਦੇ ਮਸ਼ਹੂਰ ਸੰਤਾਂ ਦਾ ਡੇਰਾ ਸੀ। ਜੋ ਹੁਣ ਤਾਂ ਬਹੁਤ ਵਿਸ਼ਾਲ ਹੋ ਗਿਆ ਏ ਪਰ ਉਸ ਵੇਲੇ ਸਧਾਰਣ ਜਿਹਾ ਸਥਾਨ ਹੋਇਆ ਕਰਦਾ ਸੀ। ਜਿੱਥੇ ਹਰ ਵੇਲੇ ਸੰਗਤਾਂ ਦਾ ਤਾਂਤਾ ਲੱਗਿਆ ਰਹਿੰਦਾ ਸੀ। ਜਿਹੜੀ ਥਾਂ ਧਾਰਮ ਦਾ ਪ੍ਰਤੀਕ ਸਥਾਪਿਤ ਹੋ ਜਾਂਦੀ ਹੈ ਉੱਥੇ ਬਹੁਤ ਭੀੜ-ਭੜੱਕਾ ਹੁੰਦਾ। ਇਸੇ ਤਰ੍ਹਾਂ ਹੀ ਇਸ ਸਥਾਨ ਪ੍ਰਤੀ ਲੋਕਾਂ ਦੀ ਅੰਨੀ ਸ਼ਰਧਾਂ ਸੀ ਜੋ ਅੱਜ ਵੀ ਹੈ। ਸਵੇਰ ਤੋਂ ਸ਼ਾਮ ਤਕ ਲੋਕ ਆਉਂਦੇ ਰਹਿੰਦੇ ਤੇ ਆਪਣੀ ਵਿੱਤ ਅਨੁਸਾਰ ਮਾਇਆ ਭੇਂਟਾ ਕਰਦੇ। ਆਥਣੇ ਤਕ ਇੱਥੇ ਪੈਸਿਆਂ ਦਾ ਢੇਰ ਲੱਗ ਜਾਂਦਾ। ਲੋਕ ਇੱਥੋਂ ਆਪਣੇ ਆਪ ਹੀ ਪੈਸੇ ਖੁੱਲ੍ਹੇ ਕਰਵਾ ਲੈਂਦੇ, ਕੋਈ ਵੀ ਪੁੱਛਣ ਵਾਲਾ ਨਹੀਂ ਸੀ। ਕਈ ਵੇਰਾਂ ਸੋਚਦਾਂ ਇੰਨੀ ਮਾਇਆ ਜਾਂਦੀ ਕਿੱਥੇ ਹੈ ਕਿਉਂਕਿ ਅੰਦਰ ਤਾਂ ਸਭ ਕੁਝ ਸੁੰਨਸਾਨ ਹੈ।

ਇਸ ਸਥਾਨ ਦੀਆਂ ਦੇਹਲੀਆਂ ਮੂਹਰੇ ਹੀ ਇਕ ਢਿੱਡਲ ਜਿਹਾ ਬੰਦਾ ਸਾਫ਼ ਸੁਥਰੀ ਦਰੀ ਵਿਛਾ ਕੇ ਤੇ ਗੋਲ ਤਕੀਏ ਨੂੰ ਢੋਹ ਲਾਈ ਬੈਠਾ ਹੁੰਦਾ ਸੀ ਜਿਹੜਾ ਹਰ ਆਉਣ ਜਾਣ ਵਾਲੇ ਨੂੰ ਧੰਨ ਗੁਰੂ-ਧੰਨ ਗੁਰੂ ਕਹਿੰਦਾ ਰਹਿੰਦਾ। ਲੋਕ ਉਸ ਦੇ ਮੂਹਰੇ ਪਤਾਸਿਆਂ ਦੇ ਲਿਫ਼ਾਫ਼ੇ ਨਾਲ ਮੱਥਾ ਟੇਕਦੇ ਤੇ ਇਨ੍ਹਾਂ ਪਤਾਸਿਆਂ ਨੂੰ ਉਹ ਲੋਕਾਂ ਵਿਚ ਵੰਡੀ ਜਾਂਦਾ। ਉਸ ਦੇ ਗਲ਼ ਵਿਚ ਸੋਨੇ ਦੀ ਮੋਟੀ ਸੰਗਲੀ, ਗੁੱਟ 'ਤੇ ਸੋਨੇ ਦਾ ਮੋਟਾ ਕੜਾ ਅਤੇ ਹਮੇਸ਼ਾ ਉਸ ਨੇ ਚਿੱਟੇ-ਦੁੱਧ ਕੱਪੜੇ ਪਾਏ ਹੋਣੇ। ਉਹ ਸਥਾਨ ਸਾਡੇ ਲਈ ਇਕ ਪਿਕਨਿਕ ਸਪਾਟ ਦੀ ਤਰ੍ਹਾਂ ਹੀ ਸੀ ਪਰ ਮੇਰਾ ਧਿਆਨ ਉਸ ਸਥਾਨ 'ਤੇ ਡਿਗਦੀ ਮਾਇਆ ਵੱਲ ਹਮੇਸ਼ਾ ਟਿਕਿਆ ਰਹਿੰਦਾ ਕਿ ਇੱਥੇ ਚੜ੍ਹਦੇ ਪਤਾਸਿਆਂ ਨੰ ਤਾਂ ਲੋਕਾਂ ਵਿਚ ਵੰਡ ਦਿੱਤਾ ਜਾਂਦਾ ਹੈ ਤੇ ਜਿਸ ਚੀਜ਼ ਦੀ ਲੋਕਾਂ ਨੂੰ ਜ਼ਰੂਰਤ ਹੈ ਉਸ ਦਾ ਇੱਥੇ ਕੀ ਕੰਮ। ਇਹ ਮਾਇਆ ਲੋੜਬੰਦਾਂ ਕੋਲ ਕਿਉਂ ਨਹੀਂ ਜਾਂਦੀ ਤੇ ਉਸ ਵੇਲੇ ਸਭ ਤੋਂ ਵੱਡੇ ਲੋੜਬੰਦ ਅਸੀਂ ਸਾਂ। ਉਦੋਂ ਸਾਡੇ ਪੱਲੇ ਆਨਾ ਵੀ ਨਹੀਂ ਸੀ ਹੁੰਦਾ। ਨਾ ਅਸੀਂ ਘਰੋਂ ਮੰਗਦੇ ਸਾਂ ਤੇ ਨਾ ਹੀ ਘਰ ਵਾਲੇ ਆਪ ਸਾਨੂੰ ਕੋਈ ਪੈਸਾ ਦਿੰਦੇ। ਉਸ ਡੇਰੇ ਦੇ ਮੂਹਰਲੇ ਗੇਟ ਅੱਗੇ ਲੱਡੂਆਂ ਜਲੇਬੀਆਂ ਦੀਆਂ ਦੁਕਾਨਾਂ ਵੇਖਕੇ ਸਾਡੀ ਜੀਭ ਹਮੇਸ਼ਾ ਲਲਚਾਉਂਦੀ ਰਹਿੰਦੀ ਪਰ ਅਸੀਂ ਸਬਰ ਜਿਹਾ ਕਰ ਕੇ ਅੱਗੇ ਨਿਕਲ ਆਉਂਦੇ।

ਇਕ ਦਿਨ ਬੇਸ਼ਰਮ ਜਿਹੇ ਹੋ ਕੇ ਬਾਪੂ ਤੋਂ ਪੈਸੇ ਮੰਗ ਲਏ। ਪਹਿਲਾਂ ਤਾਂ ਉਸ ਨੇ ਸੌ ਗੱਲਾਂ ਸੁਣਾਈਆਂ "ਓਏ ਉੱਥੇ ਖਾਣ ਪੀਣ ਜਾਂਦੇ ਓ ਜਾਂ ਮੱਥਾ ਟੇਕਣ ?"। ਫਿਰ ਰੋ ਪਿਟ ਕੇ ਬਾਪੂ ਨੇ ਮਸਾਂ ਦੱਸ ਪੈਸੇ ਕੱਢੇ ਤੇ ਨਾਲ ਹੀ ਹਦਾਇਤ ਕਰ ਦਿੱਤੀ ਕਿ ਆਥਣੇ ਮੈਨੂੰ ਇਸ ਦਾ ਹਿਸਾਬ ਚਾਹੀਦਾ, ਕਿਤੇ ਗ਼ਲਤ ਨਾ ਖ਼ਰਚ ਦਿਓ। ਵੱਡੇ ਭਰਾ ਨੇ ਫੱਟ ਦੇਣਾ ਬਾਪੂ ਦੀ ਤਲੀ ਤੋਂ ਝਪਟਾ ਮਾਰ ਦਸੀ ਚੁੱਕ ਲਈ ਤੇ ਉਸੇ ਵੇਲੇ ਪਜਾਮੇ ਦੇ ਨੇਫੇ ਵਿਚ ਤੁੰਨ ਲਈ, ਮਤੇ ਸਾਡੀ ਮਿੰਨਤਾਂ-ਤਰਲਿਆਂ ਦੀ ਇਹ ਕਮਾਈ ਮਾਤਾ ਕਿਤੇ ਸਬਜ਼ੀ ਖ਼ਰੀਦਣ ਲਈ ਨਾ ਮੰਗ ਲਵੇ ਜਾਂ ਬਾਹਰ ਆਵਾਰਗੀ ਕਰਦਿਆ ਕਿਤੇ ਡਿੱਗ ਹੀ ਨਾ ਜਾਵੇ।

ਉਸ ਦਿਨ ਅਸੀਂ ਦੋਵੇਂ ਭਰਾ ਸਭ ਤੋਂ ਵੱਡੇ ਅਮੀਰ ਸਾਂ। ਘਰ ਤੋਂ ਡੇਰੇ ਤਕ ਭਰਾ ਨੇ ਨੇਫੇ ਨੂੰ ਹੀ ਹੱਥ ਪਾਈ ਰੱਖਿਆ। ਜੇ ਕਿਤੇ ਉਹ ਹੱਥ ਛੱਡ ਵੀ ਦਿੰਦਾ ਤਾਂ ਮੈਂ ਯਾਦ ਕਰਵਾ ਦਿੰਦਾ। ਡੇਰੇ ਤਕ ਪਹੁੰਚਦਿਆ-ਪਹੁੰਚਦਿਆ ਸਵੇਰੇ ਝੰਬੀਆਂ ਮੱਕੀ ਦੀਆਂ ਰੋਟੀਆਂ ਵੀ ਹਾਜ਼ਮ ਹੋ ਗਈਆ ਸਨ। ਹਣ ਸਿਧੇ ਗੇਟ ਮੂਹਰਲੀਆਂ ਦੁਕਾਨਾਂ 'ਤੇ ਪਹੁੰਚ ਗਏ। ਜਾਂਦੇ ਹੀ ਦਸ ਪੈਸੇ ਹਲਵਾਈ ਮੂਹਰੇ ਰੱਖ ਦਿੱਤੇ। ਅੱਜ ਸਾਡਾ ਦਿਲ ਲੱਡੂ ਜਲੇਬੀਆਂ ਦੇ ਬੁੱਲੇ ਲੁਟਣ ਨੂੰ ਸੀ ਸੋ ਆਡਰ ਦੇ ਕੇ ਅਮੀਰਜ਼ਾਦੇ ਜਿਹੇ ਬਣ ਕੇ ਭੱਠੀ ਮੂਹਰੇ ਲੱਗੇ ਫੱਟਿਆਂ 'ਤੇ ਬਹਿ ਗਏ। ਹਲਵਾਈ ਨੇ ਅਖ਼ਬਾਰ ਦੇ ਵਰਕੇ ਉੱਤੇ ਦੋ ਲੱਡੂ ਤੇ ਦੋ ਜਲੇਬੀਆਂ ਸਜਾ ਦਿੱਤੀਆਂ। ਸਫਾਚੱਟ ਕਰਨ ਨੂੰ ਅਸੀਂ ਵੀ ਦੇਰ ਨਾ ਕੀਤੀ। ਸਾਡੀ ਦਸੀ ਵੀ ਸਫਾ ਚੱਟ ਹੋ ਗਈ ਸੀ ਪਰ ਤ੍ਰਿਸ਼ਨਾ ਹਾਲੇ ਮੁੱਕੀ ਨਹੀਂ ਸੀ।

ਤਲਾਅ ਵਿਚ ਨਹਾ ਕੇ ਧਾਰਮਿਕ ਸਥਾਨ 'ਤੇ ਮੱਥਾ ਟੇਕਣ ਲਈ ਅੰਦਰ ਚਲੇ ਗਏ।

ਅੰਦਰ ਹਮੇਸ਼ਾ ਵਾਂਗ ਭੀੜ ਸੀ। ਲੋਕ ਪੈਸੇ ਸੁੱਟ ਰਹੇ ਸਨ। ਕੁਝ ਲੋਕ ਆਪਣੇ ਆਪ ਹੀ ਪੈਸੇ ਖੁੱਲ੍ਹੇ ਕਰੀ ਜਾ ਰਹੇ ਸਨ। ਪੈਸੇ ਖੁੱਲ੍ਹੇ ਕਰਨ ਦੇ ਬਹਾਨੇ ਨਾਲ ਮੈਂ ਥੱਲੇ ਬੈਠਿਆ ਤੇ ਇਕ ਮੁੱਠ ਵਿਚ ਜਿੰਨੀ ਭਾਨ ਆਈ ਲੈ ਕੇ ਥੋਝੇ ਵਿਚ ਪਾ ਲਈ। ਮੇਰੀ ਇਸ ਹਰਕਤ ਦਾ ਕਿਸੇ ਨੂੰ ਵੀ ਪਤਾ ਨਾ ਲੱਗਿਆ, ਮੇਰੇ ਭਰਾ ਨੂੰ ਵੀ ਨਹੀਂ। ਅਸੀਂ ਚੁੱਪ-ਚੁਪੀਤੇ ਬਾਹਰ ਆ ਗਏ। ਪੇਸ਼ਾਬ ਕਰਨ ਦੇ ਬਹਾਨੇ ਬਾਥਰੂਮ 'ਚ ਜਾ ਕੇ ਪੈਸੇ ਗਿਣੇ, ਪੂਰੇ ਇਕ ਰੁਪਏ ਬੀਹ ਪੈਸੇ ਸਨ।

ਭਰਾ ਦੀ ਬਾਂਹ ਫੜ ਸਥਾਨ ਦੇ ਮੂਹਰਲੇ ਗੇਟ 'ਤੇ ਆ ਗਿਆ। ਹਲਵਾਈ ਪਾਸੋਂ ਰੱਜ ਕੇ ਲੱਡੂ, ਜਲੇਬੀ ਖਾਦੀਆਂ। ਖਾਂਦੇ ਹੋਏ ਭਰਾ ਵਾਰ-ਵਾਰ ਪੈਸਿਆਂ ਦਾ ਪੁੱਛਦਾ ਰਿਹਾ। ਮੈਂ ਇਹੋ ਜਵਾਬ ਦਿੰਦਾ ਕਿ ਤੂੰ ਆਰਾਮ ਨਾਲ ਖਾਹ ਫੇਰ ਦਸਦਾ ਆ। ਗੇਟ ਮੂਹਰੇ ਹੀ ਇਕ ਭਿਖਾਰੀ ਬੈਠਾ ਸੀ ਬੀਹ ਪੈਸੇ ਉਸ ਨੂੰ ਦੇ ਦਿੱਤੇ।

ਆਥਣੇ ਘਰ ਨੂੰ ਮੁੜਦਿਆਂ ਭਰਾ ਨੂੰ ਸੱਚ ਦੱਸ ਦਿੱਤਾ। ਉਸ ਨੇ ਇਹ ਕਹਿੰਦਿਆਂ ਖਿੱਚ ਕੇ ਥੱਪੜ ਜੜ੍ਹ ਦਿੱਤਾ ਕਿ ਧਾਰਮਿਕ ਸਥਾਨ ਤੋਂ ਤੂੰ ਚੋਰੀ ਕੀਤੀ, ਅੰਨ੍ਹਾ ਹੋ ਜਾਏਗਾ। ਤੂੰ ਦਸਵੀਂ ਦੇ ਪੇਪਰ ਦਿੱਤੇ ਨੇ, ਦੇਖ ਲਈ ਫੇਲ੍ਹ ਹੋ ਜਾਏਗਾ। ਮੈਂ ਜਵਾਬ ਦਿੱਤਾ ਐਵੇਂ-ਕਿਵੇਂ ਅੰਨ੍ਹਾ ਹੋ ਜਾਵਾਂਗਾ, ਤੈਨੂੰ ਮਿਠਾਈ ਖਵਾ ਕੇ ਤੇਰੀ ਰੂਹ ਰਾਜ਼ੀ ਕੀਤੀ ਹੈ। ਭਿਖਾਰੀ ਨੂੰ ਬੀਹ ਪੈਸੇ ਦੇ ਕੇ ਖ਼ੁਸ਼ ਕੀਤਾ ਹੈ। ਹੁਣ ਵੀ ਮੇਰੇ ਕੋਲ ਤੀਹ ਪੈਸੇ ਬਾਕੀ ਨੇ। ਮੈਂ ਕਿੰਨਾ ਖ਼ੁਸ਼ ਹਾਂ। ਅੰਨ੍ਹੇ ਤਾਂ ਉਹ ਲੋਕ ਨੇ ਜੋ ਉਸ ਢਿੱਡਲ ਦਾ ਹੋਰ ਢਿੱਡ ਭਰ ਰਹੇ ਹਨ। ਬਾਕੀ ਫੇਲ੍ਹ ਹੋਣ ਦੀ ਗੱਲ, ਪੇਪਰ ਮੈਂ ਦਿੱਤੇ ਨੇ ਮੈਨੂੰ ਪਤਾ ਕੀ ਹੋਣਾ ਏ।

ਇਸ ਗੱਲ ਨੂੰ ਮੁੱਦਤਾਂ ਹੋ ਗਈਆ। ਦਸਵੀਂ ਤੋਂ ਬਾਅਦ ਹੋਰ ਵੀ ਕਈ ਇਮਤਿਹਾਨ ਪਾਸ ਕਰ ਲਏ। ਮੈਂ ਹਾਲੇ ਤਕ ਸੁਜਾਖਾ ਹਾਂ। ਮੌਕਾ ਮਿਲਦਾ ਹੁਣ ਵੀ ਕਿਤੇ-ਕਿਤੇ ਉਸ ਧਾਰਮਿਕ ਸਥਾਨ 'ਤੇ ਗੇੜਾ ਲਾ ਆਉਂਦਾ ਹਾਂ। ਓਥੇ ਲੋਕਾਂ ਦੀ ਅੰਨ੍ਹੀ ਸ਼ਰਧਾ ਪਹਿਲਾਂ ਤੋਂ ਵੀ ਕਿਤੇ ਜ਼ਿਆਦਾ ਹੋ ਗਈ ਹੈ।

• ਪ੍ਰਦੀਪ ਦੌਧਰੀਆ

97800-27943

# ਵਿਦੇਸ਼ ਵਸਣ ਦੀ ਇੱਛਾ

**ਸੁਣ ਕੇ ਹੈਰਾਨੀ ਤੇ ਪਰੇਸ਼ਾਨੀ ਹੁੰਦੀ ਹੈ ਕਿ ਆਈਲੈਟਸ ਦੇ ਬੈਂਡ ਮੁੱਲ ਵੀ ਮਿਲ ਜਾਂਦੇ ਹਨ। ਕਈ ਵਾਰੀ ਕਿਸੇ ਬੱਚੇ ਦੇ ਬੈਂਡ ਘੱਟ ਆਏ ਹੁੰਦੇ ਹਨ ਤਾਂ ਉਸ ਦੇ ਘਰਦਿਆਂ ਵੱਲੋਂ ਪੈਸੇ ਦੇ ਕੇ ਬੈਂਡ ਜ਼ਿਆਦਾ ਲੈਣ ਬਾਰੇ ਵੀ ਮਸ਼ਵਰਾ ਕੀਤਾ ਜਾਂਦਾ ਹੈ...**

ਸੁਖਰਾਜ ਸਿੰਘ ਚਹਿਲ

ਅਜੋਕੇ ਸਮੇਂ ਵਿਚ ਰੰਗਲੇ ਪੰਜਾਬ ਦੇ ਬਹੁਗਿਣਤੀ ਪੰਜਾਬੀਆਂ ਦੀ ਇੱਛਾ ਵਿਦੇਸ਼ਾਂ ਵਿਚ ਜਾ ਕੇ ਰਹਿਣ ਦੀ ਬਣ ਗਈ ਹੈ। ਹਰ ਵਿਅਕਤੀ ਕੋਈ ਨਾ ਕੋਈ ਢੰਗ ਅਪਣਾ, ਘਰ-ਬਾਰ ਛੱਡ ਸੱਤ ਸਮੁੰਦਰੋਂ ਪਾਰ ਆਪਣਾ ਘਰ ਵਸਾ ਕੇ ਚੰਗੀ ਜ਼ਿੰਦਗੀ ਜਿਉਣ ਲਈ ਕਾਹਲਾ ਹੈ। ਇੱਥੇ ਤਾਂ ਬੱਸ ਸਿਰਫ਼ ਉਹੀ ਲੋਕ ਰਹਿਣ ਲਈ ਮਜਬੂਰ ਹਨ, ਜਿਨ੍ਹਾਂ ਦਾ ਵਿਦੇਸ਼ ਜਾਣ ਲਈ ਕੋਈ ਜ਼ਰੀਆ ਨਹੀਂ ਬਣਦਾ।

ਲੱਖਾਂ ਰੁਪਏ ਖ਼ਰਚ ਕੇ ਲੋਕ ਆਪਣਾ ਮੁਲਕ ਛੱਡਣ ਲਈ ਤਿਆਰ ਹਨ ਕਿਉਂਕਿ ਉਹ ਇੱਥੋਂ ਦੇ ਸਿਸਟਮ ਤੋਂ ਪਰੇਸ਼ਾਨ ਹਨ। ਜਿਸ ਕਰਕੇ ਉਹ ਵਿਦੇਸ਼ੀ ਪਰਵਾਸ ਨੂੰ ਹੀ ਆਪਣਾ ਮਿਸ਼ਨ ਸਮਝ ਰਹੇ ਹਨ। ਇਹ ਸਾਡੇ ਦੇਸ਼ ਜਾਂ ਸੂਬੇ ਲਈ ਕੋਈ ਚੰਗੀ ਪ੍ਰਾਪਤ ਦਾ ਸੰਕੇਤ ਨਹੀਂ ਬਲਕਿ ਇਹ ਤਾਂ ਸਾਡੇ ਲਈ ਚਿੰਤਨ ਕਰਨ ਵਾਲੀ ਗੱਲ ਹੈ ਕਿਉਂਕਿ ਜੇਕਰ ਕਿਸੇ ਮੁਲਕ ਵਿਚ ਕਮੀਆਂ ਹੋਣਗੀਆਂ ਤਾਂ ਹੀ ਲੋਕ ਆਪਣਾ ਸਭ ਕੁਝ ਛੱਡ ਕੇ ਬਿਗਾਨੇ ਮੁਲਕ ਜਾ ਕੇ ਸੈਟਲ ਹੋਣ ਲਈ ਉਤਾਵਲੇ ਹੋਣਗੇ। ਲੋਕ ਵਿਦੇਸ਼ ਜਾਣ ਲਈ ਅਲੱਗ-ਅਲੱਗ ਤਰੀਕੇ ਅਪਨਾਉਂਦੇ ਹਨ।

## ਗ਼ੈਰ-ਕਾਨੂੰਨੀ ਢੰਗ

ਪਹਿਲਾਂ ਜ਼ਿਆਦਾਤਰ ਲੋਕਾਂ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ ਜਾਂ ਏਜੰਟਾਂ ਰਾਹੀਂ ਵਿਦੇਸ਼ ਦਾ ਰਾਹ ਅਖ਼ਤਿਆਰ ਕਰਦੇ ਸਨ। ਕੋਈ-ਕੋਈ ਆਪਣੇ ਸਾਕ-ਸਬੰਧੀਆਂ ਰਾਹੀਂ ਜਹਾਜ਼ ਚੜ੍ਹ ਜਾਂਦਾ ਆਦਿ ਜਿਹੀਆਂ ਗੱਲਾਂ ਸੁਣਨ ਨੂੰ ਵੀ ਮਿਲਦੀਆਂ ਸਨ ਪਰ ਜ਼ਿਆਦਾਤਰ ਲੋਕ ਵਿਆਹ ਦਾ ਸਹਾਰਾ ਲੈ ਕੇ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ। ਜਿਸ ਕਾਰਨ ਹੁਣ ਲੜਕੀ ਵਾਲੇ ਕੁਝ ਰੁਪਏ ਲਾ ਕੇ ਆਪਣੀ ਲੜਕੀ ਨੂੰ ਆਈਲੈਟਸ ਕਰਵਾ ਦਿੰਦੇ ਹਨ ਤੇ ਚੰਗੇ ਅੰਕ ਆਉਣ ਉਪਰੰਤ ਉਸ ਦੇ ਵਿਆਹ ਲਈ ਕੋਈ ਲੜਕਾ ਦੇਖਿਆ ਜਾਂਦਾ ਹੈ ਤੇ ਸ਼ਰਤ ਇਹ ਰੱਖੀ ਜਾਂਦੀ ਹੈ ਕਿ ਵਿਆਹ ਅਤੇ ਵਿਦੇਸ਼ ਭੇਜਣ ਤੇ ਉੱਥੋਂ ਦੀ ਪੜ੍ਹਾਈ ਦਾ ਖ਼ਰਚਾ ਸਾਰਾ ਲੜਕੇ ਪਰਿਵਾਰ ਨੂੰ ਕਰਨਾ ਪਵੇਗਾ। ਲੋਕ ਵਿਦੇਸ਼ ਜਾਣ ਦੇ ਚਾਹਵਾਨ ਹੋਣ ਕਾਰਨ ਸਾਰੀਆਂ ਸ਼ਰਤਾਂ ਕਬੂਲ ਕੇ ਵਿਆਹ ਤੋਂ ਲੈ ਕੇ ਵਿਦੇਸ਼ੀ ਪੜ੍ਹਾਈ ਤਕ ਦੇ ਸਾਰੇ ਖ਼ਰਚੇ ਲੜਕੇ ਵਾਲੇ ਕਰਦੇ ਹਨ। ਹੁਣ ਇਹ ਇਕ ਪ੍ਰੰਪਰਾ ਬਣਦੀ ਜਾ ਰਹੀ ਹੈ। ਹੁਣ ਵਿਚੋਲਿਆਂ ਕੋਲ ਆਈਲੈਟਸ ਪਾਸ ਲੜਕੀਆਂ ਦੇ ਰਿਸ਼ਤਿਆਂ ਦੀ ਗਿਣਤੀ ਵਧੇਰੇ ਹੈ। ਅਜਿਹੇ ਰਿਸ਼ਤਿਆਂ 'ਚ ਵਿਚੋਲਿਆਂ ਦੀ ਵੀ ਚਾਂਦੀ ਬਣ ਰਹੀ ਹੈ ਕਿਉਂਕਿ ਉਹ ਰਿਸ਼ਤੇ ਕਰਵਾਉਣ ਦਾ ਮੋਟਾ ਕਮਿਸ਼ਨ ਲੈਂਦੇ ਹਨ। ਕਈ ਲੋਕ ਰਿਸ਼ਤਾ ਕਰਨ ਤੋਂ ਪਹਿਲਾਂ ਇਹ ਗੱਲ ਕਰਦੇ ਹਨ ਕਿ ਜੇਕਰ ਉਹ ਆਪਣੇ ਲੜਕੇ ਜਾਂ ਲੜਕੀ ਨੂੰ ਆਈਲੈਟਸ ਕਰਵਾਉਣ ਤਾਂ ਹੀ ਰਿਸ਼ਤੇ ਦੀ ਗੱਲ ਅੱਗੇ ਤੁਰੇਗੀ।



## ਵਿਦਿਆਰਥੀਆਂ ਦੀ ਗਿਣਤੀ

ਨੌਜਵਾਨਾਂ ਦੀ ਆਈਲੈਟਸ ਕਰਨ ਵੱਲ ਵਧੀ ਦਿਲਚਸਪੀ ਕਾਰਨ ਹੁਣ ਹਰ ਥਾਂ-ਥਾਂ ਉੱਪਰ ਆਈਲੈਟਸ ਕਰਵਾਉਣ ਵਾਲੇ ਕੇਂਦਰਾਂ ਦੀ ਭਰਮਾਰ ਹੈ। ਜਿੱਥੇ ਦੇਖੋ ਆਈਲੈਟਸ ਵਾਲੇ ਸਕੂਲ, ਕਾਲਜ ਨਜ਼ਰੀਂ ਪੈਂਦੇ ਹਨ। ਅਜਿਹਾ ਵੀ ਨਹੀਂ ਕਿ ਕਿਸੇ ਆਈਲੈਟਸ ਕੇਂਦਰ ਵਿਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੋਵੇ ਹਰ ਕੇਂਦਰ ਵਿਚ ਆਈਲੈਟਸ ਕਰਨ ਵਾਲੇ ਵਿਦਿਆਰਥੀਆਂ ਦਾ ਤਾਂਤਾ ਲੱਗਿਆ ਪਿਆ ਹੈ ਕਿਉਂਕਿ ਲੋਕਾਂ ਦਾ ਰੁਝਾਨ ਹੁਣ ਵਿਦੇਸ਼ ਜਾਣ ਵੱਲ ਹੀ ਜ਼ਿਆਦਾ ਹੋ ਗਿਆ ਹੈ। ਬਾਕੀ ਹੁਣ ਆਈਲੈਟਸ ਪਾਸ ਰਿਸ਼ਤਿਆਂ ਦੀ ਮੰਗ ਵਧਣ ਕਾਰਨ ਹਰ ਕੋਈ ਆਈਲੈਟਸ ਕਰਨ ਵੱਲ ਤੁਰਿਆ ਹੋਇਆ ਹੈ।

## ਪਰੇਸ਼ਾਨੀ ਵਾਲੀ ਗੱਲ

ਇਹ ਸੁਣ ਕੇ ਹੈਰਾਨੀ ਤੇ ਪਰੇਸ਼ਾਨੀ ਵੀ ਹੁੰਦੀ ਹੈ ਕਿ ਆਈਲੈਟਸ ਦੇ ਬੈਂਡ ਮੁੱਲ ਵੀ ਮਿਲ ਜਾਂਦੇ ਹਨ। ਕਈ ਵਾਰੀ ਕਿਸੇ ਬੱਚੇ ਦੇ ਆਈਲੈਟਸ ਵਿੱਚੋਂ ਬੈਂਡ ਘੱਟ ਆ ਰਹੇ ਹੁੰਦੇ ਹਨ ਤਾਂ ਉਸ ਦੇ ਘਰਦਿਆਂ ਵੱਲੋਂ ਪੈਸੇ ਦੇ ਕੇ ਬੈਂਡ ਜ਼ਿਆਦਾ ਲੈਣ ਬਾਰੇ ਵੀ ਮਸ਼ਵਰਾ ਕੀਤਾ ਜਾਂਦਾ ਹੈ। ਇਹ ਵਰਤਾਰਾ ਮਿਹਨਤੀ ਬੱਚਿਆਂ ਦੀ ਮਿਹਨਤ ਨੂੰ ਢਾਅ ਲਾਉਣ ਵਾਲਾ ਹੈ। ਇਸ ਰੁਝਾਨ ਨੂੰ ਠੱਲ੍ਹਣ ਦੀ ਸਖ਼ਤ ਲੋੜ ਹੈ।

ਉਪਰੋਕਤ ਦਰਸਾਇਆ ਹਾਲ ਲੋਕਾਂ ਦੀ ਵਿਦੇਸ਼ਾਂ ਪ੍ਰਤੀ ਖਿੱਚ ਇਹ ਸਾਬਤ ਕਰਦੀ ਹੈ ਕਿ ਇੱਥੇ ਹੁਣ ਕੁਝ ਵੀ ਨਹੀਂ ਰਹਿ ਗਿਆ। ਚੰਗੇ ਕਾਰੋਬਾਰੀ, ਚੰਗੀਆਂ ਜ਼ਮੀਨ ਜਾਇਦਾਦਾਂ ਅਤੇ ਸਰਕਾਰੀ ਨੌਕਰੀ ਪੇਸ਼ੇ ਨਾਲ ਸਬੰਧਿਤ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ ਵੱਲ ਧੱਕ ਰਹੇ ਹਨ ਕਿਉਂਕਿ ਇੱਥੋਂ ਦੇ ਸਿਸਟਮ ਤੋਂ ਹਰੇਕ ਇਨਸਾਨ ਪਰੇਸ਼ਾਨ ਹੈ।

## ਸਰਕਾਰਾਂ ਦੀ ਕਾਰਗੁਜ਼ਾਰੀ

ਨੌਜਵਾਨਾਂ ਤੇ ਆਮ ਲੋਕਾਂ ਦਾ ਆਪਣਾ ਮੁਲਕ ਛੱਡ ਵਿਦੇਸ਼ ਜਾਣਾ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆਂ ਚਿੰਨ੍ਹ ਲਗਾਉਂਦਾ ਹੈ ਕਿਉਂਕਿ ਨੌਜਵਾਨਾਂ ਨੂੰ ਚੰਗੀਆਂ ਪੜ੍ਹਾਈਆਂ ਕਰ ਕੇ ਇੱਥੇ ਰੁਜ਼ਗਾਰ ਨਹੀਂ ਮਿਲਦਾ, ਜੇਕਰ ਮਿਲਦਾ ਹੈ ਤਾਂ ਤਨਖ਼ਾਹਾਂ ਨਿਗੂਣੀਆਂ ਮਿਲਦੀਆਂ ਹਨ ਤੇ ਕੰਮ ਵਧੇਰੇ ਲਿਆ ਜਾਂਦਾ ਹੈ। ਜਿਸ ਕਾਰਨ ਲੋਕ ਇਹ ਗੱਲ ਸੋਚਦੇ ਹਨ ਕਿ ਇਕ ਵਾਰ ਪੈਸਿਆਂ ਦਾ ਖ਼ਰਚਾ ਕਰਕੇ ਸਾਰੀ ਜ਼ਿੰਦਗੀ ਸਰੁੱਖਿਅਤ ਹੋ ਜਾਂਦੀ ਹੈ। ਰੁਜ਼ਗਾਰ ਤੋਂ ਇਲਾਵਾ ਇੱਥੇ ਜੇਕਰ ਕੋਈ ਆਪਣਾ ਕੰਮਕਾਰ ਕਰਦਾ ਹੈ ਤਾਂ ਉਸ ਨੂੰ ਅਨੇਕਾਂ ਟੈਕਸਾਂ, ਮਹਿੰਗਾਈ ਆਦਿ ਦੀ ਮਾਰ ਪੈ ਜਾਂਦੀ ਹੈ ਜਿਸ ਕਾਰਨ ਉਸ ਦਾ ਰੁਜ਼ਗਾਰ ਠੱਪ ਹੋ ਜਾਂਦਾ ਹੈ। ਲੋਕ ਟੈਕਸ ਦੇਣ ਨੂੰ ਤਿਆਰ ਹਨ ਪਰ ਉਸ ਦੇ ਮੁਕਾਬਲੇ ਸਹੂਲਤਾਂ ਵੀ ਦਿੱਤੀਆਂ ਜਾਣ। ਬਾਕੀ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਲੋਕਾਂ ਦੀ ਵਿਦੇਸ਼ ਜਾਣ ਦੀ ਗਤੀ ਹੋਰ ਤੇਜ਼ ਹੁੰਦੀ ਹੈ ਜਾਂ ਸਰਕਾਰਾਂ ਅਜਿਹੇ ਬਦਲਵੇਂ ਪ੍ਰਬੰਧ ਕਰਨਗੀਆਂ ਜਿਸ ਨਾਲ ਨੌਜਵਾਨ ਵਰਗ ਮੁੜ ਤੋਂ ਆਪਣੇ ਮੁਲਕ ਵੱਲ ਮੂੰਹ ਕਰੇਗਾ ਤੇ ਦੇਸ਼ ਦੀ ਤਰੱਕੀ 'ਚ ਆਪਣਾ ਯੋਗਦਾਨ ਪਾਵੇਗਾ। •

97810-48055

### ਲੜਕੀ ਨੂੰ ਆਈਲੈਟਸ ਕਰਵਾਉਣਾ

ਅਜਿਹਾ ਵਰਤਾਰਾ ਦੇਖ ਲੋਕ ਆਪਣੀ ਲੜਕੀ ਨੂੰ ਆਈਲੈਟਸ ਕਰਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। 60 ਤੋਂ 70 ਫ਼ੀਸਦੀ ਰਿਸ਼ਤੇ ਵਿਦੇਸ਼ੀ ਪਰਵਾਸ 'ਤੇ ਕੇਂਦਰਿਤ ਹੋ ਗਏ ਹਨ। ਜਿਸ ਕਰਕੇ ਹੁਣ ਇੱਧਰ ਰਹਿੰਦੇ ਲੜਕਿਆਂ-ਲੜਕੀਆਂ ਦੀ ਪੁੱਛਗਿੱਛ ਘੱਟ ਗਈ ਹੈ। ਜਿਹੜੇ ਲੜਕੇ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਹਨ ਜਾਂ ਇਸ ਤੋਂ ਹੇਠਲੀ ਕਤਾਰ ਵਿਚ ਆਉਂਦੇ ਹਨ ਉਨ੍ਹਾਂ ਲਈ ਇਹ ਵਰਤਾਰਾ ਸਾਰਥਿਕ ਨਹੀਂ ਸਿੱਧ ਹੋ ਰਿਹਾ ਹੈ ਕਿਉਂਕਿ ਉਹ ਕਿਸੇ ਨੂੰ ਵਿਦੇਸ਼ ਭੇਜਣ 'ਤੇ ਖ਼ਰਚਾ ਨਹੀਂ ਕਰ ਸਕਦੇ ਤੇ ਇੱਧਰ ਉਨ੍ਹਾਂ ਨੂੰ ਆਮ ਰਿਸ਼ਤਾ ਮਿਲਣ ਵਿਚ ਵੀ ਦਿੱਕਤ ਆਉਂਦੀ ਹੈ ਕਿਉਂਕਿ ਹੁਣ ਲੜਕੀਆਂ ਵਿਦੇਸ਼ ਵੱਲ ਜਾ ਰਹੀਆਂ ਹਨ। ਜਿਸ ਕਾਰਨ ਉਹ ਵਧੇਰੇ ਚਿੰਤਤ ਹਨ। ਜਿੱਥੇ ਲੜਕੀਆਂ ਦੀ ਆਈਲੈਟਸ ਕਰਨ ਵਿਚ ਰੁਚੀ ਵਧੀ ਹੈ ਉੱਥੇ ਹੀ ਜਿਹੜੇ ਲੜਕੇ ਸਰਦੇ-ਪੁਜਦੇ ਹਨ, ਉਹ ਵੀ ਆਈਲੈਟਸ ਕਰ ਕੇ ਵਿਦੇਸ਼ ਜਾਣ ਲਈ ਉਤਾਵਲੇ ਹਨ। ਉਹ ਵੀ ਵਿਦੇਸ਼ ਰਹਿੰਦੀ ਕੁੜੀ ਜਾਂ ਫਿਰ ਇੱਧਰੋਂ ਆਈਲੈਟਸ ਪਾਸ ਦੀ ਤਲਾਸ਼ ਕਰਦੇ ਹਨ।

ਕੌਮੀ ਪੱਤ੍ਰਿਕਾ

# ਪਿੰਡਾਂ ਦੀ ਪ੍ਰਗਤੀ ਦਾ ਮਾਰਗ ਸਹਿਕਾਰਤਾ ਤੋਂ ਹੋ ਕੇ ਲੰਘਦਾ ਹੈ : ਮੁੱਖ ਮੰਤਰੀ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ੁਕਰਵਾਰ ਨੂੰ ਸੋਨੀਪਤ ਵਿੱਚ 72ਵੇਂ ਰਾਜ ਪੱਧਰੀ ਸਹਿਕਾਰਤਾ ਹਫਤਾ ਦੀ ਸ਼ੁਰੂਆਤ ਕੀਤੀ। ਇਸ ਮੌਕੇ 'ਤੇ ਸੰਬੋਧਿਤ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਆਤਮਾ ਪਿੰਡਾਂ ਵਿੱਚ ਵੱਸਦੀ ਹੈ ਅਤੇ ਪਿੰਡਾਂ ਦੀ ਪ੍ਰਗਤੀ ਦਾ ਰਸਤਾ ਸਹਿਕਾਰਤਾ ਤੋਂ ਹੋ ਕੇ ਲੰਘਦਾ ਹੈ। ਇਸ ਸਾਲ ਨੂੰ ਅਸੀਂ ਸਹਿਕਾਰਤਾ ਸਾਲ ਵਜੋ ਮਨਾ ਰਹੇ ਹਨ। ਇਹ ਆਯੋਜਨ ਸਹਿਕਾਰਤਾ ਤੋਂ ਸਮਰਿੱਧੀ ਅਤੇ ਸਮਰਿੱਧੀ ਤੋਂ ਆਤਮਨਿਰਭਤਾ ਦੇ ਸੰਕਲਪ ਨੂੰ ਸਿੱਧ ਕਰਲ ਵਿੱਚ ਅਹਿਮ ਭੂਮਿਕਾ ਨਿਭਾਏਗਾ, ਇਹੀ ਸਾਡਾ ਟੀਚਾ ਹੈ। ਮੁੱਖ ਮੰਤਰੀ ਨੇ ਨੌਜੁਆਨਾਂ ਨੂੰ ਅਪੀਲ ਕੀਤੀ ਕਿ ਉਹ ਪਾਰੰਪਰਿਕ ਸੋਚ ਨਾਲ ਬਾਹਰ ਕੱਢ ਕੇ ਸਹਿਕਾਰੀ ਕਮੇਟੀਆਂ ਬਨਾਉਣ ਅਤੇ ਡਿਜੀਟਲ ਇੰਡੀਆ ਰਾਹੀਂ ਸਹਿਕਾਰੀ ਕਮੇਟੀ ਨੂੰ ਗਲੋਬਲ ਬ੍ਰਾਂਡ ਬਨਾਉਣ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਹਿਕਾਰਤਾ ਦਾ ਝੰਡਾ ਫਹਿਰਾਇਆ ਅਤੇ ਇਸ ਦੇ ਬਾਅਦ ਸਹਿਕਾਰਤਾ ਪ੍ਰਦਰਸ਼ਨੀ ਦਾ ਅਵਲੋਕਨ ਵੀ ਕੀਤਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਨੂੰ ਉਨ੍ਹਾਂ ਲੱਖਾਂ ਲੋਕਾਂ ਨੂੰ ਯਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਆਪਣੀ ਛੋਟੀ-ਛੋਟੀ ਬਚੱਤ ਅਤੇ ਸਮੂਹਿਕ ਸ਼ਕਤੀ ਨਾਲ ਵਿਸ਼ਾਲ ਸਹਿਕਾਰੀ ਅੰਦੋਲਨ ਦਾ ਨਿਰਮਾਣ ਕੀਤਾ। ਅੱਜ ਭਾਰਤ ਦੁਨੀਆ ਦੀ ਚੌਥੀ ਵੱਡੀ ਅਰਥਵਿਵਸਥਾ ਹੈ ਅਤੇ ਸਾਨੂ ਤੀਜੀ ਸੱਭ ਤੋਂ ਵੱਡੀ ਅਰਥਵਿਵਸਥਾ ਬਨਣ ਦੇ ਟੀਚੇ ਦੇ ਵੱਲ ਗਤੀ ਨਾਲ ਅੱਗੇ ਵੱਧ ਰਹੇ ਹਨ। ਇਸ ਟੀਚੇ ਦੀ ਪ੍ਰਾਪਤੀ ਵਿੱਚ ਸਹਿਕਾਰਤਾ ਦੀ ਅਹਿਮ ਭੂਮਿਕਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2014 ਵਿੱਚ ਸਹਿਕਾਰਤਾ ਅੰਦੋਲਨ ਨੂੰ ਮਜਬੂਤੀ ਪ੍ਰਦਾਨ ਕਰਨ ਦਾ ਪ੍ਰਣ ਲਿਆ ਸੀ। ਉਨ੍ਹਾਂ ਨੇ ਇਤਿਹਾਸ ਵਿੱਚ ਪਹਿਲੀ ਵਾਰ ਇੱਕ ਵੱਖ ਸਹਿਕਾਰਤਾ ਮੰਤਰਾਲੇ ਦਾ ਗਠਨ ਕੀਤਾ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਜਨ ਨੂੰ ਅੱਗੇ ਵਧਾਉਂਦੇ ਹੋਏ ਅਸੀਂ ਸਹਿਕਾਰਤਾ ਨੂੰ ਜਨ ਅੰਦੋਲਨ ਬਨਾਉਣ ਦਾ ਸੰਕਲਪ ਕੀਤਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਹਿਕਾਰਤਾ ਦੇ ਖੇਤਰ ਵਿੱਚ ਲਗਾਤਾਰ ਤਰੱਕੀ ਕਰ ਰਿਹਾ ਹੈ। 19 ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ ਪੂਰੇ ਸੂਬੇ ਵਿੱਚ 3 ਲੱਖ ਤੋਂ ਵੱਧ ਕਿਸਾਨਾਂ ਨੂੰ ਰੁਪਏ ਕਿਸਾਨ ਕ੍ਰੇਡਿਟ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ।ਸੂਬੇ ਵਿੱਚ 21 ਪੈਕਸ ਕੇਂਦਰਾਂ ਨੂੰ ਗੋਦਾਮ ਬਨਾਉਣ ਲਈ ਚੁਣਿਆ ਗਿਆ ਹੈ। ਸਮੇਂ 'ਤੇ ਅਦਾਇਗੀ ਕਰਨ ਵਾਲੇ ਪ੍ਰਾਥਮਿਕਤ ਸਹਿਕਾਰੀ ਕਮੇਟੀਆਂ ਦੇ ਮੈਂਬਰਾਂ ਤੋਂ ਫਸਲੀ ਕਰਜੇ 'ਤੇ ਕੋਈ ਵਿਆਜ ਨਹੀਂ ਲਿਆ ਜਾਂਦਾ।

ਇਸ ਯੋਜਨਾ ਨਾਲ ਹੁਣ ਤੱਕ 5 ਲੱਖ 31 ਹਜਾਰ 652 ਕਿਸਾਨਾਂ ਨੂੰ 1 ਹਜਾਰ 223 ਕਰੋੜ ਰੁਪਏ ਦੀ ਵਿਆਜ ਰਾਹਤ ਪ੍ਰਦਾਨ ਕੀਤੀ ਗਈ ਹੈ ਹੈਫੇਡ ਕੇਂਦਰ ਸਰਕਾਰ ਦੀ ਮੇਗਾ ਫੂਡ ਪਾਰਕ ਯੋਜਨਾ ਤਹਿਤ ਰੋਹਤਕ ਵਿੱਚ ਲਗਭਗ 180 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਮੇਗਾ ਫੂਡ ਪਾਰਕ ਸਥਾਪਿਤ ਕਰ ਰਿਹਾ ਹੈ। ਸ਼ੂਗਰ ਫੈਡ ਦੀ 10 ਸਹਿਕਾਰੀ ਖੰਡ ਮਿੱਲ ਵੀ ਲਗਭਗ 93 ਫੀਸਦੀ ਦੀ ਸਮਰੱਥਾ ਨਾਲ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਹਿਕਾਰੀ ਕਮੇਟੀਆਂ ਨੂੰ ਮਜਬੂਤ ਕਰਨ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਸਹਿਕਾਰਤਾ ਖੇਤਰ ਨੂੰ ਆਧੁਨਿਕ ਅਤੇ ਪਾਰਦਰਸ਼ੀ ਤੇ ਮੁਕਾਬਲੇਯੋਗ ਬਨਾਉਣ ਲਈ 710 ਪੈਕਸ ਦਾ ਕੰਪਿਊਟਰੀਕਰਣ ਕੀਤਾਜਾ ਰਿਹਾ ਹੈ। ਹੁਣ ਤੱਕ 475 ਪੈਕਸ ਨੂੰ ਈ-ਪੈਕਸ ਬਣਾਇਆ ਗਿਆ ਹੈ। ਪੈਕਸ ਲਈ ਮਾਡਲ ਬਾਇਲਾਜ ਬਣਾਏ ਗਏ ਹਨ। ਦੁਨੀਆ ਦੀ ਸੱਭ ਤੋਂ ਵੱਡੀ ਅਨਾਜ ਭੰਡਾਰਣ ਯੋਜਨਾ ਸ਼ੁਰੂ ਕੀਤੀ ਗਈ ਹੈ। ਦੇਸ਼ ਦੇ ਹਰ ਬਲਾਕ ਵਿੱਚ ਸਹਿਕਾਰੀ ਕਮੇਟੀਆਂ ਵੱਲੋਂ ਵੱਡੇ-ਵੱਡੇ ਗੋਦਾਮ ਬਣਾਏ ਜਾ ਰਹੇ ਹਨ। ਐਫਪੀਓ ਨੂੰ ਵੀ ਸਹਿਕਾਰੀ ਕਮੇਟੀਆਂ ਦੇ ਨਾਲ ਜੋੜ ਕੇ ਇੱਕ ਨਵੀਂ ਤਾਕਤ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਆਮਜਨ ਨੂੰ ਅਪੀਲ ਕੀਤੀ ਕਿ ਸਾਰੇ ਮਿਲ ਕੇ ਪ੍ਰਣ ਲੈਣ ਕਿ ਸਾਨੂੰ ਸਹਿਕਾਰਤਾ ਦੀ ਭਾਵਨਾ ਨੂੰ ਆਪਣੇ ਜੀਵਨ ਦਾ ਅਭਿੰਨ ਅੰਗ ਬਨਾਉਣਗੇ। ਅਸੀਂ ਮਿਲ ਕੇ ਕੰਮ ਕਰਾਂਗੇ ਅਤੇ ਇੱਕ ਦੂਜੇ ਦਾ ਸਾਥ ਦਵਾਂਗੇ ਅਤੇ ਹਰਿਆਣਾ ਨੂੰ ਦੇਸ਼ ਦਾ ਸੱਭ ਸਮਰਿੱਧ, ਖੁਸ਼ਹਾਲ ਅਤੇ ਸਹਿਕਾਰਤਾ ਉਨਮੁੱਖ ਸੂਬਾ ਬਣਾਵਾਂਗੇ।

ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਕਿਹਾ ਕਿ ਪਿੰਡ, ਸਮਾਜ ਵਿੱਚ ਮਿਲ ਕੇ ਕੰਮ ਕਰਨ ਦੀ ਰਿਵਾਇਤ ਰਹੀ ਹੈ, ਇਹੀ ਸਹਿਕਾਰ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2021 ਵਿੱਚ ਸਹਿਕਾਰਤਾ ਮੰਤਰਾਲੇ ਦਾ ਗਠਨ ਕਰਦੇ ਹੋਏ ਹਰ ਘਰ ਨੂੰ ਸਹਿਕਾਰ ਨਾਲ ਜੋੜਨ ਦਾ ਸੰਕਲਪ ਕੀਤਾ ਸੀ। ਉਨ੍ਹਾਂ ਦੇ ਟੀਚੇ ਨੂੰ ਸਿੱਧੀ ਤੱਕ ਲੈ ਕੇ ਜਾਣ ਲਈ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਨਵੀਂ ਸਹਿਕਾਰਤਾ ਨੀਤੀ ਲਾਗੂ ਕੀਤੀ ਤੇ ਦੇਸ਼ ਦੀ ਪਹਿਲੀ ਸਹਿਕਾਰ ਯੂਨੀਵਰਸਿਟੀ ਦੀ ਨੀਂਹ ਰੱਖੀ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰ ਘਰ ਨੂੰ ਸਹਿਕਾਰ ਨਾਲ ਜੋੜਨ ਲਈ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਪੈਕਸੋਂ ਦੇ ਡਿਜੀਟਲੀਕਰਣ ਨਾਲ ਅੱਜ ਵਿਵਸਥਾ ਵਿੱਚ ਪਾਰਦਰਸ਼ਿਤਾ ਆਈ ਹੈ, ਉਥੇ ਹੀ ਅੱਜ ਪੈਕਸ ਸਿਰਫ ਕਰਜਾ ਦੇਣ ਵਾਲੀ ਸੰਸਥਾ ਵਜੋ ਨਹੀਂ, ਸਗੋ 25 ਵੱਖ-ਵੱਖ ਤਰ੍ਹਾਂ ਦੀ ਪਰਿਯੋਜਨਾਵਾਂ ਵਿੱਚ ਆਤਮਨਿਰਭਰ ਬਨਣ ਦਾ ਮੌਕਾ ਸਾਡੇ ਨੌਜੁਆਨਾਂ, ਕਿਸਾਨਾਂ ਅਤੇ ਮਹਿਲਾਵਾਂ ਨੂੰ ਪ੍ਰਦਾਨ ਕਰ ਰਿਹਾ ਹੈ।

ਇਸ ਦੌਰਾਨ ਸਹਿਕਾਰਤਾ ਵਿਭਾਗ ਦੇ ਏਸੀਐਸ ਵਿਜੇਂਦਰ ਕੁਮਾਰ ਨੇ ਵਿਭਾਗ ਦੀ ਉਪਲਬਧੀਆਂ ਨੂੰ ਮੁੱਖ ਮੰਤਰੀ ਦੇ ਸਾਹਮਣੇ ਰੱਖਿਆ। ਉਨ੍ਹਾਂ ਨੇ ਕਿਹਾ ਕਿ ਸਹਿਕਾਰਤਾ ਇੱਕ ਜਨ ਅੰਦੋਲਨ ਹੈ ਜੋ ਸਾਰਿਆਂ ਦੇ ਜੀਵਨ ਵਿੱਚ ਆਰਥਕ ਖੁਸ਼ਹਾਲੀ ਲਿਆ ਸਕਦਾ ਹੈ। ਅੱਜ ਸਹਿਕਾਰੀ ਕਮੇਟੀਆਂ ਕਰਜਾ, ਦੁੱਧ ਉਤਪਾਦਨ, ਮਾਰਕਟਿੰਗ ਆਦਿ ਦੇ ਅਨੇਕ ਕੰਮ ਕਰ ਰਹੀਆਂ ਹਨ।

ਬਿਹਾਰ ਚੋਣ ਵਿੱਚ ਹੋਈ ਭਾਜਪਾ ਦੀ ਬੰਪਰ ਜਿੱਤ 'ਤੇ ਸਹਿਕਾਰਤਾ ਪ੍ਰੋਗਰਾਮ ਦੌਰਾਨ ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਮੁੱਖ ਮੰਤਰੀ ਨੂੰ ਜਿੱਤ ਦੀ ਵਧਾਈ ਦਿੱਤੀ। ਇਸ ਦੌਰਾਨ ਸਹਿਕਾਰਤਾ ਮੰਤਰੀ ਨੇ ਗੋਹਾਨਾ ਦੀ ਜਲੇਬੀ ਮੰਗਵਾਈ ਅਤੇ ਪ੍ਰੋਗਰਾਮ ਦੇ ਵਿੱਚ ਹੀ ਮੁੱਖ ਮੰਤਰੀ ਤੇ ਹੋਰ ਮਹਿਮਾਨਾ ਨੂੰ ਜਿੱਤ ਦੀ ਖੁਸ਼ੀ ਵਿੱਚ ਗੋਹਾਨਾ ਦੀ ਜਲੇਬੀ ਖਿਲਾਈ।

# ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਦੀ ਜਾਅਲੀ ਆਈਡੀ ਬਣਾ ਕੇ ਧੋਖਾਧੜੀ ਕਰਨ ਦੀ ਕੋਸ਼ਿਸ਼, ਕੇਸ ਦਰਜ

**ਗੁਰਦਾਸਪੁਰ, 15 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਦੀ ਜਾਅਲੀ ਫੇਸਬੁੱਕ ਆਈਡੀ ਬਣਾ ਕੇ ਅਤੇ ਮੈਸੇਜ ਭੇਜ ਕੇ ਲੋਕਾਂ ਨਾਲ ਧੋਖਾਧੜੀ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਹ ਮਾਮਲਾ ਡੀਸੀ ਆਦਿੱਤਿਆ ਉੱਪਲ ਦੇ ਧਿਆਨ ਵਿੱਚ ਆਉਣ 'ਤੇ, ਉਨ੍ਹਾਂ ਨੇ ਪਠਾਨਕੋਟ ਅਤੇ ਗੁਰਦਾਸਪੁਰ ਦੇ ਐਸਐਸਪੀਜ਼ ਨੂੰ ਸ਼ਿਕਾਇਤ ਕੀਤੀ ਅਤੇ ਮਾਮਲਾ ਦਰਜ ਕਰਨ ਦੀ ਸਿਫਾਰਿਸ਼ ਕੀਤੀ ਹੈ।

ਆਦਿੱਤਿਆ ਉੱਪਲ ਗੁਰਦਾਸਪੁਰ ਦੇ ਡੀਸੀ ਹਨ। ਇਸ ਨਕਲੀ ਫੇਸਬੁੱਕ ਆਈਡੀ ਦਾ ਨਾਮ ਆਦਿਤਿਆ ਉੱਪਲ ਆਈਏਐਸ÷ ਹੈ ਅਤੇ ਇਸ ਵਿੱਚ ਡੀਪੀ ਵਜੋਂ ਉਨਾਂ ਦੀ ਫੋਟੋ ਹੈ। ਪੁਲਿਸ ਸ਼ਿਕਾਇਤ ਦੇ ਅਨੁਸਾਰ, ਪਠਾਨਕੋਟ ਪੁਲਿਸ ਨੇ ਫੇਸਬੁੱਕ ਨੂੰ ਸ਼ਿਕਾਇਤ ਭੇਜੀ, ਜਿਸ ਤੋਂ ਬਾਅਦ ਡੀਸੀ ਦੀ ਫੇਸਬੁੱਕ ਆਈਡੀ ਨੂੰ ਬਲਾਕ ਕਰ ਦਿੱਤਾ ਗਿਆ।

ਇਸ ਆਈਡੀ ਤੋਂ ਮੈਸੇਂਜਰ ਰਾਹੀਂ ਕਈ ਲੋਕਾਂ ਨੂੰ ਅੰਗਰੇਜ਼ੀ ਵਿੱਚ ਸੁਨੇਹਾ ਭੇਜਿਆ ਗਿਆ... ਮੇਰਾ ਦੋਸਤ ਸੰਤੋਸ਼ ਕੁਮਾਰ, ਜੋ ਕਿ ਸੀਆਰਪੀਐਫ ਵਿੱਚ ਇੱਕ ਅਧਿਕਾਰੀ ਹੈ, ਤੁਹਾਨੂੰ ਕਾਲ ਕਰੇਗਾ। ਮੈਂ ਤੁਹਾਡਾ ਨੰਬਰ ਉਸਨੂੰ ਭੇਜ ਰਿਹਾ ਹਾਂ। ਉਸਦੀ ਡਿਊਟੀ ਬਦਲ ਦਿੱਤੀ ਗਈ ਹੈ। ਉਹ ਘਰੇਲੂ ਫਰਨੀਚਰ ਅਤੇ ਇਲੈਕਟ੍ਰਾਨਿਕਸ ਦੀਆਂ ਚੀਜ਼ਾਂ ਵੇਚ ਰਿਹਾ ਹੈ। ਸਾਰੀਆਂ ਚੀਜ਼ਾਂ ਵਧੀਆ ਹਨ ਅਤੇ ਕੀਮਤ ਬਹੁਤ ਵਾਜਬ ਹੈ। ਜੇ ਤੁਸੀਂ ਚਾਹੋ ਤਾਂ ਤੁਸੀਂ ਉਨ੍ਹਾਂ ਨੂੰ ਲੈ ਸਕਦੇ ਹੋ ਧੰਨਵਾਦ।

ਸੁਨੇਹੇ ਤੋਂ ਥੋੜ੍ਹੀ ਦੇਰ ਬਾਅਦ, 9784383463 ਨੰਬਰ ਤੋਂ ਇੱਕ ਵਟਸਐਪ ਕਾਲ ਆਈ, ਜਿਸ ਵਿੱਚ ਕਿਹਾ ਗਿਆ, ਆਦਿਤਿਆ ਉੱਪਲ ਸਰ ਨੇ ਮੈਨੂੰ ਤੁਹਾਡਾ ਨੰਬਰ ਦਿੱਤਾ ਹੈ। ਮੇਰਾ ਤਬਾਦਲਾ ਹੋ ਗਿਆ ਹੈ। ਮੇਰੀ ਫਲਾਈਟ ਕੱਲ੍ਹ ਹੈ। ਇੱਥੇ ਸਾਡਾ ਘਰੇਲੂ ਫਰਨੀਚਰ ਅਤੇ ਇਲੈਕਟ੍ਰਾਨਿਕਸ ਹੈ। ਇਨ੍ਹਾਂ ਚੀਜ਼ਾਂ ਦੀ ਕੁੱਲ ਕੀਮਤ 95,000 ਰੁਪਏ ਹੈ। ਇਹ ਸਿਰਫ਼ 4 ਮਹੀਨੇ ਪੁਰਾਣੇ ਹਨ। ਇਹ ਇੱਕ CRPF ਟਰੱਕ ਦੁਆਰਾ ਮੁਫਤ ਡਿਲੀਵਰ ਕੀਤੇ ਜਾਣਗੇ।ਕਿਰਪਾ ਕਰਕੇ ਪੁਸ਼ਟੀ ਕਰੋ।

ਭੇਜੀਆਂ ਗਈਆਂ ਤਸਵੀਰਾਂ ਵਿੱਚ ਕੁਝ ਚੀਜ਼ਾਂ ਦਿਖਾਈਆਂ ਗਈਆਂ, ਜਿਨ੍ਹਾਂ ਵਿੱਚ ਬਿਸਤਰੇ, ਏਅਰ ਕੰਡੀਸ਼ਨਰ, ਫਰਿੱਜ, ਇਨਵਰਟਰ, ਵਾਸ਼ਿੰਗ ਮਸ਼ੀਨਾਂ, ਸੋਫੇ ਅਤੇ ਡਾਇਨਿੰਗ ਟੇਬਲ ਸ਼ਾਮਲ ਹਨ। ਜਦੋਂ ਕੁਝ ਲੋਕਾਂ ਨੇ ਇਨ੍ਹਾਂ ਚੀਜ਼ਾਂ ਨੂੰ ਖਰੀਦਣ ਵਿੱਚ ਦਿਲਚਸਪੀ ਨਹੀਂ ਦਿਖਾਈ, ਤਾਂ ਕਾਲ ਕਰਨ ਵਾਲੇ ਨੇ ਕਿਹਾ ਕਿ ਉਹ ਇਨ੍ਹਾਂ ਨੂੰ 70,000 ਰੁਪਏ ਵਿੱਚ ਖਰੀਦ ਸਕਦੇ ਹਨ, ਕਿਉਂਕਿ ਉਨ੍ਹਾਂ ਦੀ ਕੱਲ੍ਹ ਫਲਾਈਟ ਹੈ। ਇਨ੍ਹਾਂ ਚੀਜ਼ਾਂ ਨੂੰ ਖਰੀਦਣ ਤੋਂ ਪਹਿਲਾਂ, ਕੁਝ ਲੋਕਾਂ ਨੇ ਡਿਪਟੀ ਕਮਿਸ਼ਨਰ ਆਦਿੱਤਿਆ ਉੱਪਲ ਨੂੰ ਫ਼ੋਨ ਕੀਤਾ ਅਤੇ ਪਤਾ ਲੱਗਾ ਕਿ ਇਹ ਧੋਖਾਧੜੀ ਇੱਕ ਜਾਅਲੀ ਫੇਸਬੁੱਕ ਆਈਡੀ ਦੀ ਵਰਤੋਂ ਕਰਕੇ ਕੀਤੀ ਜਾ ਰਹੀ ਹੈ।

ਧੋਖਾਧੜੀ ਕਰਨ ਵਾਲੇ ਸਿਰਫ਼ ਜਾਅਲੀ ਫੇਸਬੁੱਕ ਆਈਡੀ ਦੀ ਵਰਤੋਂ ਕਰਕੇ ਵਟਸਐਪ ਕਾਲਾਂ ਕਰਦੇ ਹਨ। ਉਸ ਨੰਬਰ ਤੇ ਫੋਨ ਕਾਲ ਕਰਨ ਤੇ ਫੋਨ ਨਹੀਂ ਹੁੰਦਾ ।

# ਆਰ.ਐਸ.ਐਸ ਆਗੂ ਦੇ ਪੁੱਤਰ ਨੂੰ ਮਾਰੀਆਂ ਗੋਲੀਆਂ ; ਮੌਤ

**ਫਿਰੋਜ਼ਪੁਰ, 15 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਿਰੋਜ਼ਪੁਰ ਸ਼ਹਿਰ ਵਿੱਚ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਇੱਕ ਸੀਨੀਅਰ ਆਗੂ ਦੇ ਪੁੱਤਰ ਦੀ ਅੱਜ ਸ਼ਾਮ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸੂਤਰਾਂ ਅਨੁਸਾਰ, ਪ੍ਰਮੁੱਖ ਆਰਐਸਐਸ ਵਰਕਰ ਬਲਦੇਵ ਰਾਜ ਅਰੋੜਾ ਦੇ ਪੁੱਤਰ ਨਵੀਨ ਅਰੋੜਾ ਨੂੰ ਸ਼ਾਮ 6 ਵਜੇ ਦੇ ਕਰੀਬ ਸ਼ਹਿਰ ਵਿੱਚ ਬਾਹਰ ਜਾਣ ਸਮੇਂ ਬਾਈਕ ਸਵਾਰ ਹਮਲਾਵਰਾਂ ਨੇ ਕਈ ਗੋਲੀਆਂ ਮਾਰੀਆਂ।

ਹਮਲਾਵਰ ਮੌਕੇ ਤੋਂ ਭੱਜ ਗਏ, ਜਿਸ ਨਾਲ ਨਵੀਨ ਗੰਭੀਰ ਜ਼ਖਮੀ ਹੋ ਗਿਆ। ਉਸਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ ਪਰ ਥੋੜ੍ਹੀ ਦੇਰ ਬਾਅਦ ਹੀ ਉਸਦੀ ਮੌਤ ਹੋ ਗਈ। ਭਾਜਪਾ ਲੀਡਰ ਦੱਸਦੇ ਨੇ ਕਿ, ਬਾਊ ਦੀਨਾਨਾਥ ਨੇ ਐਮਰਜੈਂਸੀ ਦੌਰਾਨ ਜੇਲ੍ਹ ਕੱਟੀ ਸੀ ਅਤੇ ਆਜ਼ਾਦੀ ਤੋਂ ਬਾਅਦ ਆਰਐਸਐਸ ਵਿੱਚ ਸਰਗਰਮ ਸਨ। ਨਵੀਨ ਅਰੋੜਾ ਬਾਊ ਦੀਨਾਨਾਥ ਦੇ ਪੋਤੇ ਹਨ।

# ਤਰਨਤਾਰਨ ਹਾਰ ਮਗਰੋਂ, ਪੰਜਾਬ ਕਾਂਗਰਸ ਪ੍ਰਧਾਨ ਨੇ 'ਪਾਰਟੀ ਵਿੱਚ ਗੁੱਟਬਾਜ਼ੀ' ਦੀਆਂ ਅਟਕਲਾਂ ਨੂੰ ਕੀਤਾ ਖਾਰਜ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਨ੍ਹਾਂ ਅਟਕਲਾਂ ਨੂੰ ਖਾਰਜ ਕਰ ਦਿੱਤਾ ਕਿ ਸੂਬੇ ਵਿੱਚ ਪਾਰਟੀ ਦੀ ਲੀਡਰਸ਼ਿਪ ਵੰਡੀ ਹੋਈ ਹੈ। ਵੜਿੰਗ ਨੇ ਇੱਕ ਬਿਆਨ ਵਿੱਚ ਕਿਹਾ, ਪੰਜਾਬ ਵਿੱਚ ਪਾਰਟੀ ਇੱਕਜੁੱਟ ਹੈ ਅਤੇ ਇਹ ਏਕਤਾ ਤਰਨਤਾਰਨ ਜ਼ਿਮਨੀ ਚੋਣ ਦੌਰਾਨ ਸਭ ਤੋਂ ਵਧੀਆ ਤਰੀਕੇ ਨਾਲ ਪ੍ਰਦਰਸ਼ਿਤ ਹੋਈ ਸੀ। ਇਹ ਬਿਆਨ ਕਾਂਗਰਸ ਨੂੰ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਨਮੋਸ਼ੀ ਭਰੀ ਹਾਰ ਮਿਲਣ ਤੋਂ ਇੱਕ ਦਿਨ ਬਾਅਦ ਆਇਆ ਹੈ। ਤਰਨਤਾਰਨ ਵਿੱਚ ਪਾਰਟੀ ਉਮੀਦਵਾਰ ਦੀ ਜ਼ਮਾਨਤ ਜ਼ਬਤ ਹੋ ਗਈ ਸੀ, ਜਦੋਂ ਕਿ 'ਆਪ' ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਨੇ ਵੱਡੀ ਜਿੱਤ ਹਾਸਲ ਕੀਤੀ ਸੀ।

ਵੜਿੰਗ ਨੇ ਕਿਹਾ ਕਿ ਪਾਰਟੀ ਤਰਨਤਾਰਨ ਵਿੱਚ ਸਾਰੇ ਔਖੇ ਹਾਲਾਤਾਂ ਦਾ ਸਾਹਮਣਾ ਕਰ ਰਹੀ ਸੀ। ਉਨ੍ਹਾਂ ਇਹ ਵੀ ਨੋਟ ਕੀਤਾ ਕਿ ਹਲਕੇ ਦਾ ਮੁੱਖ ਵੋਟਰ ਅਧਾਰ ਪੰਥਕ ਹੈ ਅਤੇ ਕਾਂਗਰਸ ਨੇ ਪਿਛਲੇ ਕਈ ਦਹਾਕਿਆਂ ਵਿੱਚ ਇਹ ਸੀਟ ਸਿਰਫ਼ ਇੱਕ ਵਾਰ ਹੀ ਜਿੱਤੀ ਹੈ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਨੂੰ 'ਵਿਰੋਧੀ' ਪ੍ਰਸ਼ਾਸਨ ਅਤੇ ਪੁਲੀਸ ਦਾ ਸਾਹਮਣਾ ਕਰਨਾ ਪਿਆ, ਜੋ ਬੇਸ਼ਰਮੀ ਨਾਲ ਸੱਤਾਧਾਰੀ ਪਾਰਟੀ ਦੇ ਉਮੀਦਵਾਰ ਦਾ ਪੱਖ ਲੈ ਰਹੇ ਸਨ।

ਉਨ੍ਹਾਂ ਸਵਾਲ ਕੀਤਾ, ਕਿਸੇ ਇੱਕ ਵੀ ਆਗੂ ਦਾ ਨਾਮ ਦੱਸੋ ਜਿਸ ਨੇ ਤਰਨਤਾਰਨ ਵਿੱਚ ਪਾਰਟੀ ਲਈ ਪ੍ਰਚਾਰ ਨਾ ਕੀਤਾ ਹੋਵੇ ਅਤੇ ਦਾਅਵਾ ਕੀਤਾ ਕਿ ਸਾਡੇ ਵਰਕਰਾਂ ਨੇ ਇੱਕਜੁੱਟ ਲੀਡਰਸ਼ਿਪ ਹੇਠ ਬਹਾਦਰੀ ਨਾਲ ਲੜਾਈ ਲੜੀ।

ਵੜਿੰਗ ਨੇ ਕਿਹਾ ਕਿ ਜ਼ਿਮਨੀ ਚੋਣ ਦਾ ਨਤੀਜਾ ਨਾ ਤਾਂ ਸਰਕਾਰ ਲਈ ਅਤੇ ਨਾ ਹੀ ਕਾਂਗਰਸ ਲਈ ਕੋਈ ਹੈਰਾਨੀਜਨਕ ਹੈ ਕਿਉਂਕਿ ਹਰ ਕੋਈ ਜਾਣਦਾ ਹੈ ਕਿ ਆਮ ਆਦਮੀ ਪਾਰਟੀ ਸੂਬੇ ਵਿੱਚ ਜ਼ਿਮਨੀ ਚੋਣਾਂ ਜਿੱਤਣ ਲਈ ਸਰਕਾਰੀ ਤੰਤਰ ਦੀ ਕਿਵੇਂ ਦੁਰਵਰਤੋਂ ਕਰ ਰਹੀ ਹੈ।

# ਹਾਈ ਕੋਰਟ ਦੇ ਨਿਰਦੇਸ਼ਾਂ ਉਤੇ ਮੋਡੀਫਾਈ ਕੀਤੇ ਵਾਹਨਾਂ ਤੇ ਜੁਗਾੜੂ ਰੇਹੜੀਆਂ ਉਤੇ ਹੋਵੇਗੀ ਕਰਵਾਈ



**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਹੜੇ ਲੋਕ ਹਜ਼ਾਰਾਂ ਲੱਖਾਂ ਰੁਪਏ ਖਰਚ ਕੇ ਆਪਣੀਆਂ ਕਾਰਾਂ ਜੀਪਾਂ ਨੂੰ ਮੋਡੀਫਾਈ ਕਰਵਾ ਲੈਂਦੇ ਹਨ ਅਤੇ ਉਹਨਾਂ ਦੇ ਟਾਇਰ ਚੌੜੇ ਕਰਵਾ ਲੈਂਦੇ ਹਨ, ਉਹਨਾਂ ਦੀ ਹੁਣ ਖੈਰ ਨਹੀਂ ਹੈ। ਹਾਈਕੋਰਟ ਦੀ ਹਿਦਾਇਤਾਂ ਤੋਂ ਬਾਅਦ ਟਰੈਫਿਕ ਪੁਲਿਸ ਗੁਰਦਾਸਪੁਰ ਨੇ ਮੋਡੀਫਾਈਡ ਕੀਤੇ ਗਏ ਵਾਹਨਾ ਅਤੇ ਜੁਗਾੜੂ ਰੇਹੜੀਆਂ ਦੇ ਖਿਲਾਫ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸੇ ਕੜੀ ਤਹਿਤ ਅੱਜ ਕਈ ਮੋਡੀਫਾਈਡ ਵਾਹਨਾਂ ਅਤੇ ਜੁਗਾੜੂ ਰੇਹੜੀਆਂ ਦੇ ਮੋਟੇ ਚਲਾਨ ਕੱਟੇ ਗਏ ।

ਟਰੈਫਿਕ ਇਨਚਾਰਜ ਸਤਨਾਮ ਸਿੰਘ ਨੇ ਦੱਸਿਆ ਹੈ ਕਿ ਹਾਈਕੋਰਟ ਵੱਲੋਂ ਅਜਿਹੇ ਹੁਕਮ ਦਿੱਤੇ ਗਏ ਹਨ ਕਿ ਜੁਗਾੜੂ ਰੇੜੀਆਂ ਤੇ ਮੋਡੀਫਾਈ ਕੀਤੀਆਂ ਗੱਡੀਆਂ ਦੇ ਚਲਾਨ ਕੀਤੇ ਜਾਣ ਇਸ ਲਈ ਜਿਨ੍ਹਾਂ ਨੇ ਆਪਣੀਆਂ ਜੀਪਾਂ ਕਾਰਾਂ ਮੋਡੀਫਾਈ ਕਰਾਈਆਂ ਹਨ ਅਤੇ ਉਹਨਾਂ ਦੇ ਟਾਇਰ ਚੌੜੇ ਕਰਾਏ ਹਨ, ਜਾਂ ਫਿਰ ਜਿਹੜੇ ਬਿਨਾਂ ਨੰਬਰ ਅਤੇ ਰਜਿਸਟਰੇਸ਼ਨ ਤੋਂ ਜੁਗਾੜੂ ਰੇਹੜੀਆ ਲਈ ਫਿਰਦੇ ਹਨ ਉਹਨਾਂ ਨੂੰ ਹਿਦਾਇਤ ਕੀਤੀ ਜਾਂਦੀ ਕਿ ਆਪਣੀਆਂ ਗੱਡੀਆਂ ਨੂੰ ਘਰਾਂ ਦੇ ਅੰਦਰ ਬੰਦ ਰੱਖਣ ਜੇ ਕੋਈ ਅਜਿਹੀ ਗੱਡੀ ਜਾਂ ਰੇਹੜੀ ਸੜਕ ਤੇ ਨਜ਼ਰ ਆ ਗਈ ਤਾਂ ਉਸਦਾ ਮੋਟਾ ਚਲਾਨ ਕੱਟਿਆ ਜਾਵੇਗਾ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਸੰਧਵਾਂ ਨੇ ਪ੍ਰਸਿੱਧ ਚਿੱਤਰਕਾਰ ਗੋਬਿੰਦਰ ਸੋਹਲ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ

**ਪਟਿਆਲਾ, 18 ਨਵੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਪ੍ਰਾਪਤ ਚਿੱਤਰਕਾਰ ਗੋਬਿੰਦਰ ਸੋਹਲ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ, ਜਿਨ੍ਹਾਂ ਦਾ ਬੀਤੇ ਦਿਨੀ 68 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ। ਸਪੀਕਰ ਸੰਧਵਾਂ ਨੇ ਸੋਗ ਵਿੱਚ ਡੁੱਬੇ ਪਰਿਵਾਰ ਦੇ ਨਿਵਾਸ ਸਥਾਨ 'ਤੇ ਜਾ ਕੇ ਸੋਹਲ ਦੀ ਪਤਨੀ ਸ਼੍ਰੀਮਤੀ ਸੀਮਾ ਸੋਹਲ, ਪੁੱਤਰ ਅੰਗਦ ਸੋਹਲ, ਧੀ ਸੀਰਤ ਸੋਹਲ ਅਤੇ ਹੋਰ ਰਿਸ਼ਤੇਦਾਰਾਂ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਨੇ ਇੱਕ ਸ਼ਾਨਦਾਰ ਕਲਾਤਮਕ ਪ੍ਰਤਿਭਾ ਗੁਆ ਦਿੱਤੀ ਹੈ, ਜਿਸਦਾ ਕਲਾ ਦੀ ਦੁਨੀਆ ਵਿੱਚ ਯੋਗਦਾਨ ਹਮੇਸ਼ਾ ਯਾਦ ਰੱਖਿਆ ਜਾਵੇਗਾ। ਉਨ੍ਹਾਂ ਵਿਛੜੀ ਆਤਮਾ ਦੀ ਸਦੀਵੀ ਸ਼ਾਂਤੀ ਅਤੇ ਪਰਿਵਾਰ ਨੂੰ ਇਹ ਅਸਹਿ ਦੁੱਖ ਸਹਿਣ ਦਾ ਬਲ ਬਖਸ਼ਣ ਲਈ ਅਰਦਾਸ ਕੀਤੀ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਗੋਬਿੰਦਰ ਸੋਹਲ ਦੀ ਕਲਾਤਮਕ ਯਾਤਰਾ ਨੇ ਪੰਜਾਬ ਲਈ ਬਹੁਤ ਮਾਣ ਵਧਾਇਆ ਹੈ ਅਤੇ ਕਲਾਕਾਰਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕੀਤਾ ਹੈ। ਉਨ੍ਹਾਂ ਦਾ ਬੇਵਕਤ ਚਲਾਣਾ ਕਲਾ ਦੀ ਦੁਨੀਆ ਲਈ ਇੱਕ ਨਾ ਪੂਰਾ ਹੋਣ ਵਾਲਾ ਘਾਟਾ ਹੈ।

ਸਪੀਕਰ ਸੰਧਵਾਂ ਨੇ ਦੱਸਿਆ ਕਿ ਲਲਿਤ ਕਲਾ ਦੇ ਖੇਤਰ ਵਿੱਚ ਇੱਕ ਪ੍ਰਸਿੱਧ ਨਾਮ, ਗੋਬਿੰਦਰ ਸੋਹਲ ਨੇ ਨਾਰਵੇ ਦੀ ਓਸਲੋ ਯੂਨੀਵਰਸਿਟੀ ਤੋਂ ਲਲਿਤ ਕਲਾ ਵਿੱਚ ਆਪਣੀ ਡਿਗਰੀ ਪੂਰੀ ਕੀਤੀ। ਉਨ੍ਹਾਂ ਕਿਹਾ ਕਿ ਸੋਹਲ ਨਾਲ ਉਨ੍ਹਾਂ ਦੀ ਨਿੱਜੀ ਸਾਂਝ ਰਹੀ ਹੈ ਅਤੇ ਇਸ ਚਿੱਤਰਕਾਰ ਨੇ ਆਪਣੇ ਪੂਰੇ ਕਰੀਅਰ ਦੌਰਾਨ ਬਹੁਤ ਸਤਿਕਾਰ ਅਤੇ ਮਾਨਤਾ ਪ੍ਰਾਪਤ ਕੀਤੀ, ਜਿਸ ਵਿੱਚ ਪੰਜਾਬ ਰਾਜ ਪੁਰਸਕਾਰ, ਫਖਰ-ਏ-ਕੌਮ, ਰਾਸ਼ਟਰੀ ਪੁਰਸਕਾਰ (ਗੋਆ), ਅੰਤਰਰਾਸ਼ਟਰੀ ਪੁਰਸਕਾਰ (ਨਾਰਵੇ), ਪਟਿਆਲਾ ਰਤਨ, ਪੰਜਾਬ ਰਤਨ, ਕਲਾ ਰਤਨ, ਅਤੇ ਲਾਈਫਟਾਈਮ ਅਚੀਵਮੈਂਟ ਅਵਾਰਡ ਸਮੇਤ ਕਈ ਵੱਕਾਰੀ ਸਨਮਾਨ ਪ੍ਰਾਪਤ ਕੀਤੇ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਗੋਬਿੰਦਰ ਸੋਹਲ ਦੀਆਂ ਸ਼ਾਹਕਾਰ ਪੇਂਟਿੰਗਾਂ, ਭਗਤ ਸਿੰਘ ਵਲੋਂ ਬ੍ਰਿਟਿਸ਼ ਅਫਸਰ ਦੀ ਉਡੀਕ, ਮਾਤਾ ਗੁਜਰੀ ਜੀ ਛੋਟੇ ਸਾਹਿਬਜ਼ਾਦਿਆਂ ਨਾਲ, ਭਾਈ ਘਨਈਆ, ਮਿਲਖਾ ਸਿੰਘ, ਮੇਜਰ ਧਿਆਨ ਚੰਦ, ਦੁਰਗਾ ਮਾਤਾ, ਅਤੇ ਹੋਰ ਬਹੁਤ, ਨੇ ਕਲਾ ਪ੍ਰੇਮੀਆਂ 'ਤੇ ਇੱਕ ਅਮਿੱਟ ਛਾਪ ਛੱਡੀ ਹੈ।

ਜਿਕਰਯੋਗ ਹੈ ਕਿ ਗੋਬਿੰਦਰ ਸੋਹਲ ਦੀ ਕਲਾਤਮਕ ਵਿਰਾਸਤ ਪੰਜਾਬ ਤੋਂ ਵੀ ਬਾਹਰ ਬਹੁਤ ਦੂਰ ਤੱਕ ਫੈਲੀ ਹੋਈ ਹੈ। ਉਸ ਦੀਆਂ ਰਚਨਾਵਾਂ ਸਭਰਾਵਾਂ, ਖਡੂਰ ਸਾਹਿਬ, ਗਵਾਲੀਅਰ, ਨਾਨਕ ਦਰਬਾਰ (ਨਾਰਵੇ), ਓਨਟਾਰੀਓ ਖਾਲਸਾ ਦਰਬਾਰ (ਕੈਨੇਡਾ), ਦੇ ਨਾਲ-ਨਾਲ ਜਰਮਨੀ ਅਤੇ ਆਸਟ੍ਰੇਲੀਆ ਦੇ ਅਜਾਇਬ ਘਰਾਂ ਸਮੇਤ ਪ੍ਰਮੁੱਖ ਅਜਾਇਬ ਘਰਾਂ ਨੂੰ ਸਜਾ ਰਹੀਆਂ ਹਨ।

ਉਸ ਦੀਆਂ ਪੇਂਟਿੰਗਾਂ ਨਿੱਜੀ ਸੰਗ੍ਰਹਿ ਅਤੇ ਦੁਨੀਆ ਭਰ ਦੇ ਪ੍ਰਸ਼ੰਸਕਾਂ ਦੇ ਡਰਾਇੰਗ ਰੂਮਾਂ ਵਿੱਚ ਵੀ ਪ੍ਰਦਰਸ਼ਿਤ ਹਨ। ਉਸ ਦੇ ਕੰਮ ਦੀ ਇੱਕ ਵਿਲੱਖਣ ਵਿਸ਼ੇਸ਼ਤਾ ਨਾਰਵੇ ਦੇ ਰਾਜੇ ਦਾ ਚਿੱਤਰ ਹੈ ਜਿਸਨੂੰ ਇੱਕ ਪੰਜਾਬੀ ਰਾਜੇ ਵਜੋਂ ਦਰਸਾਇਆ ਗਿਆ ਹੈ, ਜੋ ਕਿ ਰਾਜੇ ਦੇ ਨਿੱਜੀ ਅਜਾਇਬ ਘਰ ਨੂੰ ਸ਼ਿੰਗਾਰ ਰਹੀ ਹੈ।ਅੱਜ ਪਿੰਡ ਬਾਰਨ ਦੇ ਗੁਰਦੁਆਰਾ ਸ਼ਹੀਦ ਬਾਬਾ ਜੈ ਸਿੰਘ ਖਲਕੱਟ ਵਿਖੇ ਗੋਬਿੰਦਰ ਸੋਹਲ ਨਮਿਤ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਅਤੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸਾਬਕਾ ਡੀਪੀਆਰਓ ਉਜਾਗਰ ਸਿੰਘ ਸਮੇਤ ਪੀਏ ਮਨਿੰਦਰ ਸਿੰਘ ਤੇ ਹੋਰ ਪਤਵੰਤੇ ਹਾਜ਼ਰ ਸਨ।

# ਲੋਕਾਂ ਦੀ ਸਿਹਤ ਦੇ ਮੱਦੇਨਜ਼ਰ ਮੇਅਰ ਕੁੰਦਨ ਗੋਗੀਆ ਵੱਲੋਂ ਫੋਗਿੰਗ ਮਸ਼ੀਨਾਂ ਦੀ ਅਚਨਚੇਤ ਚੈਕਿੰਗ



**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕਾਂ ਦੀ ਸਿਹਤ ਨੂੰ ਧਿਆਨ ਵਿੱਚ ਰੱਖਦੇ ਹੋਏ, ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਅੱਜ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਫੋਗਿੰਗ ਮਸ਼ੀਨ ਟੀਮਾਂ ਦੀ ਅਚਨਚੇਤ ਇੰਸਪੈਕਸ਼ਨ ਕੀਤੀ। ਇਸ ਮੌਕੇ ਮੇਰ ਕੁੰਦਨ ਗੋਗੀਆ ਨੇ ਵਿਸ਼ੇਸ਼ ਤੌਰ ਤੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਾਲ ਹੀ ਬਿਮਾਰੀਆਂ ਦੇ ਵਧਦੇ ਖਤਰੇ ਨੂੰ ਵੇਖਦਿਆਂ ਮਿਊਂਸਪਲ ਕਾਰਪੋਰੇਸ਼ਨ ਨੇ ਫਾਗਿੰਗ ਮੁਹਿੰਮ ਨੂੰ ਤੇਜ਼ ਕੀਤਾ ਹੈ, ਤਾਂ ਜੋ ਡੇਂਗੂ ਤੇ ਮਲੇਰੀਆ ਵਰਗੀਆਂ ਬਿਮਾਰੀਆਂ ਤੋਂ ਨਾਗਰਿਕਾਂ ਨੂੰ ਬਚਾਇਆ ਜਾ ਸਕੇ। ਇਸ ਮੌਕੇ ਉਨ੍ਹਾਂ ਨਾਲ ਰਿਸ਼ਵ ਇੰਸਪੈਕਟਰ ਨਗਰ ਨਿਗਮ, ਜਗਤਾਰ ਸਿੰਘ ਇੰਸਪੈਕਟਰ ਨਗਰ ਨਿਗਮ, ਇੰਦਰਜੀਤ ਸਿੰਘ ਇੰਸਪੈਕਟਰ ਨਗਰ ਨਿਗਮ, ਲੱਕੀ ਲਹਿਲ, ਮਸ਼ੀਨ ਆਪਰੇਟਰ ਅਤੇ ਹੋਰ ਨਿਗਮ ਕਰਮਚਾਰੀ ਮੌਕੇ ਤੇ ਮੌਜੂਦ ਸਨ।

ਇੰਸਪੈਕਸ਼ਨ ਦੌਰਾਨ ਮੇਅਰ ਗੋਗੀਆ ਨੇ ਫਾਗਿੰਗ ਮਸ਼ੀਨਾਂ ਦੀ ਕਾਰਗੁਜ਼ਾਰੀ, ਵਰਤੇ ਜਾ ਰਹੇ ਕੇਮੀਕਲ ਦੀ ਗੁਣਵੱਤਾ ਅਤੇ ਟੀਮਾਂ ਦੀ ਤਿਆਰੀ ਨੂੰ ਧਿਆਨ ਨਾਲ ਵੇਖਿਆ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿੱਥੇ ਵੀ ਪਾਣੀ ਇਕੱਠਾ ਹੋਣ ਦੀ ਸੰਭਾਵਨਾ ਹੋਵੇ, ਉੱਥੇ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਗੰਦਾ ਜਾਂ ਖੜ੍ਹਾ ਪਾਣੀ ਮੱਛਰਾ ਦੇ ਵਧਣ ਦਾ ਮੁੱਖ ਕਾਰਨ ਹੈ, ਅਤੇ ਜੇ ਇਸ 'ਤੇ ਸਮੇਂ ਸਿਰ ਨਿਯੰਤਰਣ ਕਰ ਲਿਆ ਜਾਵੇ ਤਾਂ ਬਿਮਾਰੀਆਂ ਦੇ ਫੈਲਾਅ ਨੂੰ ਕਾਫ਼ੀ ਹੱਦ ਤੱਕ ਰੋਕਿਆ ਜਾ ਸਕਦਾ ਹੈ। ਮੇਅਰ ਨੇ ਇਹ ਵੀ ਕਿਹਾ ਕਿ ਪਟਿਆਲਾ ਮਿਊਂਸਪਲ ਕਾਰਪੋਰੇਸ਼ਨ ਨਾਗਰਿਕਾਂ ਦੀ ਸਿਹਤ ਤੇ ਸੁਰੱਖਿਆ ਨੂੰ ਸਭ ਤੋਂ ਉੱਪਰ ਰੱਖਦੀ ਹੈ ਅਤੇ ਇਸ ਮੁਹਿੰਮ ਵਿੱਚ ਕੋਈ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਸ਼ਹਿਰ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅਤੇ ਆਲੇ-ਦੁਆਲੇ ਸਾਫ਼-ਸਫਾਈ ਬਣਾਈ ਰੱਖਣ, ਪਾਣੀ ਇਕੱਠਾ ਨਾ ਹੋਣ ਦੇਣ ਅਤੇ ਮੱਛਰ ਰੋਧਕ ਉਪਕਰਣ ਵਰਤਣ ਦੀ ਪਹਿਲ ਕਰਨ।

ਸ਼ਹਿਰ ਨਿਵਾਸੀਆਂ ਨੇ ਮੇਅਰ ਦੇ ਇਸ ਕਦਮ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਨਾਲ ਬਿਮਾਰੀਆਂ ਤੋਂ ਬਚਾਅ ਲਈ ਯਤਨਾਂ ਨੂੰ ਹੋਰ ਮਜ਼ਬੂਤੀ ਮਿਲੇਗੀ। ਮੇਅਰ ਕੁੰਦਨ ਗੋਗੀਆ ਨੇ ਯਕੀਨ ਦਵਾਇਆ ਹੈ ਕਿ ਫਾਗਿੰਗ ਮੁਹਿੰਮ ਆਉਣ ਵਾਲੇ ਦਿਨਾਂ ਵਿੱਚ ਹੋਰ ਤੇਜ਼ੀ ਨਾਲ ਜਾਰੀ ਰਹੇਗੀ।

# ਬੁੱਲੇਵਾਲ ਦਾ 10ਵਾਂ ਸਲਾਨਾ ਛਿੰਝ ਮੇਲਾ ਅੱਜ

**ਮਾਛੀਵਾੜਾ ਸਾਹਿਬ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਨਜ਼ਦੀਕੀ ਪਿੰਡ ਬੁੱਲੇਵਾਲ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਮੇਟੀ ਵੱਲੋਂ ਪਿੰਡ ਵਾਸੀ, ਐਨ.ਆਰ.ਆਈ. ਵੀਰਾਂ ਅਤੇ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਸਲਾਨਾ ਦਸਵਾਂ ਛਿੰਝ ਮੇਲਾ ਅੱਜ ਕਰਵਾਇਆ ਜਾ ਰਿਹਾ ਹੈ। ਉੱਘੇ ਖੇਡ ਪ੍ਰਮੋਟਰ ਪ੍ਰਧਾਨ ਹਰਵਿੰਦਰ ਸਿੰਘ ਬੁੱਲੇਵਾਲ ਅਤੇ ਸਰਪੰਚ ਮਨਪ੍ਰੀਤ ਸਿੰਘ ਮੰਨਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਲਾਨਾ ਦੰਗਲ ਮੇਲਾ ਅੱਜ ਕਰਵਾਇਆ ਜਾ ਰਿਹਾ ਜਿਸ ਵਿੱਚ , ਪਿੰਡ ਵਾਸੀ ,ਨਗਰ ਪੰਚਾਇਤ, ਐਨ.ਆਰ.ਆਈ. ਵੀਰਾਂ ਅਤੇ ਇਲਾਕਾ ਨਿਵਾਸੀਆਂ ਦਾ ਵੱਡਾ ਸਹਿਯੋਗ ਹੈ।

ਉਹਨਾਂ ਦੱਸਿਆ ਕਿ ਇਸ ਕੁਸ਼ਤੀ ਦੰਗਲ ਮੇਲੇ ਵਿੱਚ ਪਿਓਰ ਸੱਦਾ ਪੱਤਰ ਵਾਲੇ ਪਹਿਲਵਾਨਾਂ ਦੀਆਂ ਕੁਸ਼ਤੀਆਂ ਹੀ ਕਰਵਾਈਆਂ ਜਾਣਗੀਆਂ। ਬਿਨ੍ਹਾਂ ਬੁਲਾਏ ਕਿਸੇ ਵੀ ਪਹਿਲਵਾਨ ਦੀ ਕੁਸ਼ਤੀ ਨਹੀਂ ਹੋਵੇਗੀ। ਕੁਸ਼ਤੀਆਂ ਦੁਪਹਿਰ ਠੀਕ 2 ਵਜੇ ਸ਼ੁਰੂ ਹੋ ਜਾਣਗੀਆਂ ਅਤੇ ਝੰਡੀ ਵਾਲੀ ਵੱਡੀ ਕੁਸ਼ਤੀ ਕਰੀਬ ਪੰਜ ਵਜੇ ਸ਼ੁਰੂ ਕਰਵਾ ਦਿੱਤੀ ਜਾਵੇਗੀ। ਇਸ ਦੰਗਲ ਮੇਲੇ ਵਿੱਚ ਪਹਿਲਵਾਨ ਤਾਲਿਬ ਬਾਬਾ ਫਲਹੀ, ਨਿਸ਼ਾਤ ਲਾਡਪੁਰ, ਸ਼ੁਭਮ ਰਈਏਵਾਲ , ਛੋਟਾ ਗੌਰਵ ਮਾਛੀਵਾੜਾ, ਪ੍ਰਿੰਸ ਬਾਬਾ ਫਲਾਹੀ, ਅਰਸ਼ ਬਾਬਾ ਫਲਾਹੀ,ਸ਼ਹਿਬਾਜ਼ ਆਲਮਗੀਰ, ਯੁਵਰਾਜ ਦਮਰੌੜ ਸਮੇਤ ਉਚ ਕੋਟੀ ਦੇ ਪਹਿਲਵਾਨ ਆਪਣੀਆਂ ਕੁਸ਼ਤੀਆਂ ਦੇ ਜੌਹਰ ਦਿਖਾਉਣਗੇ।

ਇਸ ਦੰਗਲ ਮੇਲੇ ਦਾ ਸਿੱਧਾ ਪ੍ਰਸਾਰਣ ਪ੍ਰਸਿੱਧ ਚੈਨਲ ਪਿਓਰ ਪੰਜਾਬੀ ਤੇ ਕਰਵਾਇਆ ਜਾਵੇਗਾ। ਪਹਿਲਵਾਨਾਂ ਨੂੰ ਨਗਦੀ ਦੇ ਰੂਪ ਵਿੱਚ ਵੱਡੇ ਇਨਾਮਾਂ ਨਾਲ ਨਿਵਾਜਿਆ ਜਾਵੇਗਾ।ਦੰਗਲ ਮੇਲੇ ਦੀ ਕਮੈਂਟਰੀ ਹੀਰਾ ਖੇੜੀ ਕਰਨਗੇ।ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ ਅਤੇ ਪ੍ਰਬੰਧਕ ਕਮੇਟੀ ਵੱਲੋਂ ਖੇਡ ਪ੍ਰੇਮੀ, ਦਰਸ਼ਕ ਵੀਰਾਂ ਨੂੰ ਇਸ ਦੰਗਲ ਮੇਲੇ ਵਿੱਚ ਪੁੱਜਣ ਲਈ ਹਾਰਦਿਕ ਸੱਦਾ।

# ਨਾਭਾ 'ਚ ਵਾਪਰਿਆ ਭਿਆਨਕ ਹਾਦਸਾ, ਦੋ ਕਾਰਾਂ ਦੀ ਟੱਕਰ 'ਚ ਪਤੀ-ਪਤਨੀ ਸਮੇਤ 3 ਦੀ ਮੌਤ



**ਨਾਭਾ, 15 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਰੋਹਟੀ ਨੇੜੇ ਦੋ ਕਾਰਾਂ ਦੀ ਆਪਸ ਵਿਚ ਟੱਕਰ ਹੋ ਗਈ ਹੈ। ਇਸ ਹਾਦਸੇ ਵਿਚ ਇਕ ਔਰਤ ਸਮੇਤ ਤਿੰਨ ਦੀ ਮੌਤ ਹੋ ਗਈ ਹੈ। ਮਿਲੀ ਜਾਣਕਾਰੀ ਮੁਤਾਬਕ ਇੱਕ ਕਾਰ ਨਾਭਾ ਤੋਂ ਪਟਿਆਲਾ ਅਤੇ ਦੂਜੀ ਪਟਿਆਲਾ ਤੋਂ ਨਾਭਾ ਵੱਲ ਜਾ ਰਹੀ ਸੀ ਜੋ ਆਪਸ ਵਿਚ ਟਕਰਾ ਗਈਆਂ। ਇਸ ਹਾਦਸੇ ਵਿਚ ਨਾਭਾ ਵਾਸੀ ਪ੍ਰਵੀਨ ਗੋਗੀ ਅਤੇ ਉਸਦੀ ਪਤਨੀ ਨੇਹਾ ਮਿੱਤਲ ਅਤੇ ਦੂਸਰੀ ਕਾਰ 'ਚ ਸਵਾਰ ਪਟਿਆਲਾ ਵਾਸੀ ਅਮਨਜੋਤ ਸਿੰਘ ਦੀ ਮੌਤ ਹੋ ਗਈ ਹੈ।

# ਵੀਰ ਹਕੀਕਤ ਰਾਏ ਸਕੂਲ ਵਿਖੇ ਕਰਵਾਈ 'ਭਾਰਤ ਕੋ ਜਾਨੋ' ਪ੍ਰਤੀਯੋਗਿਤਾ



**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਭਾਰਤ ਕੋ ਜਾਨੋ ਪ੍ਰਤੀਯੋਗਿਤਾ ਕਰਵਾਈ ਗਈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਕੂਲ ਦੇ ਵਿਦਿਆਰਥੀਆਂ ਨੇ ਭਾਰਤ ਕੋ ਜਾਨੋ ਪ੍ਰਤਿਯੋਗਿਤਾ ਵਿੱਚ ਵੱਧ ਚੜ ਕੇ ਭਾਗ ਲਿਆ।ਇਹ ਪ੍ਰਤਿਯੋਗਿਤਾ ਵਿਦਿਆਰਥੀਆਂ ਨੂੰ ਦੋ ਵਰਗਾਂ ਵਿੱਚ ਵੰਡ ਕੇ ਕਰਵਾਈ ਗਈ। ਪਹਿਲਾ ਜੂਨੀਅਰ ਵਰਗ ਜਿਸ ਵਿੱਚ ਛੇਵੀਂ ਤੋਂ ਅੱਠਵੀਂ ਦੇ 40 ਵਿਦਿਆਰਥੀਆਂ ਤੇ ਦੂਜਾ ਸੀਨੀਅਰ ਵਰਗ ਜਿਸ ਵਿੱਚ ਨੌਵੀਂ ਤੋਂ ਬਾਰਵੀਂ ਦੇ 60 ਵਿਦਿਆਰਥੀਆਂ ਨੇ ਭਾਗ ਲਿਆ।

ਇਹ ਪ੍ਰਤੀਯੋਗਿਤਾ ਭਾਰਤ ਵਿਕਾਸ ਪ੍ਰੀਸ਼ਦ ਦੀ ਸ਼ਹੀਦ ਭਗਤ ਸਿੰਘ ਸ਼ਾਖਾ ਵੱਲੋਂ ਕਰਵਾਈ ਗਈ। ਇਸ ਮੌਕੇ ਤੇ ਸਕੂਲ ਪ੍ਰਿੰਸੀਪਲ ਸਰਲਾ ਭਟਨਾਗਰ ਤੇ ਭਾਰਤ ਵਿਕਾਸ ਪਰਿਸ਼ਦ ਦੀ ਸ਼ਹੀਦ ਭਗਤ ਸਿੰਘ ਸ਼ਾਖਾ ਦੇ ਵਿੱਤ ਸਕੱਤਰ ਰਾਜੇਸ਼ ਮਿੱਤਲ ਅਤੇ ਉਹਨਾਂ ਦੇ ਸਹਿਯੋਗੀ ਅਜੇ ਕਾਂਸਲ ਦੀ ਮੌਜੂਦਗੀ ਵਿੱਚ ਕਰਵਾਈ ਗਈ। ਭਾਰਤ ਕੋ ਜਾਨੋ ਪ੍ਰਤੀਯੋਗਿਤਾ ਦੇ ਜੂਨੀਅਰ ਗਰੁੱਪ ਵਿੱਚ ਸੱਤਵੀਂ ਕਲਾਸ ਦੀ ਵਿਦਿਆਰਥਣ ਜੀਆ ਨੇ ਪਹਿਲੀ ਪੁਜੀਸ਼ਨ ਤੇ ਭਾਰਤੀ ਨੇ ਦੂਜੀ ਪੁਜ਼ੀਸ਼ਨ ਪ੍ਰਾਪਤ ਕੀਤੀ। ਸੀਨੀਅਰ ਗਰੁੱਪ ਵਿੱਚ ਦਸਵੀਂ ਸ਼੍ਰੇਣੀ ਦੇ ਰਿਤਵਿਕ ਨੇ ਪਹਿਲੀ ਪੁਜੀਸ਼ਨ ਤੇ ਕਮਲੇਸ਼ ਕੁਮਾਰ ਨੇ ਦੂਜੀ ਪੁਜ਼ੀਸ਼ਨ ਪ੍ਰਾਪਤ ਕੀਤੀ। ਪਹਿਲੇ ਦੂਜੇ ਦਰਜੇ ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਸਕੂਲ ਪ੍ਰਿੰਸੀਪਲ ਸਰਲਾ ਭਟਨਾਗਰ ਦੁਆਰਾ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਅਗਲੀ ਪ੍ਰੀਖਿਆ ਕੁਇਜ਼ ਮੁਕਾਬਲੇ ਵਿੱਚ ਹੋਰ ਵਧੇਰੇ ਚੰਗੀ ਤਰ੍ਹਾਂ ਤਿਆਰੀ ਕਰਕੇ ਸ਼ਾਮਿਲ ਹੋਣ ਲਈ ਪ੍ਰੇਰਿਤ ਕੀਤਾ।

# ਗਿਰੋਹ ਨਾਲ ਮਿਲ ਕੇ ਮਹਿਲਾ ਨੇ ਵਿਅਕਤੀ ਨੂੰ ਅਗਵਾ ਕਰ ਕੇ ਖਾਤੇ 'ਚੋਂ ਕਢਵਾਏ ਸਾਢੇ 14 ਲੱਖ, 6 ਖਿਲਾਫ ਕੇਸ ਦਰਜ

**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੜਕੀ ਨੇ ਵਿਅਕਤੀ ਨੂੰ ਬਹਾਨੇ ਨਾਲ ਬੁਲਾ ਕੇ ਪਹਿਲਾਂ ਸਾਥੀਆਂ ਨਾਲ ਮਿਲ ਕੇ ਅਗਵਾ ਕੀਤਾ, ਫਿਰ ਉਸ ਦੇ ਖਾਤੇ 'ਚੋਂ 14 ਲੱਖ 50 ਹਜ਼ਾਰ ਰੁਪਏ ਕਢਵਾ ਲਏ। ਇਸ ਮਾਮਲੇ ਵਿਚ ਥਾਣਾ ਤ੍ਰਿਪੜੀ ਦੀ ਪੁਲਸ ਨੇ ਲੜਕੀ ਸਮੇਤ 6 ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਇਸ ਮਾਮਲੇ ਵਿਚ ਪੁਲਸ ਨੇ ਰਮਨਦੀਪ ਕੌਰ ਪੁੱਤਰੀ ਹਰਪ੍ਰੀਤ ਸਿੰਘ ਵਾਸੀ ਪ੍ਰੀਤ ਨਗਰ ਤ੍ਰਿਪੜੀ, ਸੁਖਚੈਨ ਸਿੰਘ, ਰਮਨ ਇਕ ਅਣਪਛਾਤਾ ਲੜਕਾ ਅਤੇ 2 ਅਣਪਛਾਤੀਆਂ ਔਰਤਾਂ ਸ਼ਾਮਲ ਹਨ। ਇਸ ਮਾਮਲੇ ਵਿਚ ਪੀੜਤ ਗੁਰਪ੍ਰੀਤ ਸਿੰਘ ਪੁੱਤਰ ਕਰਨੈਲ ਸਿੰਘ ਵਾਸੀ ਲਵਰਤਨ ਕੁੰਝ ਥਾਣਾ ਪਸਿਆਣਾ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਹ ਰਮਨਦੀਪ ਕੌਰ ਨੂੰ ਜਾਣਦਾ ਸੀ, ਜੋ ਕਿ ਕਈ ਵਾਰ ਸ਼ਿਕਾਇਤਕਰਤਾ ਤੋਂ ਪੈਸੇ ਲੈ ਜਾਂਦੀ ਸੀ। ਬੀਤੀ 8 ਨਵੰਬਰ ਨੂੰ ਰਮਨਦੀਪ ਕੌਰ ਨੇ ਸ਼ਿਕਾਇਤਕਰਤਾ ਗੁਰਪ੍ਰੀਤ ਸਿੰਘ ਨੂੰ ਮਿਲਣ ਲਈ ਕਿਹਾ ਤਾਂ 9 ਨਵੰਬਰ ਨੂੰ ਸਵੇਰੇ 11:00 ਰਮਨਦੀਪ ਕੋਲ ਮਿਲੀ ਤਾਂ ਸ਼ਿਕਾਇਤਕਰਤਾ ਨੇ ਉਸਨੂੰ ਆਪਣੀ ਕੌਰ ਸ਼ਿਕਾਇਤਕਰਤਾ ਨੂੰ ਤ੍ਰਿਪੜੀ ਰੋਡ ਨੇੜੇ ਸਕੂਲ ਕਾਰ 'ਚ ਬਿਠਾ ਲਿਆ ਅਤੇ ਡਾ. ਰੰਧਾਵਾ ਹਸਪਤਾਲ 1 ਜਾਣ ਲਈ ਕਿਹਾ ਤਾਂ ਜਦੋ ਡਾ. ਰੰਧਾਵਾ ਹਸਪਤਾਲ ਪਟਿਆਲਾ ਕੋਲ ਪਹੁੰਚੇ ਤਾਂ ਸ਼ਿਕਾਇਤਕਰਤਾ ਦੀ ਕਾਰ ਪਿੱਛੇ ਇਕ ਹੋਰ ਕਾਰ ਆ ਗਈ।

ਜਦੋਂ ਸ਼ਿਕਾਇਤਕਰਤਾ ਨੇ ਕਾਰ ਨੂੰ ਪਿਛੇ ਕਰਨ ਲਈ ਹਾਰਨ ਮਾਰੇ ਤਾਂ ਡਰਾਈਵਰ ਨੇ ਆਪਣੀ ਕਾਰ ਪਿਛੇ ਨਾਲ ਕੀਤੀ। ਜਦੋਂ ਉਹ ਕਾਰ 'ਚੋਂ ਉਤਰਨ ਲੱਗਿਆ ਤਾਂ ਇੱਕਦਮ ਦੂਜੀ ਕਾਰ 'ਚੋਂ 3 ਲੜਕੇ ਅਤੇ 2 ਔਰਤਾਂ ਉਤਰ ਕੇ ਆਈਆ ਤੇ ਮੁਦਈ ਨਾਲ ਹੱਥੋਪਾਈ/ਕੁੱਟਮਾਰ ਕਰ ਕੇ ਉਸਨੂੰ ਉਸਦੀ ਹੀ ਕਾਰ ਦੀ ਪਿਛਲੀ ਸੀਟ 'ਤੇ ਬਿਠਾ ਲਿਆ ਅਤੇ ਸ਼ਿਕਾਇਤਕਰਤਾ ਨਾਲ ਇਕ ਔਰਤ ਤੇ ਲੜਕਾ ਬੈਠ ਗਏ ਤੇ ਇਕ ਲੜਕਾ ਕਾਰ ਚਲਾਉਣ ਲੱਗ ਪਿਆ, ਜਿਨ੍ਹਾਂ ਨੇ ਗੁਰਪ੍ਰੀਤ ਸਿੰਘ ਨੂੰ ਪਿਸਟਲ ਦਿਖਾ ਕੇ ਧਮਕੀ ਦੇ ਕੇ ਉਸਦਾ ਮੋਬਾਈਲ, 2 ਏ. ਟੀ. ਐੱਮ. ਅਤੇ ਐੱਸ. - ਬੀ. ਆਈ. ਬੈਂਕ ਦੀ ਪਾਸਬੁੱਕ ਅਤੇ ਚੈਕਬੁੱਕ ਕੱਢ ਲਏ।

ਇਸ ਤੋਂ ਬਾਅਦ 2 ਚੈੱਕਾਂ 'ਤੇ 5 ਲੱਖ ਅਤੇ 7 ਲੱਖ ਰੁਪਏ ਭਰ ਕੇ ਗੁਰਪ੍ਰੀਤ ਸਿੰਘ ਤੋਂ ਸਾਇਨ ਕਰਵਾ ਲਏ ਅਤੇ ਸ਼ਿਕਾਇਤਕਰਤਾ ਨੂੰ ਅਗਵਾ ਕਰ ਕੇ ਸਰਹਿੰਦ, ਰਾਜਪੁਰਾ ਆਦਿ ਥਾਂ 'ਤੇ ਘੁੰਮਾਉਂਦੇ ਰਹੇ ਤੇ ਫਿਰ ਸ਼ਾਮ ਨੂੰ ਲੁਧਿਆਣਾ ਵਿਖੇ ਲੈ ਗਏ। ਦੂਜੀ ਕਾਰ ਵੀ ਪਿੱਛੇ ਹੀ ਆ ਰਹੀ ਸੀ । ਸ਼ਾਮ ਨੂੰ 5.30 ਵਜੇ ਸ਼ਿਕਾਇਤਕਰਤਾ ਨੂੰ ਰਾਜਗੁਰੂ ਨਗਰ ਲੁਧਿਆਣਾ ਵਿਖੇ ਉਤਾਰ ਕੇ ਗੱਡੀ ਦੀ ਚਾਬੀ ਅਤੇ 1000 ਰੁਪਏ ਦੇ ਦਿੱਤੇ ਅਤੇ ਉਕਤ ਗਲ ਕਿਸੇ ਨੂੰ ਨਾ ਦੱਸਣ ਸਬੰਧੀ ਧਮਕੀਆ ਦਿੱਤੀਆ, ਸ਼ਿਕਾਇਤਕਰਤਾ ਆਪਣੀ ਕਾਰ 'ਚ ਸਵਾਰ ਹੋ ਕੇ ਘਰ ਆ ਗਿਆ। ਅਗਲੇ ਦਿਨ 10 ਨਵੰਬਰ ਨੂੰ ਉਕਤ ਵਿਅਕਤੀਆਂ ਨੇ ਸਿਕਾਇਤਕਰਤਾ ਦੇ ਖਾਤੇ 'ਚੋਂ 14,50,000 ਰੁਪਏ ਕਢਵਾ ਲਏ। ਪੁਲਸ ਨੇ ਇਸ ਮਾਮਲੇ ਵਿਚ ਉਕਤ ਵਿਅਕਤੀਆਂ ਦੇ ਖਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਏਡੀਸੀ ਦਮਨਜੀਤ ਸਿੰਘ ਮਾਨ ਵੱਲੋਂ 18 ਨਵੰਬਰ ਨੂੰ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਣ ਵਾਲੇ ਮਹਾਨ ਕੀਰਤਨ ਸਮਾਗਮ ਲਈ ਤਿਆਰੀਆਂ ਦਾ ਜਾਇਜ਼ਾ



**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਮਨਾਉਣ ਲਈ ਪੰਜਾਬ ਸਰਕਾਰ ਵੱਲੋਂ ਕਰਵਾਏ ਜਾ ਰਹੇ ਯਾਦਗਾਰੀ ਸਮਾਗਮਾਂ ਦੀ ਲੜੀ ਤਹਿਤ ਪਟਿਆਲਾ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ ਵਿਖੇ 18 ਨਵੰਬਰ ਨੂੰ ਸ਼ਾਮ 6 ਵਜੇ ਤੋਂ ਰਾਤ 10 ਵਜੇ ਤੱਕ ਮਹਾਨ ਕੀਰਤਨ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ ਦਿਹਾਤੀ ਵਿਕਾਸ ਤੇ ਨੋਡਲ ਅਫ਼ਸਰ ਦਮਨਜੀਤ ਸਿੰਘ ਮਾਨ ਨੇ ਸਬੰਧਤ ਅਧਿਕਾਰੀਆਂ ਨਾਲ ਬੈਠਕ ਕੀਤੀ। ਏ.ਡੀ.ਸੀ. ਨੇ ਇਸ ਮੌਕੇ ਸਮੂਹ ਨੋਡਲ ਅਧਿਕਾਰੀਆਂ ਨੂੰ ਸੌਂਪੀ ਜਿੰਮੇਵਾਰੀ ਬਾਰੇ ਜਾਣਕਾਰੀ ਹਾਸਲ ਕੀਤੀ ਅਤੇ ਨਿਰਦੇਸ਼ ਦਿੱਤੇ ਕਿ ਇਸ ਸਮਾਗਮ ਲਈ ਡਿਊਟੀ ਪੂਰੀ ਅਕੀਦਤ ਤੇ ਸ਼ਰਧਾ ਨਾਲ ਨਿਭਾਈ ਜਾਵੇ ਤਾਂ ਕਿ ਅਸੀਂ ਵੀ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਸਿਜ਼ਦਾ ਕਰ ਸਕੀਏ।

ਏਡੀਸੀ ਮਾਨ ਨੇ ਸਮੂਹ ਸੰਗਤ ਨੂੰ ਬੇਨਤੀ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਨਮਨ ਕਰਨ ਲਈ ਸਾਨੂੰ ਸਭ ਨੂੰ ਇਸ ਸਮਾਗਮ ਵਿੱਚ ਜਰੂਰ ਹਾਜਰੀ ਭਰਨੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਕੀਰਤਨ ਸਮਾਗਮ ਮੌਕੇ ਭਾਈ ਦਵਿੰਦਰ ਸਿੰਘ ਜੀ ਸੋਹਾਣਾ ਸਾਹਿਬ ਵਾਲੇ ਅਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਤੋਂ ਰਾਗੀ ਜਥੇ ਭਾਈ ਸਿਮਰਨਜੀਤ ਸਿੰਘ ਤੇ ਭਾਈ ਸੁਰਿੰਦਰ ਸਿੰਘ ਨਛੱਤਰ ਸਿੰਘ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਸ੍ਰੀ ਗੁਰੂ ਤੇਗ ਬਹਾਦਰ ਜੀ ਸਮੇਤ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਤੇ ਭਾਈ ਸਤੀ ਦਾਸ ਜੀ ਦੇ 350 ਸਾਲਾ ਮਹਾਨ ਸ਼ਹੀਦੀ ਦਿਹਾੜੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਿਆਈ ਦਿਵਸ ਦੇ ਇਤਿਹਾਸ ਤੇ ਗੁਰਬਾਣੀ ਨਾਲ ਜੋੜਨਗੇ। ਅਗਵਾਈ ਹੇਠ ਪੂਰੇ ਉਤਸ਼ਾਹ ਤੇ ਸ਼ਰਧਾ ਭਾਵਨਾ ਨਾਲ ਸੇਵਾ ਨਿਭਾਈ ਜਾ ਰਹੀ ਹੈ, ਉਥੇ ਹੀ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਸਮੇਤ ਜ਼ਿਲ੍ਹੇ ਦੇ ਸਮੂਹ ਵਿਧਾਇਕ ਸਾਹਿਬਾਨ ਤੇ ਸੰਗਤ ਵੱਲੋਂ ਪੂਰਾ ਸਹਿਯੋਗ ਮਿਲ ਰਿਹਾ ਹੈ।

ਇਸ ਮੌਕੇ ਐਸ.ਡੀ.ਐਮਜ ਡਾ. ਇਸਮਤ ਵਿਜੇ ਸਿੰਘ, ਕਿਰਪਾਲਵੀਰ ਸਿੰਘ ਤੇ ਹਰਜੋਤ ਕੌਰ, ਐਕਸੀਐਨ ਪਿਯੂਸ਼ ਅਗਰਵਾਲ, ਰਾਜਿੰਦਰ ਚੋਪੜਾ, ਸਿਵਲ ਸਰਜਨ ਡਾ. ਸੰਜੇ ਕਾਮਰਾ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਸ੍ਰੀ ਗੁਰੂ ਸਿੰਘ ਸਭਾ ਦੇ ਮੈਨੇਜਰ ਦਵਿੰਦਰ ਸਿੰਘ ਵਾਲੀਆ ਵੀ ਮੌਜੂਦ ਸਨ।

# ਬੰਗਲਾਦੇਸ਼ੀ ਟ੍ਰਿਬਿਊਨਲ ਵੱਲੋਂ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਤੇ ਸਾਬਕਾ ਗ੍ਰਹਿ ਮੰਤਰੀ ਨੂੰ ਮੌਤ ਦੀ ਸਜ਼ਾ

**ਢਾਕਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਗਲਾਦੇਸ਼ੀ ਟ੍ਰਿਬਿਊਨਲ ਨੇ ਮੁਲਕ ਦੀ ਗੱਦੀਓਂ ਲਾਹੀ ਪ੍ਰਧਾਨ ਮੰਤਰੀ ਸ਼ੇਖ ਹਸੀਨਾ (78) ਤੇ ਸਾਬਕਾ ਗ੍ਰਹਿ ਮੰਤਰੀ ਅਸਦ ਉਜ਼ ਜ਼ਮਾਨ ਖ਼ਾਨ ਕਮਾਲ ਨੂੰ ਮੌਤ ਦੀ ਸਜ਼ਾ ਸੁਣਾਈ ਹੈ। ਹਸੀਨਾ ਉੱਤੇ ਪਿਛਲੇ ਸਾਲ ਵਿਦਿਆਰਥੀਆਂ ਦੀ ਅਗਵਾਈ ਵਾਲੇ ਅੰਦੋਲਨ ਦੌਰਾਨ ਮਨੁੱਖਤਾ ਖ਼ਿਲਾਫ਼ ਕਥਿਤ ਅਪਰਾਧਾਂ ਲਈ (ਹਸੀਨਾ ਦੀ ਗ਼ੈਰਹਾਜ਼ਰੀ ਵਿਚ) ਮੁਕੱਦਮਾ ਚਲਾਇਆ ਗਿਆ ਸੀ। ਵਿਦਿਆਰਥੀ ਅੰਦੋਲਨ ਕਰਕੇ ਹਸੀਨਾ ਦੀ ਸਰਕਾਰ ਡਿੱਗ ਗਈ ਸੀ ਤੇ ਉਸ ਨੂੰ ਮੁਲਕ ਛੱਡ ਕੇ ਭੱਜਣਾ ਪਿਆ ਸੀ।



ਇਸ ਦੌਰਾਨ ਫੈਸਲੇ ਤੋਂ ਪਹਿਲਾਂ ਪੂਰੇ ਬੰਗਲਾਦੇਸ਼ ਵਿੱਚ ਇਹਤਿਆਤੀ ਪ੍ਰਬੰਧ ਵਜੋਂ ਸੁਰੱਖਿਆ ਵਧਾ ਦਿੱਤੀ ਗਈ ਸੀ। ਕੌਮੀ ਰਾਜਧਾਨੀ ਵਿੱਚ ਪੁਲੀਸ ਨੂੰ ਹਿੰਸਕ ਪ੍ਰਦਰਸ਼ਨਕਾਰੀਆਂ ਨੂੰ ਗੋਲੀ ਮਾਰਨ ਦੇ ਹੁਕਮ ਦਿੱਤੇ ਗਏ ਹਨ। ਢਾਕਾ ਮੈਟਰੋਪੋਲੀਟਨ ਪੁਲੀਸ (ਡੀਐਮਪੀ) ਦੇ ਕਮਿਸ਼ਨਰ ਸ਼ੇਖ਼ ਮੁਹੰਮਦ ਸੱਜਾਦ ਅਲੀ ਨੇ ਟ੍ਰਿਬਿਊਨਲ ਦੇ ਫੈਸਲੇ ਤੋਂ ਪਹਿਲਾਂ ਐਤਵਾਰ ਸ਼ਾਮ ਨੂੰ ਅੱਗਜ਼ਨੀ ਹਮਲਿਆਂ, ਧਮਾਕਿਆਂ ਜਾਂ ਪੁਲੀਸ ਤੇ ਨਾਗਰਿਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਹੁਕਮ ਦਿੱਤੇ ਹਨ। ਉਧਰ ਅਵਾਮੀ ਲੀਗ, ਜੋ ਹੁਣ ਭੰਗ ਕੀਤੀ ਜਾ ਚੁੱਕੀ ਹੈ, ਨੇ ਫੈਸਲੇ ਤੋਂ ਪਹਿਲਾਂ ਦੋ ਦਿਨਾਂ ਦੇ ਬੰਦ ਦਾ ਐਲਾਨ ਕੀਤਾ ਹੈ। ਆਈਸੀਟੀ-ਬੀਡੀ ਕੰਪਲੈਕਸ ਦੇ ਆਲੇ-ਦੁਆਲੇ ਫੌਜ ਦੇ ਜਵਾਨ, ਬਾਰਡਰ ਗਾਰਡ ਬੰਗਲਾਦੇਸ਼ ਦੇ ਕਰਮਚਾਰੀ ਅਤੇ ਦੰਗਾ ਰੋਕੂ ਪੁਲੀਸ ਤਾਇਨਾਤ ਕੀਤੀ ਗਈ ਹੈ। ਹਿੰਸਾ ਦੇ ਡਰੋਂ ਰਾਜਧਾਨੀ ਦੀਆਂ ਬਹੁਤੀਆਂ ਗਲੀਆਂ ਵਿਚ ਸੁੰਨ ਪਸਰੀ ਹੋਈ ਹੈ।

# ਅਤਿਵਾਦੀਆਂ ਤੇ ਉਨ੍ਹਾਂ ਦੇ ਸਰਪ੍ਰਸਤਾਂ ਨਾਲ ਇਕੋ ਜਿਹਾ ਸਲੂਕ ਕਰਾਂਗੇ: ਜਨਰਲ ਦਿਵੇਦੀ

**ਨਵੀਂ ਦਿੱਲੀ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਥਲ ਸੈਨਾ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਸੋਮਵਾਰ ਨੂੰ ਗੁਆਂਢੀ ਮੁਲਕ ਪਾਕਿਸਤਾਨ ਨੂੰ ਇਕ ਸਖ਼ਤ ਸੁਨੇਹੇ ਵਿਚ ਕਿਹਾ ਕਿ ਭਾਰਤ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ/ਹਮਾਇਤੀਆਂ ਨਾਲ ਇਕੋ ਜਿਹਾ ਸਲੂਕ ਕਰਦਾ ਹੈ ਤੇ ਅਤਿਵਾਦ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇਗਾ। ਇੱਕ ਸੰਵਾਦ ਸੈਸ਼ਨ ਦੌਰਾਨ ਫੌਜ ਮੁਖੀ ਨੇ ਇਹ ਗੱਲ ਵੀ ਮੰਨੀ ਕਿ ਭਾਰਤ ਤੇ ਚੀਨ ਦੀ ਲੀਡਰਸ਼ਿਪ ਵਿਚਾਲੇ ਗੱਲਬਾਤ ਤੋਂ ਬਾਅਦ ਪਿਛਲੇ ਇੱਕ ਸਾਲ ਵਿੱਚ ਦੋਵਾਂ ਮੁਲਕਾਂ ਦੇ ਰਿਸ਼ਤਿਆਂ ਵਿੱਚ ਸੁਧਾਰ ਹੋਇਆ ਹੈ। ਪਾਕਿਸਤਾਨ ਵੱਲੋਂ ਸਰਹੱਦ ਪਾਰ




ਅਤਿਵਾਦ 'ਤੇ ਜਨਰਲ ਦਿਵੇਦੀ ਨੇ ਕਿਹਾ ਕਿ ਨਵੀਂ ਦਿੱਲੀ ਪਾਕਿਸਤਾਨ ਨਾਲ ਨਜਿੱਠਣ ਵਿੱਚ 'ਨਵੀਂ ਆਮ ਨੀਤੀ' ਦੀ ਪਾਲਣਾ ਕਰ ਰਿਹਾ ਹੈ, ਅਤੇ ਜੇਕਰ ਗੁਆਂਢੀ ਮੁਲਕ ਭਾਰਤ ਨੂੰ ਨਿਸ਼ਾਨਾ ਬਣਾਉਣ ਵਾਲੇ ਅਤਿਵਾਦੀ ਸਮੂਹਾਂ ਦਾ ਸਮਰਥਨ ਕਰਨਾ ਜਾਰੀ ਰੱਖਦਾ ਹੈ ਤਾਂ ਇਹ ਪਾਕਿਸਤਾਨ ਲਈ ਇੱਕ ਚੁਣੌਤੀ ਹੋਵੇਗੀ। ਉਨ੍ਹਾਂ ਕਿਹਾ, "ਭਾਰਤ ਤਰੱਕੀ ਅਤੇ ਖੁਸ਼ਹਾਲੀ 'ਤੇ ਧਿਆਨ ਕੇਂਦਰਿਤ ਕਰਦਾ ਹੈ। ਜੇਕਰ ਕੋਈ ਸਾਡੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਦਾ ਹੈ, ਤਾਂ ਸਾਨੂੰ ਉਨ੍ਹਾਂ ਵਿਰੁੱਧ ਕੁਝ ਕਾਰਵਾਈ ਕਰਨੀ ਪਵੇਗੀ।" ਫੌਜ ਮੁਖੀ ਨੇ ਕਿਹਾ, "ਅਸੀਂ ਸਾਫ ਕਰ ਚੁੱਕੇ ਹਾਂ ਕਿ ਗੱਲਬਾਤ ਅਤੇ ਅਤਿਵਾਦ ਇਕੱਠੇ ਨਹੀਂ ਚੱਲ ਸਕਦੇ; ਖੂਨ ਅਤੇ ਪਾਣੀ ਇਕੱਠੇ ਨਹੀਂ ਚੱਲ ਸਕਦੇ। ਅਸੀਂ ਇੱਕ ਸ਼ਾਂਤੀਪੂਰਨ ਪ੍ਰਕਿਰਿਆ ਦੇ ਹਾਮੀ ਹਾਂ, ਜਿਸ ਨਾਲ ਅਸੀਂ ਸਹਿਯੋਗ ਕਰਾਂਗੇ। ਉਂਝ, ਅਸੀਂ ਅਤਿਵਾਦੀਆਂ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨਾਲ ਇੱਕੋ ਜਿਹਾ ਸਲੂਕ ਕਰਾਂਗੇ।"

# ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ "ਧਰਮ ਰੱਖਿਅਕ ਯਾਤਰਾ" ਦਾ ਦਿੱਲੀ ਵਿੱਚ ਸ਼ਾਨਦਾਰ ਦਰਸ਼ਨ :ਹਰਮੀਤ ਸਿੰਘ ਕਾਲਕਾ



**ਨਵੀਂ ਦਿੱਲੀ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਜੀ ਅਤੇ ਉਨ੍ਹਾਂ ਨਾਲ ਸ਼ਹੀਦ ਹੋਏ ਮਹਾਨ ਗੁਰਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ "ਧਰਮ ਰੱਖਿਅਕ ਯਾਤਰਾ"ਦਾ ਦੂਜਾ ਦਿਨ ਦਿੱਲੀ ਦੀ ਧਰਤੀ 'ਤੇ ਰੂਹਾਨੀ ਰੋਸ਼ਨੀ ਨਾਲ ਭਰਪੂਰ ਰਿਹਾ।

ਸਰਦਾਰ ਕਾਲਕਾ ਨੇ ਦੱਸਿਆ ਕਿ ਇਹ ਪਵਿੱਤਰ ਯਾਤਰਾ ਇਤਿਹਾਸਕ ਗੁਰਦੁਆਰਾ ਰਕਾਬ ਗੰਜ ਸਾਹਿਬ ਤੋਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ੁਰੂ ਹੋ ਕੇ ਸ਼ਾਦੀਪੁਰ ਤੱਕ ਪਹੁੰਚ ਚੁੱਕੀ ਹੈ। ਦੂਰ-ਦਰਾਡੇ ਤੋਂ ਆਈ ਸੰਗਤ ਨੇ ਨਗਰ ਕੀਰਤਨ ਦੇ ਦਰਸ਼ਨਾਂ ਦਾ ਲਾਭ ਲੈਂਦਿਆਂ ਗੁਰੂ ਘਰ ਦੀ ਮੇਹਰ ਨੂੰ ਆਪਣੇ ਅੰਦਰ ਮਹਿਸੂਸ ਕੀਤਾ।

ਉਨ੍ਹਾਂ ਨੇ ਦੱਸਿਆ ਕਿ ਯਾਤਰਾ ਅੱਜ ਪੱਛਮੀ ਦਿੱਲੀ ਦੇ ਕਈ ਇਲਾਕਿਆਂ ਵਿੱਚ ਸ਼ਾਨ ਨਾਲ ਗੁਜ਼ਰੇਗੀ ਅਤੇ ਰਾਤ ਗੁਰਦੁਆਰਾ ਬਾਬਾ ਜ਼ੋਰਾਵਰ ਸਿੰਘ-ਬਾਬਾ ਫਤਿਹ ਸਿੰਘ ਜੀ, ਫਤਿਹ ਨਗਰ, ਦਿੱਲੀ ਵਿਖੇ ਪਹੁੰਚ ਕੇ ਵਿਸ਼ਰਾਮ ਕਰੇਗੀ। ਸਰਦਾਰ ਕਾਲਕਾ ਨੇ ਕਿਹਾ ਕਿ ਗੁਰੂ ਸਾਹਿਬ ਦੀ ਮਹਿਮਾ ਨਾਲ ਭਰਪੂਰ ਇਸ ਯਾਤਰਾ ਨੇ ਸਿੱਖ ਸੰਗਤ ਵਿੱਚ ਅਪਾਰ ਚੜ੍ਹਦੀ ਕਲਾ ਦਾ ਜੋਤ ਜਗਾਈ ਹੈ।

ਉਨ੍ਹਾਂ ਨੇ ਸੰਗਤ ਨੂੰ ਸਹੂਲਤ ਦੇਣ ਲਈ ਇਹ ਵੀ ਦੱਸਿਆ ਕਿ ਪਾਲਕੀ ਸਾਹਿਬ ਦੀ ਲਾਈਵ ਲੋਕੇਸ਼ਨ ਹੁਣ ਦਿੱਖੀ ਜਾ ਸਕਦੀ ਹੈ। ਇਸ ਲਈ ਸਾਰੇ ਸਤਿਕਾਰਯੋਗ ਸੰਗਤ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਧਿਕਾਰਿਕ ਵੈੱਬਸਾਈਟ 'ਤੇ ਜਾ ਕੇ www.dsgmc.in 'ਤੇ ਕਲਿੱਕ ਕਰਨ।

# ਏਅਰ ਇੰਡੀਆ ਫਰਵਰੀ 2026 ਤੋਂ ਸ਼ੰਘਾਈ ਲਈ ਨਾਨ-ਸਟਾਪ ਉਡਾਣਾਂ ਦੇ ਨਾਲ ਮੇਨਲੈਂਡ ਚਾਈਨਾ ਵਿਚ ਮੁੜ ਤੋਂ ਸੰਚਾਲਨ ਸ਼ੁਰੂ ਕਰੇਗੀ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਏਅਰ ਇੰਡੀਆ ਨੇ ਅੱਜ ਦਿੱਲੀ ਅਤੇ ਸ਼ੰਘਾਈ (ਪੀਵੀਜੀ) ਵਿਚਕਾਰ 01 ਫਰਵਰੀ 2026 ਤੋਂ ਆਪਣੀਆਂ ਨਾਨ-ਸਟਾਪ ਉਡਾਣਾਂ ਫੇਰ ਤੋਂ ਸ਼ੁਰੂ ਕਰਨ ਦਾ ਐਲਾਨ ਕੀਤਾ, ਜਿਸ ਨਾਲ ਏਅਰ ਇੰਡੀਆ ਲਗਭਗ ਛੇ ਸਾਲਾਂ ਬਾਅਦ ਮੇਨਲੈਂਡ ਚਾਈਨਾ ਵਿਚ ਵਾਪਸੀ ਕਰਨ ਜਾ ਰਹੀ ਹੈ। ਏਅਰ ਇੰਡੀਆ 2026 ਵਿੱਚ ਮੁੰਬਈ ਅਤੇ ਸ਼ੰਘਾਈ ਵਿਚਕਾਰ ਨਾਨ-ਸਟਾਪ ਉਡਾਣਾਂ ਸ਼ੁਰੂ ਕਰਨ ਦਾ ਵੀ ਇਰਾਦਾ ਰੱਖਦੀ ਹੈ , ਜੋ ਕਿ ਲੋੜੀਂਦੀਆਂ ਰੈਗੂਲੇਟਰੀ ਪ੍ਰਵਾਨਗੀਆਂ ਦੇ ਅਧੀਨ ਹੋਵੇਗਾ । ਸ਼ੰਘਾਈ 48ਵਾਂ




ਅੰਤਰਰਾਸ਼ਟਰੀ ਸਥਾਨ ਜਿਥੇ ਏਅਰ ਇੰਡੀਆ ਸਮੂਹ ਦੁਆਰਾ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ , ਏਅਰ ਇੰਡੀਆ ਸਮੂਹ ਭਾਰਤ ਵਿੱਚ ਕਿਸੇ ਵੀ ਹੋਰ ਏਅਰਲਾਈਨ ਦੇ ਮੁਕਾਬਲੇ ਵਧੇਰੇ ਸੰਖਿਆ ਵਿਚ ਯਾਤਰੀਆਂ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਸੇਵਾਵਾਂ ਉਪਲਬੱਧ ਕਰਾਉਂਦਾ ਹੈ। ਏਅਰ ਇੰਡੀਆ ਦਿੱਲੀ ਅਤੇ ਸ਼ੰਘਾਈ ਵਿਚਕਾਰ ਹਫ਼ਤੇ ਵਿੱਚ ਚਾਰ ਵਾਰ ਉਡਾਣ ਭਰੇਗੀ , ਇਸਦੇ ਲਈ ਇਹ ਆਪਣੇ ਟਵਿਨ-ਆਈਲ ਬੋਇੰਗ 787-8 ਜਹਾਜ਼ ਦੀ ਵਰਤੋਂ ਕਰੇਗੀ , ਜਿਸ ਵਿੱਚ ਬਿਜ਼ਨਸ ਕਲਾਸ ਵਿੱਚ 18 ਫਲੈਟ ਬੈੱਡ ਅਤੇ ਇਕਾਨਮੀ ਕਲਾਸ ਵਿੱਚ 238 ਵਿਸ਼ਾਲ ਸੀਟਾਂ ਸ਼ਾਮਲ ਹਨ। ਹਾਲ ਹੀ ਵਿੱਚ ਹੋਏ ਭਾਰਤ-ਚੀਨ ਕੂਟਨੀਤਕ ਸਮਝੌਤਿਆਂ ਤੋਂ ਬਾਅਦ ਸ਼ੰਘਾਈ ਲਈ ਏਅਰ ਇੰਡੀਆ ਦੀਆਂ ਸੇਵਾਵਾਂ ਦੀ ਬਹਾਲੀ ਹੋਈ ਹੈ , ਧਿਆਨ ਯੋਗ ਹੈ ਕਿ 2020 ਦੇ ਸ਼ੁਰੂ ਵਿੱਚ ਹਵਾਈ ਸੰਪਰਕਾਂ ਨੂੰ ਰੋਕ ਦਿੱਤਾ ਗਿਆ ਸੀ।ਏਅਰ ਇੰਡੀਆ ਨੇ ਪਹਿਲੀ ਵਾਰ ਅਕਤੂਬਰ 2000 ਵਿੱਚ ਮੇਨਲੈਂਡ ਚਾਈਨਾ ਲਈ ਆਪਣੀ ਪਹਿਲੀ ਨਾਨ-ਸਟਾਪ ਸਰਵਿਸ ਸ਼ੁਰੂ ਕੀਤੀ ਸੀ।

# ਅਲ ਫਲਾਹ ਯੂਨੀਵਰਸਿਟੀ ਦੇ ਚੇਅਰਮੈਨ ਦਾ ਭਰਾ ਧੋਖਾਧੜੀ ਕੇਸ 'ਚ ਗ੍ਰਿਫ਼ਤਾਰ

**ਮਹੂ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਲ ਫਲਾਹ ਯੂਨੀਵਰਸਿਟੀ ਦੇ ਚੇਅਰਮੈਨ ਜਾਵੇਦ ਸਿੱਦੀਕੀ, ਜਿਸ ਦੀ ਦਿੱਲੀ ਧਮਾਕੇ ਦੇ ਸਬੰਧ ਵਿੱਚ ਜਾਂਚ ਚੱਲ ਰਹੀ ਹੈ, ਦੇ ਭਰਾ ਨੂੰ ਮਹੂ ਵਿੱਚ ਇੱਕ ਵਿੱਤੀ ਧੋਖਾਧੜੀ ਦੇ ਮਾਮਲੇ ਵਿੱਚ ਮੱਧ ਪ੍ਰਦੇਸ਼ ਪੁਲੀਸ ਨੇ ਹੈਦਰਾਬਾਦ ਤੋਂ ਗ੍ਰਿਫ਼ਤਾਰ ਕੀਤਾ ਹੈ।

ਇੱਕ ਅਧਿਕਾਰੀ ਨੇ ਦੱਸਿਆ ਕਿ ਹਾਮੂਦ ਅਹਿਮਦ ਸਿੱਦੀਕੀ, ਜਿਸ 'ਤੇ 25 ਸਾਲ ਪਹਿਲਾਂ ਐਮਪੀ ਦੇ ਮਹੂ ਵਿੱਚ ਵੱਡੇ ਪੱਧਰ 'ਤੇ ਵਿੱਤੀ ਧੋਖਾਧੜੀ ਕਰਨ ਦਾ ਦੋਸ਼ ਹੈ, ਨੂੰ ਐਤਵਾਰ ਨੂੰ ਹੈਦਰਾਬਾਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਮਹੂ ਦੇ ਸਬ-ਡਿਵੀਜ਼ਨਲ ਪੁਲੀਸ ਅਫ਼ਸਰ ਲਲਿਤ ਸਿੰਘ ਸਿਕਰਵਾਰ ਨੇ ਦੱਸਿਆ, ÷ਹਾਮੂਦ ਨੇ ਕਥਿਤ ਤੌਰ 'ਤੇ ਇੱਕ ਫਰਜ਼ੀ ਨਿੱਜੀ ਬੈਂਕ ਸਥਾਪਤ ਕਰਨ ਅਤੇ ਸੈਂਕੜੇ ਨਿਵਾਸੀਆਂ ਨੂੰ ਉਨ੍ਹਾਂ ਦੀਆਂ ਜਮ ?ਹਾਂ ਰਕਮਾਂ ਦੁੱਗਣੀਆਂ ਕਰਨ ਦਾ ਵਾਅਦਾ ਕਰਕੇ ਲੁਭਾਉਣ ਤੋਂ ਬਾਅਦ 2000 ਵਿੱਚ ਮਹੂ ਤੋਂ ਫਰਾਰ ਹੋ ਗਿਆ ਸੀ। ਘੁਟਾਲਾ ਸਾਹਮਣੇ ਆਉਣ ਤੋਂ ਤੁਰੰਤ ਬਾਅਦ ਉਹ ਆਪਣੇ ਪਰਿਵਾਰ ਸਮੇਤ ਭੱਜ ਗਿਆ ਸੀ, ਜਿਸ ਕਾਰਨ ਅਧਿਕਾਰੀ ਦਹਾਕਿਆਂ ਤੋਂ ਉਸ ਦੀ ਭਾਲ ਕਰ ਰਹੇ ਸਨ। ਉਸ ਨੂੰ ਕੱਲ੍ਹ ਹੈਦਰਾਬਾਦ ਵਿੱਚ ਗ੍ਰਿਫ਼ਤਾਰ ਕੀਤਾ ਗਿਆ।

ਅਧਿਕਾਰੀ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਮਹੂ ਪੁਲੀਸ ਵੱਲੋਂ ਜਾਵੇਦ ਸਿੱਦੀਕੀ ਦੇ ਪਿਛੋਕੜ ਦੀ ਮੁੜ ਜਾਂਚ ਸ਼ੁਰੂ ਕਰਨ ਅਤੇ ਉਸ ਦੀਆਂ ਸਥਾਨਕ ਜੜ੍ਹਾਂ ਸਾਹਮਣੇ ਆਉਣ ਤੋਂ ਬਾਅਦ ਕੀਤੀ ਗਈ। ਪਰਿਵਾਰਕ ਰਿਕਾਰਡਾਂ ਦੀ ਵਿਸਤ੍ਰਿਤ ਸਮੀਖਿਆ ਨੇ ਸੰਕੇਤ ਦਿੱਤਾ ਕਿ ਹਾਮੂਦ ਲੰਬੇ ਸਮੇਂ ਤੋਂ ਲਟਕੇ ਧੋਖਾਧੜੀ ਦੇ ਮਾਮਲੇ ਵਿੱਚ ਇੱਕ ਫਰਾਰ ਮੁਲਜ਼ਮ ਸੀ।ਜਾਂਚਕਰਤਾ ਹੁਣ ਹਾਮੂਦ ਦੇ ਸੰਪਰਕਾਂ ਅਤੇ ਸਾਲਾਂ ਦੌਰਾਨ ਦੀਆਂ ਗਤੀਵਿਧੀਆਂ ਦੀ ਜਾਂਚ ਕਰ ਰਹੇ ਹਨ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਭੂਮੀਗਤ ਰਹਿਣ ਦੌਰਾਨ ਕਿਸ ਨੇ ਉਸ ਦੀ ਸਹਾਇਤਾ ਕੀਤੀ ਹੋ ਸਕਦੀ ਹੈ।

# ਮੱਕਾ ਤੋਂ ਮਦੀਨਾ ਜਾ ਰਹੀ ਬੱਸ ਦੀ ਟੈਂਕਰ ਨਾਲ ਟੱਕਰ, 42 ਭਾਰਤੀ ਸ਼ਰਧਾਲੂਆਂ ਦੀ ਮੌਤ

## ਮ੍ਰਿਤਕਾਂ ਵਿਚ ਮਹਿਲਾਵਾਂ ਤੇ ਬੱਚੇ ਵੀ ਸ਼ਾਮਲ; ਭਾਰਤੀ ਸਮੇਂ ਮੁਤਾਬਕ ਤੜਕੇ ਡੇਢ ਵਜੇ ਦੇ ਕਰੀਬ ਮੁ.ਫਰੀਹਾਟ ਇਲਾਕੇ ਵਿਚ ਹੋਇਆ ਹਾਦਸਾ, ਤਿਲੰਗਾਨਾ ਦੇ ਮੁੱਖ ਮੰਤਰੀ ਏ.ਰੇਵੰਤ ਰੈਡੀ ਵੱਲੋਂ ਅਧਿਕਾਰੀਆਂ ਨੂੰ ਲੋੜੀਂਦੀਆਂ ਹਦਾਇਤਾਂ ਜਾਰੀ

**ਨਵੀਂ ਦਿੱਲੀ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਊਦੀ ਅਰਬ ਵਿਚ ਅੱਜ ਸਵੇਰੇ ਮੱਕਾ ਤੋਂ ਮਦੀਨਾ ਜਾ ਰਹੀ ਬੱਸ ਤੇ ਡੀਜ਼ਲ ਵਾਲੇ ਟੈਂਕਰ ਵਿਚਾਲੇ ਹੋਈ ਟੱਕਰ ਵਿਚ ਹੈਦਰਾਬਾਦ ਨਾਲ ਸਬੰਧਤ ਘੱਟੋ ਘੱਟ 42 ਉਮਰਾਹ ਸ਼ਰਧਾਲੂਆਂ ਦੀ ਮੌਤ ਹੋ ਗਈ। ਸਥਾਨਕ ਮੀਡੀਆ ਰਿਪੋਰਟਾਂ ਮੁਤਾਬਕ ਹਾਦਸਾ ਭਾਰਤੀ ਸਮੇਂ ਮੁਤਾਬਕ ਤੜਕੇ ਡੇਢ ਵਜੇ ਦੇ ਕਰੀਬ ਮੁਫ਼ਰੀਹਾਟ ਇਲਾਕੇ ਵਿਚ ਹੋਇਆ। ਬੱਸ 'ਤੇ ਕੁੱਲ 43 ਯਾਤਰੀ ਸਵਾਰ ਸਨ, ਜਿਨ੍ਹਾਂ ਵਿਚੋਂ ਇਕ ਹੀ ਬਚਿਆ ਹੈ ਤੇ ਉਹ ਇਸ ਵੇਲੇ ਹਸਪਤਾਲ ਵਿਚ ਜ਼ੇਰੇ ਇਲਾਜ ਹੈ।

ਸੂਤਰਾਂ ਨੇ ਕਿਹਾ ਕਿ ਇਹ ਸ਼ਰਧਾਲੂ ਹੈਦਰਾਬਾਦ ਅਧਾਰਿਤ ਸਮੂਹ ਦਾ ਹਿੱਸਾ ਸਨ, ਜਿਸ ਵਿਚ ਮਹਿਲਾਵਾਂ ਤੇ ਬੱਚੇ ਵੀ ਸ਼ਾਮਲ ਸਨ। ਤਿਲੰਗਾਨਾ ਦੇ ਮੁੱਖ ਮੰਤਰੀ ਏ.ਰੇਵੰਤ ਰੈੱਡੀ ਨੇ ਹਾਦਸੇ ਵਿਚ ਗਈਆਂ ਜਾਨਾਂ ਲਈ ਸੰਵੇਦਨਾ ਜ਼ਾਹਿਰ ਕਰਦਿਆਂ ਮੁੱਖ ਸਕੱਤਰ ਕੇ.ਰਾਮਾਕ੍ਰਿਸ਼ਨਾ ਰਾਓ ਤੇ ਡੀਜੀਪੀ ਸ਼ਿਵਧਰ ਰੈੱਡ ਨੂੰ ਪੀੜਤਾਂ ਬਾਰੇ ਫੌਰੀ ਵੇਰਵੇ ਇਕੱਤਰ ਕਰਨ ਤੇ ਇਹ ਤਸਦੀਕ ਕਰਨ ਲਈ ਕਿਹਾ ਕਿ ਪੀੜਤਾਂ ਵਿਚੋਂ ਕਿੰਨੇ ਵਿਅਕਤੀ ਸੂਬੇ ਨਾਲ ਸਬੰਧਤ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਹਾਦਸੇ ਵਿਚ ਗਈਆਂ ਜਾਨਾਂ 'ਤੇ ਦੁੱਖ ਜਤਾਇਆ ਹੈ। ਉਨ੍ਹਾਂ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਮਦੀਨਾ ਵਿੱਚ ਭਾਰਤੀ ਨਾਗਰਿਕਾਂ ਨਾਲ ਹੋਏ ਹਾਦਸੇ ਤੋਂ ਬਹੁਤ ਦੁੱਖ ਹੋਇਆ। ਮੇਰੀਆਂ ਭਾਵਨਾਵਾਂ ਉਨ੍ਹਾਂ ਪਰਿਵਾਰਾਂ ਨਾਲ ਹਨ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ।ਮੈਂ ਸਾਰੇ ਜ਼ਖ਼ਮੀਆਂ ਦੇ ਜਲਦੀ ਸਿਹਤਯਾਬ ਹੋਣ ਲਈ ਪ੍ਰਾਰਥਨਾ ਕਰਦਾ ਹਾਂ।"

ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਵੀ ਹਾਦਸੇ 'ਤੇ ਦੁੱਖ ਜਤਾਇਆ ਹੈ। ਉਨ੍ਹਾਂ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਸਾਊਦੀ ਅਰਬ ਦੇ ਮਦੀਨਾ ਵਿੱਚ ਭਾਰਤੀ ਨਾਗਰਿਕਾਂ ਨਾਲ ਹੋਏ ਹਾਦਸੇ 'ਤੇ ਡੂੰਘਾ ਦੁੱਖ ਹੈ। ਰਿਆਧ ਵਿੱਚ ਸਾਡਾ ਦੂਤਾਵਾਸ ਅਤੇ ਜੇਦਾਹ ਵਿੱਚ ਕੌਂਸੁਲੇਟ ਇਸ ਹਾਦਸੇ ਤੋਂ ਪ੍ਰਭਾਵਿਤ ਭਾਰਤੀ ਨਾਗਰਿਕਾਂ ਅਤੇ ਪਰਿਵਾਰਾਂ ਨੂੰ ਪੂਰਾ ਸਮਰਥਨ ਦੇ ਰਹੇ ਹਨ। ਦੁਖੀ ਪਰਿਵਾਰਾਂ ਨਾਲ ਦਿਲੋਂ ਸੰਵੇਦਨਾ... ਪ੍ਰਾਰਥਨਾ ਕਰੋ।"

ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਰਾਹਤ ਕਾਰਜਾਂ ਨੂੰ ਤੇਜ਼ ਕਰਨ ਲਈ ਵਿਦੇਸ਼ ਮੰਤਰਾਲੇ ਅਤੇ ਸਾਊਦੀ ਦੂਤਾਵਾਸ ਨਾਲ ਤਾਲਮੇਲ ਕਰਨ ਲਈ ਵੀ ਕਿਹਾ ਹੈ। ਰਾਜ ਸਕੱਤਰੇਤ ਵਿਚ ਇੱਕ ਕੰਟਰੋਲ ਰੂਮ ਨੂੰ ਸਰਗਰਮ ਕਰ ਦਿੱਤਾ ਗਿਆ ਹੈ ਅਤੇ ਰੈਜ਼ੀਡੈਂਟ ਕਮਿਸ਼ਨਰ ਗੌਰਵ ਉੱਪਲ ਨੂੰ ਚੌਕਸ ਰਹਿਣ ਦੀ ਹਦਾਇਤ ਕੀਤੀ ਗਈ ਹੈ।

ਉਧਰ ਹੈਦਰਾਬਾਦ ਤੋਂ ਸੰਸਦ ਮੈਂਬਰ ਅਸਦੁਦੀਨ ਓਵਾਇਸੀ ਨੇ ਕਿਹਾ ਕਿ ਉਨ੍ਹਾਂ ਨੇ ਰਿਆਧ ਵਿੱਚ ਭਾਰਤੀ ਦੂਤਾਵਾਸ ਦੇ ਡਿਪਟੀ ਚੀਫ਼ ਆਫ਼ ਮਿਸ਼ਨ ਅਬੂ ਮਾਥੇਨ ਜੌਰਜ ਨਾਲ ਗੱਲ ਕੀਤੀ ਹੈ, ਜਿਨ੍ਹਾਂ ਨੇ ਉਨ੍ਹਾਂ ਨੂੰ ਜਾਣਕਾਰੀ ਇਕੱਠੀ ਕਰਨ ਦਾ ਭਰੋਸਾ ਦਿੱਤਾ ਹੈ। ਓਵਾਇਸੀ ਨੇ ਕਿਹਾ ਕਿ ਉਨ੍ਹਾਂ ਨੇ ਹੈਦਰਾਬਾਦ ਦੀਆਂ ਦੋ ਟਰੈਵਲ ਏਜੰਸੀਆਂ ਤੋਂ ਪ੍ਰਾਪਤ ਯਾਤਰੀਆਂ ਦੇ ਵੇਰਵੇ ਦੂਤਾਵਾਸ ਅਤੇ ਵਿਦੇਸ਼ ਸਕੱਤਰ ਨਾਲ ਸਾਂਝੇ ਕੀਤੇ ਹਨ। ਸੰਸਦ ਮੈਂਬਰ ਨੇ ਕੇਂਦਰ ਸਰਕਾਰ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੂੰ ਅਪੀਲ ਕੀਤੀ ਕਿ ਉਹ ਪੀੜਤਾਂ ਦੀਆਂ ਲਾਸ਼ਾਂ ਭਾਰਤ ਵਾਪਸ ਲਿਆਉਣ ਅਤੇ ਜ਼ਖਮੀਆਂ ਨੂੰ ਸਹੀ ਡਾਕਟਰੀ ਇਲਾਜ ਯਕੀਨੀ ਬਣਾਉਣ।

### ਬੱਸ ਹਾਦਸੇ ਵਿਚ 45 ਵਿਅਕਤੀਆਂ ਦੀ ਮੌਤ: ਹੈਦਰਾਬਾਦ ਪੁਲੀਸ ਕਮਿਸ਼ਨਰ

ਹੈਦਰਾਬਾਦ ਦੇ ਪੁਲੀਸ ਕਮਿਸ਼ਨਰ ਵੀਸੀ ਸੱਜਨਾਰ ਨੇ ਮੁੱਢਲੀ ਜਾਣਕਾਰੀ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਸਾਊਦੀ ਅਰਬ ਵਿਚ ਹੋਏ ਬੱਸ ਹਾਦਸੇ ਵਿਚ ਘੱਟੋ ਘੱਟ 45 ਲੋਕ ਮਾਰੇ ਗਏ ਹਨ। ਹੈਦਰਾਬਾਦ ਵਿਚ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਪੁਲੀਸ ਅਧਿਕਾਰੀ ਨੇ ਕਿਹਾ ਕਿ 9 ਨਵੰਬਰ ਨੂੰ ਇਥੋਂ 54 ਵਿਅਕਤੀ ਜੇਦਾਹ ਗਏ ਸਨ ਤੇ ਇਨ੍ਹਾਂ ਨੇ 23 ਨਵੰਬਰ ਨੂੰ ਉਥੋਂ ਵਾਪਸ ਆਉਣਾ ਸੀ। ਇਨ੍ਹਾਂ 54 ਵਿਚੋਂ ਚਾਰ ਜਾਣੇ ਵੱਖਰੇ ਤੌਰ 'ਤੇ ਕਾਰ ਰਾਹੀਂ ਮਦੀਨਾ ਦੀ ਯਾਤਰਾ ਕਰ ਰਹੇ ਸਨ ਜਦੋਂਕਿ ਚਾਰ ਹੋਰਨਾਂ ਨੇ ਮੱਕਾ ਵਿਚ ਹੀ ਰਹਿਣ ਦਾ ਫੈਸਲਾ ਕੀਤਾ। ਅਧਿਕਾਰੀ ਮੁਤਾਬਕ ਹਾਦਸੇ ਦਾ ਸ਼ਿਕਾਰ ਬੱਸ ਵਿਚ 46 ਵਿਅਕਤੀ ਮੌਜੂਦ ਸਨ, ਜੋ ਮਦੀਨਾ ਤੋਂ 25 ਕਿਲੋਮੀਟਰ ਦੂਰ ਇਕ ਤੇਲ ਟੈਂਕਰ ਨਾਲ ਟਕਰਾਅ ਗਈ। ਹਾਦਸੇ ਵਿਚ ਸਿਰਫ਼ ਇਕ ਵਿਅਕਤੀ ਬਚਿਆ ਹੈ, ਜਿਸ ਦੀ ਪਛਾਣ 24 ਸਾਲਾ ਮੁਹੰਮਦ ਅਬਦੁਲ ਸ਼ੋਇਬ ਵਜੋਂ ਹੋਈ ਹੈ ਤੇ ਉਹ ਬੱਸ ਦੇ ਡਰਾਈਵਰ ਕੋਲ ਬੈਠਾ ਸੀ। ਫਿਲਹਾਲ ਉਹ ਹਸਪਤਾਲ ਵਿਚ ਜ਼ੇਰੇ ਇਲਾਜ ਹੈ। ਉਸ ਦੀ ਮੌਜੂਦਾ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਹੈ।

# ਬਿਹਾਰ 'ਚ ਨਵੀਂ ਸਰਕਾਰ ਦਾ ਹਲ.ਫਦਾਰੀ ਸਮਾਗਮ 20 ਨੂੰ: ਜੀਤਨ ਮਾਂਝੀ



**ਨਵੀਂ ਦਿੱਲੀ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਮੰਤਰੀ ਅਤੇ ਬਿਹਾਰ ਭਾਜਪਾ ਇੰਚਾਰਜ ਧਰਮੇਂਦਰ ਪ੍ਰਧਾਨ ਅਤੇ ਭਾਜਪਾ ਨੇਤਾ ਵਿਨੋਦ ਤਾਵੜੇ ਨਵੀਂ ਦਿੱਲੀ ਵਿੱਚ ਹਾਲ ਹੀ ਵਿੱਚ ਹੋਈਆਂ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਐਨਡੀਏ ਦੀ ਜਿੱਤ ਤੋਂ ਬਾਅਦ ਕੇਂਦਰੀ ਮੰਤਰੀ ਅਤੇ ਐਚਏਐਮ (ਐਸ) ਮੁਖੀ ਜੀਤਨ ਰਾਮ ਮਾਂਝੀ ਨਾਲ ਮੁਲਾਕਾਤ ਦੌਰਾਨ। ਸੱਤਾਧਾਰੀ ਭਾਜਪਾ-ਜੇਡੀਯੂ ਗੱਠਜੋੜ ਦੀ 243 ਮੈਂਬਰੀ ਬਿਹਾਰ ਵਿਧਾਨ ਸਭਾ ਵਿਚ 202 ਸੀਟਾਂ ਦੇ ਇਤਿਹਾਸਕ ਫਤਵੇ ਨਾਲ ਜ਼ੋਰਦਾਰ ਵਾਪਸੀ ਮਗਰੋਂ ਬਿਹਾਰ ਵਿਚ ਨਵੀਂ ਸਰਕਾਰ ਦੇ ਹਲਫ਼ਦਾਰੀ ਸਮਾਗਮ ਲਈ ਮੰਚ ਤਿਆਰ ਹੋ ਗਿਆ ਹੈ। ਦਿੱਲੀ ਵਿਚ ਮੌਜੂਦ ਹਿੰਦੁਸਤਾਨੀ ਅਵਾਮ ਮੋਰਚਾ (81$) ਦੇ ਮੁਖੀ ਜੀਤਨ ਰਾਮ ਮਾਂਝੀ ਨੇ ਕਿਹਾ ਕਿ ਨਵੀਂ ਸਰਕਾਰ ਦਾ ਹਲਫ਼ਦਾਰੀ ਸਮਾਗਮ 20 ਨਵੰਬਰ ਲਈ ਤਜਵੀਜ਼ਤ ਹੈ।

ਮਾਂਝੀ ਨੇ ਕਿਹਾ ਕਿ ਨਵੀਂ ਸਰਕਾਰ ਵਿਚ ਕਰੀਬ 35 ਮੰਤਰੀ ਹੋਣਗੇ। ਇਨ੍ਹਾਂ ਵਿਚ 14-15 ਭਾਜਪਾ ਤੋਂ, 12-13 ਜੇਡੀਯੂ, ਤਿੰਨ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਤੇ ਇਕ ਇਕ ਹਿੰਦੁਸਤਾਨੀ ਅਵਾਮ ਮੋਰਚਾ ਤੇ ਰਾਸ਼ਟਰੀ ਲੋਕ ਮੋਰਚਾ ਤੋਂ ਹੋਵੇਗਾ।ਮਾਂਝੀ ਨੇ ਹਾਲਾਂਕਿ ਪੱਤਰਕਾਰਾਂ ਨੂੰ ਸਾਫ਼ ਕਰ ਦਿੱਤਾ ਕਿ ਕੁਝ ਵੀ ਅਧਿਕਾਰਤ ਨਹੀਂ ਹੈ। ਉਨ੍ਹਾਂ ਬਿਹਾਰ ਚੋਣਾਂ ਵਿਚ ਮਿਲੀ ਇਤਿਹਾਸਕ ਤੇ ਸ਼ਾਨਦਾਰ ਜਿੱਤ ਦਾ ਸਿਹਰਾ ਮੁੱਖ ਮੰਤਰੀ ਨਿਤੀਸ਼ ਕੁਮਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਿਰ ਬੰਨਿਆ। ਇਸ ਦੌਰਾਨ ਭਾਜਪਾ ਵਿਧਾਇਕ ਦਲ ਪਟਨਾ ਦੇ ਮੁੱਖ ਦਫ਼ਤਰ ਵਿੱਚ ਆਪਣਾ ਆਗੂ ਚੁਣਨ ਲਈ ਮੀਟਿੰਗ ਕਰੇਗਾ। ਇਸ ਬੈਠਕ ਉਪਰੰਤ ਐਨਡੀਏ ਵੱਲੋਂ ਆਪਣੇ ਆਗੂ ਦੀ ਚੋਣ ਕੀਤੀ ਜਾਵੇਗੀ। ਸੂਤਰਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 14 ਨਵੰਬਰ ਨੂੰ ਭਾਜਪਾ ਮੁੱਖ ਦਫ਼ਤਰ ਵਿੱਚ ਜਿੱਤ ਦੇ ਭਾਸ਼ਣ ਵਿੱਚ ਨਿਤੀਸ਼ ਕੁਮਾਰ ਦੀ ਸ਼ਾਨਦਾਰ ਅਗਵਾਈ ਦੀ ਜਨਤਕ ਤੌਰ 'ਤੇ ਸ਼ਲਾਘਾ ਕਰਨ ਦੇ ਹਵਾਲੇ ਨਾਲ ਕਿਹਾ ਕਿ ਨਿਤੀਸ਼ ਕੁਮਾਰ ਪੰਜਵੀਂ ਵਾਰ ਮੁੱਖ ਮੰਤਰੀ ਬਣਨ ਜਾ ਰਹੇ ਹਨ।

# ਬੰਗਲੂਰੂ ਦੀ ਮਹਿਲਾ ਸਾ.ਫਟਵੇਅਰ ਇੰਜਨੀਅਰ ਨਾਲ 31.83 ਕਰੋੜ ਦੀ ਠੱਗੀ

**ਬੰਗਲੂਰੂ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੰਗਲੂਰੂ ਦੀ 57 ਸਾਲਾ ਮਹਿਲਾ ਨੂੰ ਕਥਿਤ 'ਡਿਜੀਟਲ ਅਰੈਸਟ' ਘੁਟਾਲੇ ਵਿਚ 32 ਕਰੋੜ ਰੁਪਏ ਦਾ ਚੂਨਾ ਲੱਗਾ ਹੈ। ਪੁਲੀਸ ਨੇ ਕੇਸ ਦਰਜ ਕਰਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਲਸਾਜ਼ਾਂ ਨੇ ਸੀਬੀਆਈ ਅਧਿਕਾਰੀ ਬਣ ਕੇ ਸਕਾਈਪ ਜ਼ਰੀਏ ਮਹਿਲਾ 'ਤੇ ਲਗਾਤਾਰ ਨਿਗਰਾਨੀ ਰੱਖ ਕੇ ਉਸ ਨੂੰ 'ਡਿਜੀਟਲ ਅਰੈਸਟ' ਦੀ ਹਾਲਤ ਵਿਚ ਰੱਖਿਆ ਤੇ ਉਸ ਦੀ ਦਹਿਸ਼ਤ ਦਾ ਲਾਹਾ ਲੈ ਕੇ ਉਸ ਤੋਂ ਸਾਰੀ ਵਿੱਤੀ ਜਾਣਕਾਰੀ ਹਾਸਲ ਕੀਤੀ ਤੇ 187 ਬੈਂਕ ਟਰਾਂਜ਼ੈਕਸ਼ਨਾਂ ਲਈ ਦਬਾਅ ਪਾਇਆ।

ਸ਼ਹਿਰ ਦੇ ਇੰਦਰਾਨਗਰ ਦੀ ਸਾਫ਼ਟਵੇਅਰ ਇੰਜਨੀਅਰ ਨੇ ਆਪਣੀ ਸ਼ਿਕਾਇਤ ਵਿਚ ਕਿਹਾ ਕਿ ਅਖੀਰ ਵਿਚ 'ਕਲੀਅਰੈਂਸ ਲੈਟਰ' ਮਿਲਣ ਤੱਕ ਜਾਲਸਾਜ਼ਾਂ ਨੇ ਉਸ ਨੂੰ ਛੇ ਮਹੀਨਿਆਂ ਤੋਂ ਵੱਧ ਸਮੇਂ ਤੱਕ 'ਡਿਜੀਟਲ ਗ੍ਰਿਫਤਾਰੀ' ਦੇ ਧੋਖੇ ਵਿਚ ਰੱਖਿਆ। ਇਸ ਦੀ ਸ਼ੁਰੂਆਤ 15 ਸਤੰਬਰ 2024 ਨੂੰ ਇਕ ਵਿਅਕਤੀ ਦੇ ਫੋਨ ਨਾਲ ਹੋਈ, ਜਿਸ ਨੇ ਡੀਐੱਚਐੱਲ ਅੰਧੇਰੀ ਤੋਂ ਹੋਣ ਦਾ ਦਾਅਵਾ ਕਰਦ ਹੋਏ ਦੋਸ਼ ਲਗਾਇਆ ਕਿ ਉਸ ਦੇ ਨਾਮ ਤੋਂ ਬੁੱਕ ਕੀਤੇ ਗਏ ਪਾਰਸਲ ਵਿਚ ਕਰੈਡਿਟ ਕਾਰਡ, ਪਾਸਪੋਰਟ ਤੇ 'ਐੱਮਡੀਐੱਮਏ' ਹਨ ਤੇ ਉਸ ਦੀ ਸ਼ਨਾਖਤ ਦੀ ਦੁਰਵਰਤੋਂ ਕੀਤੀ ਗਈ ਹੈ।$$41 ਇੱਕ ਤਰ੍ਹਾਂ ਦਾ ਨਸ਼ੀਲਾ ਪਦਾਰਥ ਹੈ।

ਔਰਤ ਦੇ ਜਵਾਬ ਦੇਣ ਤੋਂ ਪਹਿਲਾਂ, ਕਾਲ ਉਨ੍ਹਾਂ ਵਿਅਕਤੀਆਂ ਨੂੰ ਟ ?ਰਾਂਸਫਰ ਕਰ ਦਿੱਤੀ ਗਈ ਜੋ ਆਪਣੇ ਆਪ ਨੂੰ 329 ਅਧਿਕਾਰੀ ਹੋਣ ਦਾ ਦਾਅਵਾ ਕਰਦੇ ਸਨ।ਇਨ੍ਹਾਂ ਅਖੌਤੀ ਅਧਿਕਾਰੀਆਂ ਨੇ ਉਸ ਨੂੰ ਧਮਕੀ ਦਿੱਤੀ ਅਤੇ ਦਾਅਵਾ ਕੀਤਾ ਕਿ 'ਸਾਰੇ ਸਬੂਤ ਉਸ ਦੇ ਖਿਲਾਫ਼' ਹਨ। ਔਰਤ ਨੂੰ ਦੋ ਸਕਾਈਪ ਆਈਡੀ ਬਣਾਉਣ ਅਤੇ ਵੀਡੀਓ 'ਤੇ ਰਹਿਣ ਲਈ ਕਿਹਾ ਗਿਆ ਸੀ।

ਮੋਹਿਤ ਹਾਂਡਾ ਨਾਮ ਦੇ ਇੱਕ ਵਿਅਕਤੀ ਨੇ ਦੋ ਦਿਨ ਉਸ ਦੀ ਨਿਗਰਾਨੀ ਕੀਤੀ। ਇਸ ਮਗਰੋਂ ਰਾਹੁਲ ਯਾਦਵ ਨੇ ਇੱਕ ਹਫ਼ਤੇ ਲਈ ਨਜ਼ਰ ਰੱਖੀ। ਇੱਕ ਹੋਰ ਜਾਲਸਾਜ਼ ਪ੍ਰਦੀਪ ਸਿੰਘ ਨੇ ਖ਼ੁਦ ਨੂੰ ਸੀਨੀਅਰ ਸੀਬੀਆਈ ਅਧਿਕਾਰੀ ਵਜੋਂ ਪੇਸ਼ ਕੀਤਾ ਅਤੇ ਉਸ ਨੂੰ ਆਪਣੀ ਬੇਗੁਨਾਹੀ ਸਾਬਤ ਕਰਨ ਲਈ ਦਬਾਅ ਪਾਇਆ।

# ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ, ਪੰਜਾਬ ਨੇ ਦੋ-ਦਿਨਾਂ ਆਰਥੋਪੈਡਿਕ ਓਨਕੋਲੋਜੀ ਕਾਨਫਰੰਸ ਦੀ ਮੇਜ਼ਬਾਨੀ ਕੀਤੀ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ (HBCH&RC), ਪੰਜਾਬ, ਨੇ ਆਪਣੇ ਨਿਊ ਚੰਡੀਗੜ੍ਹ ਕੈਂਪਸ ਵਿਖੇ ਆਰਥੋਪੈਡਿਕ ਓਨਕੋਲੋਜੀ 'ਤੇ ਦੋ-ਦਿਨਾਂ ਕਾਨਫਰੰਸ ਦਾ ਸਫਲਤਾਪੂਰਵਕ ਆਯੋਜਨ ਕੀਤਾ। ਇਸ ਸਮਾਗਮ ਨੇ ਦੇਸ਼ ਭਰ ਦੇ ਮਾਸਪੇਸ਼ੀਆਂ ਦੇ ਓਨਕੋਲੋਜੀ ਦੇ ਖੇਤਰ ਵਿੱਚ ਬਹੁਤ ਸਾਰੇ ਉੱਘੇ ਮਾਹਰਾਂ ਅਤੇ ਮਾਹਿਰਾਂ ਨੂੰ ਆਪਣੇ ਗਿਆਨ, ਨਵੀਨਤਮ ਖੋਜ ਅਤੇ ਕਲੀਨਿਕਲ ਤਜ਼ਰਬਿਆਂ ਨੂੰ ਸਾਂਝਾ ਕਰਨ ਲਈ ਇਕੱਠਾ ਕੀਤਾ।

ਵਿਆਪਕ ਵਿਗਿਆਨਕ ਏਜੰਡਾ ਹੱਡੀਆਂ ਦੇ ਟਿਊਮਰ, ਸੁਭਾਵਕ ਅਤੇ ਘਾਤਕ ਦੋਵਾਂ ਦੇ ਨਿਦਾਨ ਅਤੇ ਪ੍ਰਬੰਧਨ ਦੀ ਵਿਸਤ੍ਰਿਤ ਸਮੀਖਿਆ 'ਤੇ ਕੇਂਦ੍ਰਿਤ ਸੀ। ਭਾਗੀਦਾਰਾਂ ਨੇ ਇਲਾਜ ਦੇ ਮੁਲਾਂਕਣ ਅਤੇ ਯੋਜਨਾਬੰਦੀ ਵਿੱਚ ਇਮੇਜਿੰਗ ਅਤੇ ਹਿਸਟੋਪੈਥੋਲੋਜੀ ਦੀ ਮਹੱਤਵਪੂਰਨ ਸਮਝ ਪ੍ਰਾਪਤ ਕੀਤੀ। ਸੈਸ਼ਨਾਂ ਨੇ ਅਸਲ-ਸੰਸਾਰ ਦੇ ਦ੍ਰਿਸ਼ਾਂ ਦੇ ਅਧਾਰ ਤੇ ਢੁਕਵੇਂ ਦਖਲਅੰਦਾਜ਼ੀ ਦੀ ਯੋਜਨਾ ਬਣਾਉਣ 'ਤੇ ਵਿਹਾਰਕ ਮਾਰਗਦਰਸ਼ਨ ਦੀ ਪੇਸ਼ਕਸ਼ ਕੀਤੀ, ਜਿਸ ਵਿੱਚ ਕੇਸ-ਅਧਾਰਤ ਵਿਚਾਰ-ਵਟਾਂਦਰੇ ਅਤੇ ਬਹੁ-ਅਨੁਸ਼ਾਸਨੀ ਟਿਊਮਰ ਦੇਖਭਾਲ ਦੀ ਡੂੰਘਾਈ ਨਾਲ ਸਮਝ ਲਈ ਵੱਖ-ਵੱਖ ਵਿਸ਼ੇਸ਼ਤਾਵਾਂ ਦੇ ਮਾਹਰਾਂ ਨਾਲ ਇੰਟਰਐਕਟਿਵ ਸਵਾਲ-ਜਵਾਬ ਸ਼ਾਮਲ ਸਨ । ਇਸ ਤੋਂ ਇਲਾਵਾ, ਕਾਨਫਰੰਸ ਨੇ ਉੱਭਰ ਰਹੇ ਰੁਝਾਨਾਂ, ਜਿਵੇਂ ਕਿ ਉੱਨਤ ਅੰਗ ਬਚਾਓ ਤਕਨੀਕਾਂ ਅਤੇ ਗੁੰਝਲਦਾਰ ਹੱਡੀਆਂ ਦੇ ਟਿਊਮਰ ਪ੍ਰਬੰਧਨ ਲਈ ਐਕਸਟਰਾਕਾਰਪੋਰੀਅਲ ਇਰੀਡੀਏਸ਼ਨ ਦੀ ਵਰਤੋਂ, ਦਾ ਸਾਹਮਣਾ ਕੀਤਾ।

ਡਾ. (ਪ੍ਰੋਫੈਸਰ) ਅਸ਼ੀਸ਼ ਗੁਲੀਆ, HBCH&RC ਪੰਜਾਬ ਦੇ ਡਾਇਰੈਕਟਰ, ਜੋ IMSOS (ਦ ਇੰਡੀਅਨ ਮਸਕੂਲੋ ਸਕੈਲੇਟਲ ਓਨਕੋਲੋਜੀ ਸੋਸਾਇਟੀ) ਦੇ ਪ੍ਰਧਾਨ ਵਜੋਂ ਵੀ ਕੰਮ ਕਰਦੇ ਹਨ, ਨੇ ਹੱਡੀਆਂ ਅਤੇ ਨਰਮ ਟਿਸ਼ੂ ਟਿਊਮਰ ਵਾਲੇ ਮਰੀਜ਼ਾਂ ਲਈ ਬਹੁ-ਅਨੁਸ਼ਾਸਨੀ ਦੇਖਭਾਲ ਨੂੰ ਅੱਗੇ ਵਧਾਉਣ ਵਿੱਚ ਅਜਿਹੀਆਂ ਵਿਗਿਆਨਕ ਮੀਟਿੰਗਾਂ ਦੀ ਮਹੱਤਤਾ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਸਬੂਤ-ਅਧਾਰਤ, ਤਾਲਮੇਲ ਵਾਲੀ ਦੇਖਭਾਲ ਰਾਹੀਂ ਮਰੀਜ਼ਾਂ ਦੇ ਨਤੀਜਿਆਂ ਨੂੰ ਵਧਾਉਣ ਲਈ ਡਾਕਟਰਾਂ, ਰੇਡੀਓਲੋਜਿਸਟਾਂ ਅਤੇ ਪੈਥੋਲੋਜਿਸਟਾਂ ਵਿਚਕਾਰ ਨਿਰੰਤਰ ਸਹਿਯੋਗ ਦੀ ਲੋੜ 'ਤੇ ਜ਼ੋਰ ਦਿੱਤਾ।

ਕਾਨਫ਼ਰੰਸ ਭਾਗੀਦਾਰਾਂ ਦੇ ਸਕਾਰਾਤਮਕ ਫੀਡਬੈਕ ਨਾਲ ਸਮਾਪਤ ਹੋਈ, ਜਿਨ੍ਹਾਂ ਨੇ ਵਿਗਿਆਨਕ ਵਿਚਾਰ-ਵਟਾਂਦਰੇ ਦੀ ਗੁਣਵੱਤਾ ਅਤੇ ਸਾਥੀਆਂ ਅਤੇ ਮੋਹਰੀ ਮਾਹਰਾਂ ਨਾਲ ਗਿਆਨ ਦਾ ਆਦਾਨ-ਪ੍ਰਦਾਨ ਕਰਨ ਦੇ ਮੌਕੇ ਦੀ ਸ਼ਲਾਘਾ ਕੀਤੀ।

ਪੰਜਾਬ ਅਤੇ ਗੁਆਂਢੀ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਵਸਨੀਕਾਂ ਨੂੰ ਵਿਸ਼ਵ ਪੱਧਰੀ ਕੈਂਸਰ ਦੇਖਭਾਲ ਪ੍ਰਦਾਨ ਕਰਨ ਦੇ ਯਤਨਾਂ ਵਿੱਚ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਨੇ ਅਗਸਤ, 2022 ਵਿੱਚ ਮੁੱਲਾਂਪੁਰ, ਨਿਊ ਚੰਡੀਗੜ੍ਹ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹਾ, ਮੋਹਾਲੀ ਵਿਖੇ 'ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ' ਰਾਸ਼ਟਰ ਨੂੰ ਸਮਰਪਿਤ ਕੀਤਾ ਸੀ। ਇਹ ਹਸਪਤਾਲ ਭਾਰਤ ਸਰਕਾਰ ਦੇ ਪਰਮਾਣੂ ਊਰਜਾ ਵਿਭਾਗ ਅਧੀਨ ਇੱਕ ਸਹਾਇਤਾ ਪ੍ਰਾਪਤ ਸੰਸਥਾ, ਟਾਟਾ ਮੈਮੋਰੀਅਲ ਸੈਂਟਰ ਦੁਆਰਾ 660 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਨਾਲ ਬਣਾਇਆ ਗਿਆ ਸੀ।

ਕੈਂਸਰ ਹਸਪਤਾਲ 300 ਬਿਸਤਰਿਆਂ ਦੀ ਸਮਰੱਥਾ ਵਾਲਾ ਇੱਕ ਤੀਜੇ ਦਰਜੇ ਦਾ ਦੇਖਭਾਲ ਹਸਪਤਾਲ ਹੈ। ਇਹ ਸਰਜਰੀ, ਰੇਡੀਓਥੈਰੇਪੀ, ਕੀਮੋਥੈਰੇਪੀ, ਇਮਯੂਨੋਥੈਰੇਪੀ ਅਤੇ ਬੋਨ ਮੈਰੋ ਟ ?ਰਾਂਸਪਲਾਂਟ ਵਰਗੇ ਹਰ ਉਪਲਬਧ ਇਲਾਜ ਢੰਗ ਦੀ ਵਰਤੋਂ ਕਰਕੇ ਹਰ ਕਿਸਮ ਦੇ ਕੈਂਸਰ ਦਾ ਇਲਾਜ ਕਰਨ ਲਈ ਆਧੁਨਿਕ ਸਹੂਲਤਾਂ ਨਾਲ ਲੈਸ ਹੈ।

# ਦੂਜੀ ਵਾਰ ਵੀ ਪੇਸ਼ ਨਾ ਹੋਏ ਅਨਿਲ ਅੰਬਾਨੀ



**ਨਵੀਂ ਦਿੱਲੀ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਲਾਇੰਸ ਗਰੁੱਪ ਦੇ ਚੇਅਰਮੈਨ ਅਨਿਲ ਅੰਬਾਨੀ ਨੇ ਸੋਮਵਾਰ ਨੂੰ ਦੂਜੀ ਵਾਰ ਫਾਰੇਨ ਐਕਸਚੇਂਜ ਮੈਨੇਜਮੈਂਟ ਐਕਟ (65$1) ਕੇਸ ਵਿੱਚ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੇ ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਹੈ। ਕਾਰੋਬਾਰੀ ਨੇ ਕਿਹਾ ਕਿ ਉਹ ÷ਵਰਚੁਅਲ ਪੇਸ਼ੀ/ਰਿਕਾਰਡ ਕੀਤੇ ਵੀਡੀਓ÷ ਰਾਹੀਂ ਕੇਂਦਰੀ ਜਾਂਚ ਏਜੰਸੀ ਸਾਹਮਣੇ ਗਵਾਹੀ ਦੇਣ ਲਈ ਤਿਆਰ ਹੈ। ਇਹ ਬਿਆਨ ਉਨ੍ਹਾਂ ਨੇ ਪਹਿਲੇ ਸੰਮਨ ਵੇਲੇ 14 ਨਵੰਬਰ ਨੂੰ ਵੀ ਦਿੱਤਾ ਸੀ।

# ਦਹਿਸ਼ਤੀ ਮੌਡਿਊਲ ਤੇ .ਫਰਜ਼ੀ ਦਸਤਾਵੇਜ਼: ਦਿੱਲੀ ਪੁਲੀਸ ਵੱਲੋਂ ਅਲ ਫਲਾਹ ਯੂਨੀਵਰਸਿਟੀ ਦੇ ਚੇਅਰਮੈਨ ਨੂੰ ਸੰਮਨ ਜਾਰੀ

**ਨਵੀਂ ਦਿੱਲੀ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਪੁਲੀਸ ਨੇ ਫ਼ਰੀਦਾਬਾਦ ਟੈਰਰ ਮੌਡਿਊਲ ਕੇਸ ਤੇ ਧੋਖਾਧਦੀ ਚੱਲ ਰਹੀ ਜਾਂਚ ਦੇ ਸਬੰਧ ਵਿਚ ਅਲ ਫਲਾਹ ਯੂਨੀਵਰਸਿਟੀ ਦੇ ਚੇਅਰਮੈਨ ਨੂੰ ਦੋ ਸੰਮਨ ਜਾਰੀ ਕੀਤੇ ਹਨ। ਦਿੱਲੀ ਪੁਲੀਸ ਨੇ ਫਰੀਦਾਬਾਦ ਅਤਿਵਾਦੀ ਮੌਡਿਊਲ ਮਾਮਲੇ ਦੀ ਚੱਲ ਰਹੀ ਜਾਂਚ ਅਤੇ ਯੂਨੀਵਰਸਿਟੀ ਵਿਰੁੱਧ ਜਾਅਲਸਾਜ਼ੀ ਅਤੇ ਧੋਖਾਧੜੀ ਦੇ ਦੋ ਮਾਮਲਿਆਂ ਦੇ ਸਬੰਧ ਵਿੱਚ ਅਲ ਫਲਾਹ ਯੂਨੀਵਰਸਿਟੀ ਦੇ ਚੇਅਰਮੈਨ ਨੂੰ ਦੋ ਸੰਮਨ ਜਾਰੀ ਕੀਤੇ ਹਨ। ਇਹ ਸੰਮਨ ਉਦੋਂ ਭੇਜੇ ਗਏ ਜਦੋਂ ਤਫ਼ਤੀਸ਼ਕਾਰਾਂ ਨੂੰ ਲੱਗਾ ਕਿ ਯੂਨੀਵਰਸਿਟੀ ਦੇ ਚੇਅਰਮੈਨ ਜਾਵੇਦ ਅਹਿਮਦ ਸਿੱਦੀਕੀ ਦਾ ਬਿਆਨ ਯੂਨੀਵਰਸਿਟੀ ਦੇ ਕੰਮਕਾਜ ਅਤੇ ਸੰਸਥਾ ਨਾਲ ਜੁੜੇ ਵਿਅਕਤੀਆਂ ਦੀਆਂ




ਸਰਗਰਮੀਆਂ ਨਾਲ ਜੁੜੀਆਂ ਕਈ ਅਸੰਗਤੀਆਂ ਨੂੰ ਸਪੱਸ਼ਟ ਕਰਨ ਲਈ ਅਹਿਮ ਹੈ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂਜੀਸੀ) ਅਤੇ ਰਾਸ਼ਟਰੀ ਮੁਲਾਂਕਣ ਅਤੇ ਮਾਨਤਾ ਪ੍ਰੀਸ਼ਦ (ਨੈਕ) ਵੱਲੋਂ ਸ਼ਨਿੱਚਰਵਾਰ ਨੂੰ ਜਤਾਏ ਗਏ ਗੰਭੀਰ ਫ਼ਿਕਰਾਂ ਮਗਰੋਂ ਅਪਰਾਧ ਸ਼ਾਖਾ ਹਰਿਆਣਾ ਸਥਿਤ ਯੂਨੀਵਰਸਿਟੀ ਵਿਰੁੱਧ ਧੋਖਾਧੜੀ ਅਤੇ ਜਾਅਲਸਾਜ਼ੀ ਲਈ ਦੋ ਐਫਆਈਆਰ ਪਹਿਲਾਂ ਹੀ ਦਰਜ ਕਰ ਚੁੱਕੀ ਹੈ। ਅਧਿਕਾਰੀਆਂ ਨੇ ਕਿਹਾ ਕਿ ਦੋਵਾਂ ਰੈਗੂਲੇਟਰੀ ਸੰਸਥਾਵਾਂ ਨੇ ਯੂਨੀਵਰਸਿਟੀ ਦੇ ਮਾਨਤਾ ਦਾਅਵਿਆਂ ਦੀ ਸਮੀਖਿਆ ਕਰਨ ਤੋਂ ਬਾਅਦ 'ਵੱਡੀਆਂ ਬੇਨਿਯਮੀਆਂ' ਨੂੰ ਨਿਸ਼ਾਨਬੱਧ ਕੀਤਾ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੂੰ ਸਬੰਧਤ ਵੇਰਵੇ ਸੌਂਪ ਦਿੱਤੇ।

ਇਕ ਸੀਨੀਅਰ ਅਧਿਕਾਰੀ ਨੇ ਕਿਹਾ, "ਐਫਆਈਆਰਜ਼ ਕਥਿਤ ਤੌਰ 'ਤੇ ਝੂਠੇ ਮਾਨਤਾ ਦਸਤਾਵੇਜ਼ਾਂ ਅਤੇ ਯੂਨੀਵਰਸਿਟੀ ਵੱਲੋਂ ਕੀਤੇ ਗਏ ਦਾਅਵਿਆਂ ਨਾਲ ਸਬੰਧਤ ਹਨ। ਮਾਮਲੇ ਦੀ ਵਿਸਥਾਰ ਨਾਲ ਜਾਂਚ ਕੀਤੀ ਜਾ ਰਹੀ ਹੈ।" ਪੁਲੀਸ ਸੂਤਰਾਂ ਨੇ ਦੱਸਿਆ ਕਿ ਸਿੱਦੀਕੀ ਨੂੰ ਸੰਮਨ ਜਾਰੀ ਕਰਨਾ ਜਾਂਚ ਦੀ ਇੱਕ ਵਿਆਪਕ ਲੜੀ ਦਾ ਹਿੱਸਾ ਹੈ ਜੋ ਪਿਛਲੇ ਹਫ਼ਤੇ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਦੀ ਚੱਲ ਰਹੀ ਜਾਂਚ ਨਾਲ ਮੇਲ ਖਾਂਦਾ ਹੈ। ਧਮਾਕੇ ਨਾਲ ਜੁੜੇ ਕਈ ਮਸ਼ਕੂਕਾਂ ਦੇ ਯੂਨੀਵਰਸਿਟੀ ਨਾਲ ਸਬੰਧ ਹੋਣ ਦਾ ਖ਼ਦਸ਼ਾ ਹੈ, ਜਿਸ ਕਾਰਨ ਤਫ਼ਤੀਸ਼ਕਾਰਾਂ ਨੇ ਸੰਸਥਾਗਤ ਰਿਕਾਰਡਾਂ, ਵਿੱਤੀ ਲੈਣ-ਦੇਣ ਅਤੇ ਪ੍ਰਸ਼ਾਸਕੀ ਪ੍ਰਵਾਨਗੀਆਂ ਦੀ ਜਾਂਚ ਕਰਨ ਦਾ ਫੈਸਲਾ ਕੀਤਾ ਹੈ

# ਰੂਸ ਵਿੱਚ .ਫੌਤ ਹੋਏ ਭਾਰਤੀ ਵਿਦਿਆਰਥੀ ਦੀ ਦੇਹ ਭਾਰਤ ਲਿਆਂਦੀ

**ਜੈਪੁਰ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੂਸ ਵਿੱਚ ਇੱਕ ਡੈਮ ਤੋਂ ਬਰਾਮਦ 22 ਸਾਲਾ ਭਾਰਤੀ ਵਿਦਿਆਰਥੀ ਦੀ ਦੇਹ ਸੋਮਵਾਰ ਸਵੇਰੇ ਰਾਜਸਥਾਨ ਦੇ ਅਲਵਰ ਪਹੁੰਚੀ ਹੈ। ਲਕਸ਼ਮਣਗੜ੍ਹ ਤਹਿਸੀਲ ਦੇ ਕਾਫ਼ਣਵਾੜਾ ਪਿੰਡ ਦਾ ਰਹਿਣ ਵਾਲਾ ਅਜੀਤ ਚੌਧਰੀ ਰੂਸ ਵਿੱਚ ਐੱਮਬੀਬੀਐੱਸ ਦੀ ਪੜ੍ਹਾਈ ਕਰ ਰਿਹਾ ਸੀ ਅਤੇ 19 ਅਕਤੂਬਰ ਤੋਂ ਲਾਪਤਾ ਸੀ। ਉਸ ਦੀ ਦੇਹ 6 ਨਵੰਬਰ ਨੂੰ ਊਫਾ (Ufa) ਵਿੱਚ ਵ ?ਹਾਈਟ ਰਿਵਰ (White River) ਦੇ ਨੇੜਿਓਂ ਮਿਲੀ ਸੀ। ਮ੍ਰਿਤਕ ਦੇ ਰਿਸ਼ਤੇਦਾਰ ਭੰਵਰ ਸਿੰਘ ਨੇ ਪੁਸ਼ਟੀ ਕੀਤੀ ਕਿ ਦੇਹ ਨੂੰ ਪੋਸਟਮਾਰਟਮ ਲਈ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਹਿਲਾ ਪੋਸਟਮਾਰਟਮ ਰੂਸ ਵਿੱਚ ਕਰਵਾਇਆ ਗਿਆ ਸੀ।

# ਬੁੱਲੇਵਾਲ ਦੀ ਛਿੰਝ ਦੌਰਾਨ ਝੰਡੀ ਦੀ ਕੁਸ਼ਤੀ ਵਿੱਚ ਨਿਸ਼ਾਤ ਹਰਿਆਣਾ ਨੇ ਤਾਲਿਬ ਬਾਬਾ ਫਲਾਹੀ ਨੂੰ ਅੰਕਾਂ ਦੇ ਅਧਾਰ ਹਰਾਇਆ

**ਮਾਛੀਵਾੜਾ ਸਾਹਿਬ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਿੰਡ ਬੁੱਲੇਵਾਲ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਛਿੰਝ ਕਮੇਟੀ ਵੱਲੋਂ ਗਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ , ਇਲਾਕਾ ਨਿਵਾਸੀਆਂ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦਸਵਾਂ ਗਿਆ।

ਇਸ ਛਿੰਝ ਦੇ ਮੁੱਖ ਪ੍ਰਬੰਧਕ ਹਰਵਿੰਦਰ ਸਿੰਘ, ਮਨਪ੍ਰੀਤ ਮੰਨਾ ਸਰਪੰਚ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਛਿੰਝ ਦੌਰਾਨ ਝੰਡੀ ਦੀ ਕੁਸ਼ਤੀ ਤਾਲਿਬ ਬਾਬਾ ਫਲਾਹੀ ਅਤੇ ਨਿਸ਼ਾਤ ਹਰਿਆਣਾ ਦੇ ਵਿਚਕਾਰ ਹੋਈ, ਜਿਸ ਵਿੱਚ ਦੋਨਾਂ ਪਹਿਲਵਾਨਾਂ ਵਿੱਚ ਕਾਂਟੇ ਬਾਅਦ ਪੁਅਇੰਟਾਂ ਤੇ ਕਰਵਾਈ ਗਈ ਜਿਸ ਵਿੱਚ ਨਿਸ਼ਾਤ ਹਰਿਆਣਾ ਨੇ ਪੁਆਇੰਟ ਬਣਾ ਕੇ ਝੰਡੀ ਦੀ ਕੁਸ਼ਤੀ ਤੇ ਕਬਜਾ ਕਰ ਲਿਆ। ਇਸ ਕੁਸ਼ਤੀ ਦਾ ਦਰਸ਼ਕਾਂ ਨੇ ਖੂਬ ਅਨੰਦ ਮਾਣਿਆ। ਦੋ ਨੰਬਰ ਦੀ ਝੰਡੀ ਦੀ ਕੁਸਤੀ ਵਿੱਚ ਸਹਿਬਾਜ ਆਲਮਗੀਰ ਤੇ ਸ਼ੁਭਮ ਰਾਈਏਵਾਲ ਦੇ ਵਿਚਕਾਰ ਕੁਸ਼ਤੀ ਕੁਸ਼ਤੀ ਵਿੱਚ ਜੱਸਾ ਢਿੱਲਵਾ ਨੇ ਛੋਟਾ ਗੌਰਵ ਮਾਛੀਵਾੜਾ ਨੂੰ ਅੰਕਾਂ ਦੇ ਆਧਾਰ ਤੇ ਹਰਾਇਆ।

ਹੋਰ ਮੁਕਾਬਲਿਆਂ ਵਿੱਚ ਪੂਰਨ ਮੰਡ ਚੌਂਤਾਂ ਨੇ ਅਸ਼ੋਕ ਦੋਰਾਹਾ ਨੂੰ ਹਰਾਇਆ, ਜਦਕਿ ਰੁਸਤਮ ਮਾਛੀਵਾੜਾ ਨੇ ਬਿੱਟਾ ਮੰਗਲੀ ਨੂੰ, ਲਾਲ ਮੰਡ ਚੌਤਾ ਨੇ ਸੰਤ ਉੱਚਾ ਪਿੰਡ ਨੂੰ, ਯੁਗਰਾਜ ਚਮਕੌਰ ਲਾਡੀ ਬਾਹੜਲੋਵਾਲ ਨੇ ਅਜੇ ਦੋਰਾਹੇ ਨੂੰ, ਕੁੱਕੂ ਬਲੀਏਵਾਲ ਨੇ ਟੈਨਸ਼ਨ ਬਾਹਰੜੋਵਾਲ ਨੂੰ, ਭੱਟੀ ਮਾਛੀਵਾੜਾ ਨੇ ਰਾਜੂ ਸਮਰਾਲਾ ਨੂੰ ਚਿੱਤ ਕੀਤਾ। ਇਸ ਤੋਂ ਇਲਾਵਾ ਹੋਰ ਵੀ ਅਨੇਕਾਂ ਕੁਸਤੀਆਂ ਦੇ ਮੁਕਾਬਲੇ ਦਿਲਚਸਪ ਰਹੇ।

ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪੁੱਜੇ ਮੁੱਖ ਮਹਿਮਾਨ ਰੁਪਿੰਦਰ ਸਿੰਘ ਇੰਚਾਰਜ ਸਮਰਾਲਾ, ਸਾਬਕਾ ਚੇਅਰਮੈਨ ਸ਼ਕਤੀ ਅਨੰਦ ,ਬਾਬਾ ਦੀਪਾ ਬਾਬਾ ਫਲਾਹੀ, ਮਾਰਕੀਟ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਗਿੱਲ, ਕੌਂਸਲਰ ਜਗਮੀਤ ਸਿੰਘ ਮੱਕੜ, ਨਵਜੀਤ ਸਿੰਘ ਓਟਾਲ ਪੀ.ਏ.,ਛਿੰਦਾ ਠੇਕੇਦਾਰ, ਪਰਮਿੰਦਰ ਤਿਵਾੜੀ ਬਲਾਕ ਪ੍ਰਧਾਨ ਕਾਂਗਰਸ, ਗੁਰਵਿੰਦਰ ਸਿੰਘ ਬੱਬੂ ਏ.ਐਸ.ਆਈ., ਅਵਤਾਰ ਸਿੰਘ ਨੰਬਰਦਾਰ, ਲੱਕੀ ਡਾਕਟਰ ਉਧੋਵਾਲ, ਕਰਨੈਲ ਸਿੰਘ ਝੜੌਦੀ, ਅੰਗਰੇਜ਼ ਸਿੰਘ ਬੱਬੂ ਸਰਪੰਚ ਜੋਧਵਾਲ, ਬੰਤ ਸਿੰਘ ਸਰਪੰਚ ਉਧੋਵਾਲ, ਮਨੀਸ਼ ਸ਼ਰਮਾ, ਧਰਮਪਾਲ ਸਰਪੰਚ, ਨਿਰਮਲ ਸਿੰਘ ਸਰਪੰਚ ਰਹੀਮਾਬਾਦ, ਸੰਦੀਪ ਘਈ ਸਰਪੰਚ ਰਹੀਮਾਬਾਦ ,ਹੈਪੀ ਬਾਬਾ ਅਮਰੀਕ ਸਿੰਘ ਟਾਡਾ, ਜਸਵੰਤ ਸਿੰਘ ਯੂ.ਐਸ.ਏ., ਜਗਦੇਵ ਸਿੰਘ ਸਰਪੰਚ, ਮੋਹਣ ਸਿੰਘ ਝੱਜ , ਪ੍ਰਧਾਨ ਜਗਦੀਪ ਸਿੰਘ ਝੱਜ, ਗੁਰਜੀਤ ਸਿੰਘ ਮਾਣਕੀ, ਪ੍ਰਿੰਸ ਲੱਖੋਵਾਲ, ਪ੍ਰਕਾਸ਼ ਸਿੰਘ ਉਧੋਵਾਲ ਕਲਾ ਜਸਪਾਲ ਰਾਣਾ , ਯੁਵਰਾਜਜੀਤ ਸਿੰਘ ਰਾਏ, ਰਾਏ ਸਰਪੰਚ ਚੱਕੀ, ਆਦਿ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

# ਸ੍ਰੀ ਗੁਰੂ ਨਾਨਕ ਦੇਵ ਜੀ - ਜੀਵਨ ਅਤੇ ਚਿੰਤਨ

- ਡਾ. ਹਰਜਿੰਦਰ ਸਿੰਘ ਦਿਲਗੀਰ



ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ਬਾਨੀ ਸਨ। ਉਹ ਰੂਹਾਨੀ ਦੁਨੀਆਂ ਦੇ ਨਵੇਂ ਯੁੱਗ ਦੇ ਮੋਢੀ ਸਨ। ਉਹ ਰੂਹਾਨੀ ਜਹਾਨ ਦੇ ਲਾਸਾਨੀ ਫਿਲਾਸਫਰ ਵੀ ਸਨ।

ਗੁਰੂ ਨਾਨਕ ਸਾਹਿਬ ਅਜ਼ੀਮ ਸ਼ਖ਼ਸੀਅਤ ਸਨ। ਉਹ ਇਕ 'ਰੂਹਾਨੀ ਚੁੰਬਕ' ਲੋਹੇ ਦੇ ਹਰ ਇਕ ਕਣ ਨੂੰ ਆਪਣੇ ਵੱਲ ਖਿੱਚ ਲੈਂਦਾ ਹੈ, ਉਵੇਂ ਹੀ ਗੁਰੂ ਨਾਨਕ ਸਾਹਿਬ ਹਰ ਇਨਸਾਨ ਨੂੰ ਆਪਣੇ ਸਿਖਿਆ ਨਾਲ ਸਿੱਖ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਵੱਡੇ ਵੱਡੇ ਆਲਮ ਤੇ ਫਾਜ਼ਲ (ਵਿਦਵਾਨ) ਲੋਕ, ਰਾਜੇ-ਮਹਾਰਾਜੇ, ਜਗੀਰਦਾਰ, ਚੌਧਰੀ, ਅਮੀਰ ਤੇ ਸ਼ਾਹ, ਮਿਹਨਤਕਸ਼ ਤੇ ਫਕੀਰ ਆਪ ਨੇ ਮੁਰੀਦ ਬਣਾਏ। ਭਾਵੇਂ ਗੁਰੂ ਸਾਹਿਬ ਨੇ ਕਿਸੇ ਨੂੰ ਸਿੱਖ ਬਣਨ ਵਾਸਤੇ ਨਹੀਂ ਕਿਹਾ ਪਰ ਜੋ ਵੀ ਸ਼ਖ਼ਸ ਉਨ੍ਹਾਂ ਨੂੰ ਮਿਲਿਆ ਉਹ ਸਦਾ ਵਾਸਤੇ ਉਨ੍ਹਾਂ ਦਾ ਨਾਮ ਲੇਵਾ ਹੋ ਗਿਆ।

ਗੁਰੂ ਸਾਹਿਬ ਮਹਾਨ ਪ੍ਰਚਾਰਕ ਸਨ। ਉਨ੍ਹਾਂ ਨੇ 40-50 ਹਜ਼ਾਰ ਕਿਲੋਮੀਟਰ ਪੈਦਲ ਚੱਲ ਕੇ ਕਈ ਮੁਲਕਾਂ ਦਾ ਦੌਰਾ ਕੀਤਾ ਅਤੇ ਸੈਂਕੜੇ ਨਗਰਾਂ ਦੇ ਲੋਕਾਂ ਨੂੰ ਰੂਹਾਨੀਅਤ ਦਾ ਪਾਠ ਪੜ੍ਹਾਇਆ। ਉਨ੍ਹਾਂ ਨੇ ਲੋਕਾਂ ਦੀ ਸਮਾਜਿਕ ਅਤੇ ਧਾਰਮਿਕ ਜ਼ਿੰਦਗੀ ਵੀ ਬਦਲ ਦਿਤੀ। ਉਹ ਪੰਜਾਬ ਦੇ ਪਹਿਲੇ ਤਾਰੀਖ਼ਦਾਨ (ਇਤਿਹਾਸਕਾਰ) ਵੀ ਸਨ। ਉਨ੍ਹਾਂ ਦੀਆਂ ਰਚਨਾਵਾਂ 'ਬਾਬਰ ਵਾਣੀ', 'ਆਸਾ ਦੀ ਵਾਰ', 'ਸਿੱਧ ਗੋਸ਼ਟ' ਵਗੈਰਾ ਉਸ ਜ਼ਮਾਨੇ ਦੀ ਕੀਮਤੀ ਤਵਾਰੀਖ ਹਨ। ਤਵਾਰੀਖ ਦੀ ਅਜਿਹੀ ਕਮਾਲ ਦੀ ਜਾਣਕਾਰੀ ਤੇ ਬਿਆਨ ਉਨ੍ਹਾਂ ਤੋਂ ਬਾਅਦ ਦੇ ਲੇਖਕਾਂ ਵਿਚ ਨਹੀ ਮਿਲਦੀ।

ਗੁਰੂ ਸਾਹਿਬ ਨੇ ਇਨਸਾਨ ਨੂੰ ਅਣਖ ਨਾਲ ਜੀਣ ਦਾ ਪੈਗਾਮ ਦਿਤਾ। ਬੇਗੈਰਤ ਇਨਸਾਨ ਦੀ ਜ਼ਿੰਦਗੀ ਨੂੰ ਉਨ੍ਹਾਂ ਨੇ ਹਰਾਮ ਆਖਿਆ।

ਗੁਰੂ ਸਾਹਿਬ ਨੇ 'ਸਚਿਆਰ' ਦੀ ਜ਼ਿੰਦਗੀ ਜਿਉਣ (ਕਿਰਤ ਕਰਣਾ, ਵੰਡ ਛੱਕਣਾ, ਨਾਮ ਜਪਣਾ) ਦਾ ਸਬਕ ਦਿਤਾ। ਹਰ ਇਨਸਾਨ ਨੂੰ ਕਿਰਤ ਕਮਾਈ ਦੀ, ਹੱਕ ਹਲਾਲ ਦੀ ਤੇ ਇਮਾਨਦਾਰੀ ਦੀ ਕਮਾਈ ਕਰਨੀ ਚਾਹੀਦੀ ਹੈ। ਹਰ ਇਨਸਾਨ ਦਾ ਫਰਜ ਹੈ ਕਿ ਉਹ ਆਪਣੀ ਕਮਾਈ ਵਿਚੋਂ ਦਸਵੰਦ ਕੱਢ ਕੇ ਲੋਕਾਈ ਦੀ ਭਲੇ ਵਾਸਤੇ ਖਰਚ ਕਰੇ ਅਤੇ ਲੋੜਵੰਦਾਂ ਤੇ ਮਜ਼ਬੂਰ ਤੇ ਲਾਚਾਰ ਲੋਕਾਂ ਦੀ ਮਦਦ ਕਰੇ। ਉਨ੍ਹਾਂ ਨੇ ਹਰ ਸਿੱਖ ਨੂੰ ਸਮਾਜ ਦਾ ਫਾਇਦੇ ਵਾਲਾ ਹਿੱਸਾ ਬਣਾਇਆ। ਉਨ੍ਹਾਂ ਆਖਿਆ ਕਿ ਹਰ ਇਨਸਾਨ ਦਾ ਫ਼ਰਜ਼ ਹੈ ਕਿ ਉਹ ਲੋਕਾਈ ਦੇ ਭਲੇ ਵਿਚ ਆਪਣਾ ਵੱਧ ਤੋਂ ਵੱਧ ਹਿੱਸਾ ਪਾਵੇ। ਹਰ ਇਨਸਾਨ ਨੂੰ ਕਿਰਤ ਕਰਨ ਤੇ ਵੰਡ ਛੱਕਣ ਦੇ ਨਾਲ-ਨਾਲ ਰੱਬ ਦਾ ਨਾਮ ਵੀ ਜਪਣਾ (ਉਸਨੂੰ ਹਰ ਵੇਲੇ ਯਾਦ ਰੱਖਣਾ) ਚਾਹੀਦਾ ਹੈ। ਰੱਬ ਦਾ ਨਾਮ ਜਪਣ ਦਾ ਮਤਲਬ ਹਰ ਵੇਲੇ ਰੱਬ-ਰੱਬ (ਜਾਂ ਵਾਹਿਗੁਰੂ-ਵਾਹਿਗੁਰੂ) ਕਹੀ ਜਾਣਾ ਨਹੀਂ ਹੈ ਬਲਕਿ ਰੱਬ ਨੂੰ ਹਰ ਥਾਂ ਹਾਜ਼ਰ ਨਾਜ਼ਰ ਜਾਣ ਕੇ, ਉਸਦੇ ਪਵਿੱਤਰ ਤੇ ਨਿਰਮਲ ਭਉ ਵਿਚ ਰਹਿ ਕੇ ਜ਼ਿੰਦਗੀ ਜਿਊਣੀ ਚਾਹੀਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਕਿਹਾ ਕਿ ਰੱਬ ਨਿੰਰਕਾਰ ਹੈ। ਉਸ ਦਾ ਕੋਈ ਰੰਗ, ਸ਼ਕਲ ਨਹੀਂਹੈ। ਇਸ ਕਰਕੇ ਉਸਦੀ ਕੋਈ ਮੂਰਤੀ ਜਾਂ ਬੁੱਤ ਵੀ ਨਹੀਂ ਹੋ ਸਕਦਾ। ਉਹ ਕਦੇ ਵੀ ਇਨਸਾਨੀ ਰੂਪ ਵਿਚ ਨਹੀਂ ਆਉਂਦਾ। ਅਕਾਲ ਪੁਰਖ ਸਾਰੀ ਦੁਨੀਆਂ ਵਿਚ ਰਮਿਆ ਹੋਇਆ ਹੈ। ਅਸੀਂ ਰੱਬ ਨੂੰ ਉਸਦੀ ਕੁਦਰਤ ਵਿਚੋਂ ਵੇਖ ਸਕਦੇ ਹਾਂ। ਉਸਦੀ ਪੈਦਾ ਕੀਤੀ ਦੁਨੀਆਂ ਤੇ ਅਸੀਂ ਵਿਸਮਾਦ ਜਾਹਿਰ ਕਰ ਸਕਦੇ ਹਾਂ। ਉਸਦੀ ਕੁਦਰਤ ਵਿਚੋਂ ਅਸੀਂ ਉਸਦੀ ਮਹਾਨਤਾ, ਤਾਕਤ ਤੇ ਹੱਸਤੀ ਦਾ ਅਹਿਸਾਸ ਕਰ ਸਕਦੇ ਹਾਂ। ਸਾਰੀ ਦੁਨੀਆਂ, ਸਾਰੀ ਕਾਇਨਾਤ ਉਸਦੇ ਹੁਕਮ ਅਨੁਸਾਰ ਚੱਲ ਰਹੀ ਹੈ। ਉਨ੍ਹਾਂ ਦੱਸਿਆ ਕਿ ਅਕਾਲ ਪੁਰਖ ਦੀ ਨਿਗਾਹ ਵਿਚ ਕੋਈ ਛੋਟਾ ਜਾਂ ਵੱਡਾ ਨਹੀਂ ਹੈ। ਉਸ ਵਾਸਤੇ ਕੋਈ ਚੁਣੇ ਹੋਏ ਜਾਂ ਰੱਦ ਕੀਤੇ ਹੋਏ ਲੋਕ ਨਹੀਂ ਸਨ। ਰੱਬ ਸਾਰੀਆਂ ਤੇ ਇੱਕੋ ਜਿਹੀ ਨਜ਼ਰ ਰੱਖਦਾ ਹੈ। ਉਸਦੀ ਕਿਰਪਾ, ਮਿਹਰ, ਬਖ਼ਸ਼ਿਸ਼, ਉਸਦਾ ਪ੍ਰਸ਼ਾਦ ਹਰ ਇੱਕ ਵਾਸਤੇ ਇਕੋ ਜਿਹਾ ਹੈ। ਕਿਵੇਂ ਹੀ ਉਸਦਾ ਇਨਸਾਫ਼ ਹਰ ਇੱਕ ਵਾਸਤੇ ਇਕੋ ਜਿਹਾ ਹੈ। ਪਰ ਜਿਨਾ ਕੋਈ ਦਇਆ, ਪਿਆਰ, ਨੇਕੀ, ਇਨਸਾਨੀਅਤ ਨਹੀਂ ਹੁੰਦੀ ਤੇ ਜੋ ਖੁਦ ਨਫ਼ਰਤ ਫੈਲਾਉਂਦੇ ਹਨ ਉਹ ਰੱਬ ਦੀ ਬਖ਼ਸ਼ਿਸ਼ ਤੋਂ ਵਾਂਝੇ ਰਹਿ ਜਾਂਦੇ ਹਨ। ਉਹ ਅਜਿਹੇ ਸ਼ਖਸ਼ ਵੀ ਮੁੜ ਰੱਬ ਦੇ ਰਸਤੇ ਚੱਲ ਕੇ ਉਸਦੀ ਬਖ਼ਸ਼ਿਸ਼ ਹਾਸਲ ਕਰ ਸਕਦੇ ਹਨ। ਇਨਸਾਨ ਨੂੰ ਰੱਬ ਦੇ ਭਾਣੇ ਵਿਚ ਰਹਿਣਾ ਚਾਹੀਦਾ ਹੈ। ਰੱਬ ਨਾਲ ਸ਼ਿਕਵਾ-ਸ਼ਿਕਾਇਤ ਕਰਨਾ ਉਸਦਾ ਭਾਣਾ ਨਾ ਮੰਨਣਾ ਹੈ।

ਗੁਰੂ ਨਾਨਕ ਦੇਵ ਜੀ ਔਰਤ ਨੂੰ ਮਰਦ ਤੋਂ ਨੀਵਾਂ ਦਰਜਾ ਦੇਣ ਨੂੰ ਵੀ ਗੈਰ ਰੂਹਾਨੀ ਸੋਚ ਆਖਦੇ ਹਨ। ਜਿਹੜੀ ਔਰਤ ਰਾਜਿਆਂ ਤੇ ਮਹਾਨ ਰੂਹਾਨੀ ਹੱਸਤੀਆਂ ਨੂੰ ਜਨਮ ਦਿੰਦੀ ਹੈ, ਉਹ ਮਾੜੀ ਕਿੰਝ ਹੋ ਸਕਦੀ ਹੈ?

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥***

ਗੁਰੂ ਨਾਨਕ ਦੇਵ ਜੀ ਨੇ ਰੂਹਾਨੀਅਤ ਅਤੇ ਸੇਵਾ ਨੂੰ ਇੱਕ ਦੂਜੇ ਦਾ ਪੂਰਕ ਬਣਾਇਆ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਤੋਂ ਬਿਨਾਂ ਰੂਹਾਨੀਅਤ ਅਧੂਰਾ ਹੈ ਅਤੇ ਲੋਕਾਈ ਦੇ ਭਲੇ ਤੋਂ ਬਿਨਾਂ ਰੂਹਾਨੀਅਤ ਫੋਕੀ ਹੈ। ਉਨ੍ਹਾਂ ਧਰਮ ਨੂੰ ਭਾਈਚਾਰਕ ਰੂਹਾਨੀਅਤ ਦਾ ਆਧਾਰ ਬਣਾਇਆ। ਗੁਰੂ ਨਾਨਕ ਦੇਵ ਜੀ ਗ੍ਰਹਿਸਤ ਧਰਮ ਨੂੰ ਇਨਸਾਨ ਵਾਸਤੇ ਸਭ ਤੋਂ ਚੰਗਾ ਰਸਤਾ ਕਹਿੰਦੇ ਹਨ। ਇਸ ਦੁਨੀਆਂ ਵਿਚ ਰਹਿਣ ਵਾਲੇ ਇਨਸਾਨ ਦੀਆਂ ਕੁਝ ਬੁਨਿਆਦੀ ਜਿਸਮਾਨੀ ਲੋੜਾਂ ਵੀ ਹਨ। ਗੁਰੂ ਨਾਨਕ ਦੇਵ ਜੀ ਇਨਸਾਨ ਦੀ ਜ਼ਿੰਦਗੀ ਦੇ ਇਸ ਪਹਿਲੂ ਨੂੰ ਰੱਦ ਨਹੀਂ ਕਰਦੇ। ਉਹ ਕਹਿੰਦੇ ਹਨ ਕਿ ਇਨਸਾਨ ਨੂੰ ਮੋਹ ਮਾਇਆ ਛੱਡਣੀ ਚਾਹੀਦੀ ਹੈ, ਦੁਨੀਆਂ ਨਹੀਂ। ਇਨਸਾਨ ਨੂੰ ਇਸ ਦੁਨੀਆਂ ਦੀ ਪੱਕੜ ਤੋਂ ਆਜ਼ਾਦ ਰਹਿਣਾ ਚਾਹੀਦਾ ਹੈ। ਨਾ ਕੀ ਦੁਨੀਆਦਾਰੀ ਹੀ ਛੱਡ ਦੇਣੀ ਚਾਹੀਦੀ ਹੈ। ਦੁਨੀਆਂ ਤਿਆਗਣਾ ਤਾਂ ਮੈਦਾਨ ਵਿਚੋਂ ਦੌੜਨ ਵਾਲੀ ਗੱਲ ਹੈ। ਦੂਜਾ, ਦੁਨੀਆਂ ਤਿਆਗ ਕੇ ਫੇਰ ਗ੍ਰਹਿਸਥੀਆਂ ਤੋਂ ਹੀ ਬੁਨਿਆਦੀ ਜ਼ਰੂਰਤਾਂ ਵਾਸਤੇ ਮਦਦ ਮੰਗਣੀ ਪੈਂਦੀ ਹੈ, ਸੋ ਇਹ ਤਾਂ ਇੱਕ ਕਿਸਮ ਦਾ ਦੰਭ ਹੀ ਹੈ।

ਗੁਰੂ ਨਾਨਕ ਦੇਵ ਜੀ ਦਾ ਸਬਕ ਸੀ ਕਿ ਇਨਸਾਨ ਨੇ ਮੁਕਤੀ ਇਸੇ ਜ਼ਿੰਦਗੀ ਵਿਚ ਹਾਸਲ ਕਰਨੀ ਹੈ। ਸਿੱਖ ਫਲਸਫੇ ਮੁਤਾਬਕ ਆਪਣੇ ਆਪ ਨੂੰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਹਉਮੈ ਤੋਂ ਬਚਾਅ ਲੈਣਾ ਹੀ ਮੁਕਤੀ ਹੈ। ਮੁਕਤੀ ਕੋਈ ਕਰਨ ਪਿੱਛੋਂ ਹਾਸਲ ਕਰਨ ਵਾਲੀ ਸ਼ੈਅ ਨਹੀਂ ਹੈ। ਮਰਨ ਮਗਰੋਂ ਹਾਸਲ ਹੋਣ ਵਾਲੀ ਤਾਂ ਅਖੌਤੀ ਮੁਕਤੀ ਹੈ। (ਉਸ ਹਿਸਾਬ ਨਾਲ ਤਾਂ ਮੌਤ ਹੀ ਮੁਕਤੀ ਹੈ) ਅਸਲ ਮੁਕਤੀ ਤਾਂ ਜੀਵਨ ਮੁਕਤੀ ਹੈ ਜੋ ਇਨਸਾਨ ਹੀ ਜੀਊਂਦਿਆਂ ਹੀ ਹਾਸਲ ਕਰ ਸਕਦਾ ਹੈ।

ਉਨ੍ਹਾਂ ਨੇ ਇਨਸਾਨ ਨੂੰ ਸਾਦੀ ਜ਼ਿੰਦਗੀ ਜੀਊਣ ਦਾ ਸਬਕ ਦਿੱਤਾ। ਉਨ੍ਹਾਂ ਕਿਹਾ ਕਿ ਬੰਦਾ ਆਪਣੀਆਂ ਖਾਹਿਸ਼ਾਂ ਵਧਾਉਂਦਾ ਵਧਾਉਂਦਾ ਇਸ ਮਾਇਆ ਜਾਲ ਵਿਚ ਫਸ ਜਾਂਦਾ ਹੈ ਤੇ ਫਿਰ ਵਧੀਆਂ ਖਾਹਿਸ਼ਾਂ ਦੀ ਪੂਰਤੀ ਵਾਸਤੇ ਪਾਪ ਕਰ ਕਰਦਾ ਹੈ। ਉਨ੍ਹਾਂ ਨੇ ਕਰਮ ਕਾਂਡ ਤੇ ਧਾਰਮਿਕ ਦਿਖਾਵੇ ਨੂੰ ਪਾਖੰਡ ਦੱਸਿਆ ਅਤੇ ਕਿਹਾ ਕਿ ਚੰਗਾ ਇਨਸਾਨ ਬਣਨਾ ਹੀ ਅਸਲ ਧਰਮ ਹੈ। ਧਰਮ ਵਿਚ ਸੱਚ, ਪਿਆਰ, ਇਨਸਾਨੀਅਤ, ਇਨਸਾਫ਼, ਸਾਦਾ ਜੀਵਨ, ਲੋਕ ਸੇਵਾ, ਵਿਕਾਰਾਂ ਤੋਂ ਬੱਚਣਾ, ਮਨ ਦੀਆਂ ਖ਼ਾਹਿਸ਼ਾਂ ਤੇ ਕਾਬੂ ਪਾਉਣਾ (ਮਨ ਨੂੰ ਜਿੱਤਣਾ) ਹੀ ਅਸਲ ਕਰਮ ਤੇ ਭਗਤੀ ਹਨ। ਗੁਰੂ ਨਾਨਕ ਦੇਵ ਜੀ ਪਹਿਲੇ ਧਾਰਮਿਕ ਮੁਖੀ ਸਨ ਜਿਨ੍ਹਾਂ ਨੇ ਧਰਤੀ ਦੀ ਰਚਨਾ ਤੇ ਇਸ ਬ੍ਰਹਿਮੰਡ ਦੀ ਵਿਸ਼ਾਲਤਾ ਬਾਰੇ ਅਜੋਕੀ ਸਾਇੰਸ ਤੋਂ ਵੀ ਅਗਲੇਰੀਆਂ ਗੱਲਾਂ ਪੇਸ਼ ਕੀਤੀਆਂ ਸਨ। ਅੱਜ ਜੋ ਕੁਝ ਸਾਇੰਸ ਮੰਨ ਰਹੀ ਹੈ ਉਸਦਾ ਬਹੁਤ ਹਿੱਸਾ ਗੁਰੂ ਨਾਨਕ ਦੇਵ ਜੀ ਦੀ 'ਬਾਣੀ ਵਿਚ ਪਹਿਲੋਂ ਹੀ ਮੌਜੂਦ ਹੈ।

# ਵਿਸ਼ਵ ਸ਼ਾਂਤੀ ਤੇ ਧਾਰਮਿਕ ਚੇਤਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ

**ਜਸਮੀਨ ਕੌਰ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ-ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮਕਾਂਡਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ, ਸਭ ਜੋਕਾਂ ਵਾਂਗ ਲੋਕਾਂ ਦਾ ਖ਼ੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ ਹੋਈ॥
ਆਧੇਰੈ ਰਾਹੁ ਨ ਕੋਈ॥

ਭਾਈ ਗੁਰਦਾਸ ਜੀ ਅਨੁਸਾਰ :

ਬਾਬਾ ਦੇਖੈ ਧਿਆਨ ਧਰਿ ਜਲਤੀ
ਸਭਿ ਪ੍ਰਿਥਵੀ ਦਿਸਿ ਆਈ।
ਬਾਝਹੁੰ ਗੁਰੂ ਗੁਬਾਰ ਹੈ,
ਹੈ ਹੈ ਕਰਦੀ ਸੁਣੀ ਲੋਕਾਈ।
ਬਾਬੇ ਭੇਖ ਬਣਾਇਆ,
ਉਦਾਸੀ ਕੀ ਰੀਤਿ ਚਲਾਈ।
ਚੜ੍ਹਿਆ ਸੋਧਣਿ ਧਰਤਿ ਲੁਕਾਈ।

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਭਾਈ ਬਾਲਾ ਅਤੇ ਰਬਾਬੀ ਭਾਈ ਮਰਦਾਨਾ ਨੂੰ ਸਾਥੀ ਬਣਾ ਪੰਜ ਮਹਾਨ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਨਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

ਖੁਰਾਸਾਨ ਖਸਮਾਨਾ ਕੀਆ
ਹਿੰਦੁਸਤਾਨੁ ਡਰਾਇਆ॥
ਆਪੈ ਦੋਸੁ ਨ ਦੇਈ ਕਰਤਾ
ਜਮੁ ਕਰਿ ਮੁਗਲੁ ਚੜਾਇਆ॥
ਏਤੀ ਮਾਰ ਪਈ ਕਰਲਾਣੇ
ਤੈਂ ਕੀ ਦਰਦੁ ਨ ਆਇਆ॥

ਗੁਰੂ ਨਾਨਕ ਸਾਹਿਬ ਨੇ ਅਥਾਹ ਬਾਣੀ ਰਚੀ, ਜੋ ਸਿੱਖ ਧਰਮ ਦਾ ਮੂਲ ਆਧਾਰ ਮੰਨੀ ਜਾਂਦੀ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ। ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿੱਥੇ ਛੂਤ-ਛਾਤ ਦਾ ਬੋਲਬਾਲਾ ਸੀ, ਉੱਥੇ ਨਾਰੀ ਨਾਲ ਵੀ ਸਨਮਾਨਜਨਕ ਵਿਹਾਰ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਨੂੰ ਮਨੁੱਖ ਦੇ ਬਰਾਬਰ ਸਨਮਾਨਜਨਕ ਰੁਤਬਾ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ। ਆਪ ਦਾ ਪਾਵਨ ਫ਼ਰਮਾਨ ਹੈ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਇਸੇ ਤਰ੍ਹਾਂ ਆਪ ਜੀ ਨੇ ਊਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਹੀ ਨਹੀਂ ਕੀਤੀ ਬਲਕਿ ਅਮਲੀ ਰੂਪ ਵਿਚ ਇਸ 'ਤੇ ਪਹਿਰਾ ਦਿੱਤਾ। ਆਪ ਫ਼ੁਰਮਾਉਂਦੇ ਹਨ :

ਨੀਚਾ ਅੰਦਰਿ ਨੀਚ
ਜਾਤਿ ਨੀਚੀ ਹੂ ਅਤਿ ਨੀਚੁ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ॥

ਕਿਉਂਕਿ ਸਮਕਾਲੀ ਸਮਾਜ ਵਿਚ ਯੋਗ ਮੱਤ ਦੇ ਪ੍ਰਭਾਵ ਸਦਕਾ ਲੋਕਾਂ ਵਿਚ ਸੰਸਾਰ ਨੂੰ ਤਿਆਗਣ ਦੀ ਬਿਰਤੀ ਪ੍ਰਧਾਨ ਹੋ ਚੁੱਕੀ ਸੀ, ਲੋਕਾਂ ਨੇ ਸੰਸਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ ਸੀ ਅਤੇ ਸੰਨਿਆਸੀ ਘਰ-ਬਾਰ ਤਿਆਗ ਕੇ, ਵਿਹਲੇ ਰਹਿ ਕੇ, ਭਿਖਿਆ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਸਨ ਸੋ ਇਕ ਤਰ੍ਹਾਂ ਇਨ੍ਹਾਂ ਵਿਹਲੜ ਲੋਕਾਂ ਦੀ ਕਰਮਹੀਣਤਾ ਨੇ ਹੀ ਇਸ ਦੇਸ਼ ਨੂੰ ਗੁਲਾਮ ਬਣਾ ਦਿੱਤਾ ਸੀ। ਸਮੇਂ ਦੀ ਨਬਜ਼ ਨੂੰ ਪਹਿਚਾਣਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਧਰਮ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਲੋਕਾਂ ਵਿਚ ਪ੍ਰਚਾਰਿਆ। ਗੁਰੂ ਸਾਹਿਬ ਨੇ ਸੰਸਾਰ ਨੂੰ ਤਿਆਗਣ ਅਤੇ ਤ੍ਰਿਸਕਾਰਨ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਉਨ੍ਹਾਂ ਗ੍ਰਹਿਸਥ ਨੂੰ ਪ੍ਰਮੁੱਖਤਾ ਦੇ ਕੇ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਸਮਾਜਿਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਲਈ ਜੰਗਲਾਂ ਤੇ ਪਹਾੜਾਂ ਆਦਿ ਵਿਚ ਇਕਾਂਤ-ਵਾਸ ਕਰਨ ਨੂੰ ਨਿੰਦਿਆ ਅਤੇ ਗ੍ਰਹਿਸਥ ਵਿਚ ਰਹਿ ਕੇ, ਸੇਵਾ ਸਿਮਰਨ ਰਾਹੀਂ ਮੁਕਤੀ ਦਾ ਮਾਰਗ ਦਰਸਾਇਆ। ਨ੍ਹਾਂ ਦੇ ਦਰਸਾਏ ਉਪਰੋਕਤ ਸਿਧਾਂਤ ਵਿਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਾਰੀ ਮਨੁੱਖ-ਜਾਤੀ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਜਨਤਾ ਦਾ ਸਹੀ ਮਾਰਗ-ਦਰਸ਼ਨ ਕਰਕੇ, ਉਸ ਨੂੰ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਇਸ ਮੰਤਵ ਦੀ ਪੂਰਤੀ ਲਈ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜਿਹੜੇ ਅਜੋਕੇ ਯੁੱਗ ਵਿਚ ਵੀ ਸਦੀਵੀ ਸੇਧ ਦੇਣ ਵਾਲੇ ਹਨ। ਆਓ! ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਉੱਤੇ ਗੁਰੂ ਸਾਹਿਬ ਦੀ ਸਰਬਸਾਂਝੀ ਸਿੱਖਿਆ ਨੂੰ ਮਨ-ਬਚਨ ਅਤੇ ਕਰਮ ਕਰਕੇ ਧਾਰਨ ਕਰਦੇ ਹੋਏ ਇਹ ਲੋਕ ਸੁਖੀਆ ਅਤੇ ਪਰਲੋਕ ਸੁਹੇਲਾ ਬਣਾਈਏ।

# ਵਿਸ਼ਵ ਸ਼ਾਂਤੀ ਤੇ ਧਾਰਮਿਕ ਚੇਤਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ

**ਅਵਤਾਰ ਸਿੰਘ**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪਾਵਨ ਪ੍ਰਕਾਸ਼ 1469 ਈ: ਨੂੰ ਰਾਏ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ-ਪਾਕਿਸਤਾਨ) ਵਿਖੇ ਪਿਤਾ ਮਹਿਤਾ ਕਲਿਆਨ ਦਾਸ ਜੀ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਹੋਇਆ ਸੀ। ਉਨ੍ਹਾਂ ਦੇ ਆਗਮਨ ਸਮੇਂ ਹਿੰਦੁਸਤਾਨ ਵਿਚ ਅਧਰਮ ਅਤੇ ਕੂੜ ਦਾ ਬੋਲਬਾਲਾ ਸੀ। ਲੋਕ ਫੋਕੇ ਕਰਮਕਾਂਡਾਂ, ਜਾਦੂ-ਟੂਣਿਆਂ ਅਤੇ ਜੰਤਰਾਂ-ਮੰਤਰਾਂ ਦੇ ਜਾਲ ਵਿਚ ਬੁਰੀ ਤਰ੍ਹਾਂ ਫਸ ਚੁੱਕੇ ਸਨ ਅਤੇ ਉਨ੍ਹਾਂ ਦਾ ਪ੍ਰਮਾਤਮਾ ਵਿਚੋਂ ਵਿਸ਼ਵਾਸ ਟੁੱਟ ਰਿਹਾ ਸੀ। ਹਿੰਦੂ ਧਰਮ, ਜਿਸ ਨੂੰ ਉਸ ਦੇ ਹੀ ਬਣਾਏ ਵਰਣ-ਵੰਡ ਨੇ ਕਮਜ਼ੋਰ ਕਰ ਦਿੱਤਾ ਸੀ, ਢਹਿੰਦੀਆਂ ਕਲਾਂ ਵੱਲ ਜਾ ਰਿਹਾ ਸੀ। ਬ੍ਰਾਹਮਣ ਸ਼੍ਰੇਣੀ ਪ੍ਰਮਾਤਮਾ ਦੇ ਗਿਆਨ ਦੀ ਗੱਲ ਛੱਡ ਕੇ ਮਾਇਆ ਦੇ ਲਾਲਚ ਵਿਚ ਲੋਕਾਂ ਨੂੰ ਕਰਮਕਾਂਡਾਂ ਦੇ ਭਰਮ-ਜਾਲ ਵਿਚ ਉਲਝਾ ਰਹੀ ਸੀ। ਖੱਤਰੀ ਆਪਣਾ ਜੁਝਾਰੂਪਣ ਭੁੱਲ ਚੁੱਕੇ ਸਨ। ਸਮਾਜ ਦੇ ਇਸ ਨਿਘਾਰ ਤੋਂ ਮੁਸਲਿਮ ਸਮਾਜ ਵੀ ਨਹੀਂ ਸੀ ਬਚਿਆ। ਮੁਗਲ ਹਕੂਮਤ ਦੇ ਕਰਿੰਦੇ, ਮੁੱਲਾਂ ਤੇ ਕਾਜ਼ੀ, ਸਭ ਜੋਕਾਂ ਵਾਂਗ ਲੋਕਾਂ ਦਾ ਖ਼ੂਨ ਚੂਸ ਰਹੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਉਸ ਸਮੇਂ ਦੀ ਦਸ਼ਾ ਇਸ ਪ੍ਰਕਾਰ ਸੀ :

***ਕਲਿ ਕਾਤੀ ਰਾਜੇ ਕਾਸਾਈ***
***ਧਰਮੁ ਪੰਖ ਕਰਿ ਉਡਰਿਆ॥***
***ਕੂੜੁ ਅਮਾਵਸ ਸਚੁ ਚੰਦ੍ਰਮਾ***
***ਦੀਸੈ ਨਾਹੀ ਕਹ ਚੜਿਆ॥***
***ਹਉ ਭਾਲਿ ਵਿਕੁੰਨੀ ਹੋਈ॥***
***ਆਧੇਰੈ ਰਾਹੁ ਨ ਕੋਈ॥***

ਗੁਰੂ ਸਾਹਿਬ ਨੇ ਆਪਣੇ ਬਚਪਨ ਦੇ ਸਾਥੀ ਭਾਈ ਬਾਲਾ ਅਤੇ ਰਬਾਬੀ ਭਾਈ ਮਰਦਾਨਾ ਨੂੰ ਸਾਥੀ ਬਣਾ ਪੰਜ ਮਹਾਨ ਯਾਤਰਾਵਾਂ ਕੀਤੀਆਂ। ਇਨ੍ਹਾਂ ਯਾਤਰਾਵਾਂ, ਜਿਨ੍ਹਾਂ ਨੂੰ ਉਦਾਸੀਆਂ ਵੀ ਕਿਹਾ ਜਾਂਦਾ ਹੈ, ਦੌਰਾਨ ਆਪ ਸੰਸਾਰ ਦੇ ਵੱਖ-ਵੱਖ ਭਾਗਾਂ, ਖਾਸ ਕਰਕੇ ਵਿਭਿੰਨ ਧਰਮਾਂ ਦੇ ਕੇਂਦਰੀ ਅਸਥਾਨਾਂ ਵਿਖੇ ਪੁੱਜੇ ਅਤੇ ਫੋਕੇ ਕਰਮਕਾਂਡਾਂ, ਧਾਰਮਿਕ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਦਾ ਤਰਕਸੰਗਤ ਖੰਡਨ ਕਰਦਿਆਂ ਲੋਕਾਂ ਨੂੰ ਇਕੋ ਪ੍ਰਮਾਤਮਾ ਦੇ ਲੜ ਲੱਗਣ ਲਈ ਪ੍ਰੇਰਿਆ ਅਤੇ ਧਾਰਮਿਕ ਤੇ ਸਮਾਜਿਕ ਚੇਤਨਾ ਦੇਣ ਦੇ ਨਾਲ-ਨਾਲ ਉਨ੍ਹਾਂ ਨੇ ਜਰਵਾਨਿਆਂ ਦੇ ਜ਼ੁਲਮਾਂ ਦੀ ਵੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ। ਹਮਲਾਵਰ ਬਾਬਰ ਵੱਲੋਂ ਕੀਤੀ ਲੁੱਟ-ਖਸੁੱਟ ਦਾ ਜ਼ਿਕਰ ਕਰਦੇ ਹੋਏ ਆਪ ਫ਼ੁਰਮਾਉਂਦੇ ਹਨ :

***ਖੁਰਾਸਾਨ ਖਸਮਾਨਾ ਕੀਆ***
***ਹਿੰਦੁਸਤਾਨੁ ਡਰਾਇਆ॥***
***ਆਪੈ ਦੋਸੁ ਨ ਦੇਈ ਕਰਤਾ***
***ਜਮੁ ਕਰਿ ਮੁਗਲੁ ਚੜਾਇਆ॥***
***ਏਤੀ ਮਾਰ ਪਈ ਕਰਲਾਣੇ***
***ਤੈਂ ਕੀ ਦਰਦੁ ਨ ਆਇਆ॥***

ਗੁਰੂ ਨਾਨਕ ਸਾਹਿਬ ਨੇ ਅਥਾਹ ਬਾਣੀ ਰਚੀ, ਜੋ ਸਿੱਖ ਧਰਮ ਦਾ ਮੂਲ ਆਧਾਰ ਮੰਨੀ ਜਾਂਦੀ ਹੈ। ਗੁਰੂ ਸਾਹਿਬ ਦੇ ਪਾਵਨ ਉਪਦੇਸ਼ਾਂ ਅਤੇ ਸਿਧਾਂਤਾਂ ਨੇ ਹਿੰਦੁਸਤਾਨ ਦੇ ਇਤਿਹਾਸ ਨੂੰ ਬਦਲ ਕੇ ਰੱਖ ਦਿੱਤਾ ਅਤੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੋਈ। ਉਨ੍ਹਾਂ ਨੇ ਸਿੱਖ ਧਰਮ ਨੂੰ ਸਿਰਫ ਅਧਿਆਤਮਿਕਤਾ ਤੱਕ ਹੀ ਸੀਮਤ ਨਹੀਂ ਰੱਖਿਆ, ਸਗੋਂ ਮਨੁੱਖੀ-ਜੀਵਨ ਦੀ ਹਰ ਪੱਖ ਤੋਂ ਅਗਵਾਈ ਕਰਨ ਵਾਲਾ ਧਰਮ ਬਣਾਇਆ। ਉਨ੍ਹਾਂ ਨੇ ਮਨੁੱਖ ਨੂੰ ਸਚਾਈ, ਨਿਮਰਤਾ, ਦਇਆ, ਸੇਵਾ, ਸਬਰ, ਸੰਤੋਖ, ਪਰਉਪਕਾਰ ਆਦਿ ਗੁਣਾਂ ਦੇ ਧਾਰਨੀ ਹੋ ਆਤਮ-ਨਿਰਭਰ ਤੇ ਸਵੈਮਾਣ ਵਾਲਾ ਜੀਵਨ ਜਿਊਣ ਦੇ ਯੋਗ ਬਣਾਇਆ।



ਗੁਰੂ ਸਾਹਿਬ ਨੇ ਸਮਕਾਲੀ ਸਮਾਜ ਵਿਚ ਆਰਥਿਕ ਅਸਮਾਨਤਾ ਅਤੇ ਲੁੱਟ-ਖਸੁੱਟ ਨੂੰ ਦੇਖਦਿਆਂ ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਦੇ ਬੁਨਿਆਦੀ ਸਿਧਾਂਤਾਂ ਨੂੰ ਪ੍ਰਚਾਰਿਆ। ਗੁਰੂ ਸਾਹਿਬ ਦੇ ਸਮੇਂ ਹਿੰਦੁਸਤਾਨੀ ਸਮਾਜ ਵਿਚ ਜਿੱਥੇ ਛੂਤ-ਛਾਤ ਦਾ ਬੋਲਬਾਲਾ ਸੀ, ਉੱਥੇ ਨਾਰੀ ਨਾਲ ਵੀ ਸਨਮਾਨਜਨਕ ਵਿਹਾਰ ਨਹੀਂ ਸੀ ਕੀਤਾ ਜਾਂਦਾ। ਉਸ ਨੂੰ ਪੈਰ ਦੀ ਜੁੱਤੀ, ਦਾਸੀ ਅਤੇ ਪਰਦੇ ਵਿਚ ਰਹਿਣ ਵਾਲੀ ਵਸਤੂ ਹੀ ਸਮਝਿਆ ਜਾਂਦਾ ਸੀ। ਨਾਰੀ ਨੂੰ ਮਨੁੱਖ ਦੇ ਬਰਾਬਰ ਸਨਮਾਨਜਨਕ ਰੁਤਬਾ ਪ੍ਰਦਾਨ ਕਰਨ ਦੀ ਵਡਿਆਈ ਵੀ ਗੁਰੂ ਜੀ ਦੇ ਹਿੱਸੇ ਹੀ ਆਈ।

ਇਸੇ ਤਰ੍ਹਾਂ ਆਪ ਜੀ ਨੇ ਊਚ-ਨੀਚ ਅਤੇ ਜਾਤ-ਪਾਤ ਦੇ ਵੰਡ-ਵਿਤਕਰੇ ਦੀ ਨਿਖੇਧੀ ਹੀ ਨਹੀਂ ਕੀਤੀ ਬਲਕਿ ਅਮਲੀ ਰੂਪ ਵਿਚ ਇਸ 'ਤੇ ਪਹਿਰਾ ਦਿੱਤਾ।

ਕਿਉਂਕਿ ਸਮਕਾਲੀ ਸਮਾਜ ਵਿਚ ਯੋਗ ਮੱਤ ਦੇ ਪ੍ਰਭਾਵ ਸਦਕਾ ਲੋਕਾਂ ਵਿਚ ਸੰਸਾਰ ਨੂੰ ਤਿਆਗਣ ਦੀ ਬਿਰਤੀ ਪ੍ਰਧਾਨ ਹੋ ਚੁੱਕੀ ਸੀ, ਲੋਕਾਂ ਨੇ ਸੰਸਾਰਕ ਜ਼ਿੰਮੇਵਾਰੀਆਂ ਤੋਂ ਮੂੰਹ ਮੋੜ ਕੇ ਜੰਗਲਾਂ ਤੇ ਪਹਾੜਾਂ ਵਿਚ ਸ਼ਰਨ ਲੈਣੀ ਸ਼ੁਰੂ ਕਰ ਦਿੱਤੀ ਸੀ ਅਤੇ ਸੰਨਿਆਸੀ ਘਰ-ਬਾਰ ਤਿਆਗ ਕੇ, ਵਿਹਲੇ ਰਹਿ ਕੇ, ਭਿਖਿਆ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਸਨ। ਸੋ ਇਕ ਤਰ੍ਹਾਂ ਇਨ੍ਹਾਂ ਵਿਹਲੜ ਲੋਕਾਂ ਦੀ ਕਰਮਹੀਣਤਾ ਨੇ ਹੀ ਇਸ ਦੇਸ਼ ਨੂੰ ਗੁਲਾਮ ਬਣਾ ਦਿੱਤਾ ਸੀ। ਸਮੇਂ ਦੀ ਨਬਜ਼ ਨੂੰ ਪਹਿਚਾਣਦਿਆਂ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਧਰਮ ਦੇ ਬੁਨਿਆਦੀ ਸਿਧਾਂਤ ਦੇ ਤੌਰ 'ਤੇ ਲੋਕਾਂ ਵਿਚ ਪ੍ਰਚਾਰਿਆ। ਗੁਰੂ ਸਾਹਿਬ ਨੇ ਸੰਸਾਰ ਨੂੰ ਤਿਆਗਣ ਅਤੇ ਤ੍ਰਿਸਕਾਰਨ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ। ਉਨ੍ਹਾਂ ਗ੍ਰਹਿਸਥ ਨੂੰ ਪ੍ਰਮੁੱਖਤਾ ਦੇ ਕੇ, ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਸਮਾਜਿਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਗੁਰੂ ਜੀ ਨੇ ਜੀਵਨ ਮੁਕਤੀ ਦੀ ਪ੍ਰਾਪਤੀ ਲਈ ਜੰਗਲਾਂ ਤੇ ਪਹਾੜਾਂ ਆਦਿ ਵਿਚ ਇਕਾਂਤ-ਵਾਸ ਕਰਨ ਨੂੰ ਨਿੰਦਿਆ ਅਤੇ ਗ੍ਰਹਿਸਥ ਵਿਚ ਰਹਿ ਕੇ, ਸੇਵਾ ਸਿਮਰਨ ਰਾਹੀਂ ਮੁਕਤੀ ਦਾ ਮਾਰਗ ਦਰਸਾਇਆ :

***ਨਾਨਕ ਸਤਿਗੁਰਿ ਭੇਟਿਐ***
***ਪੂਰੀ ਹੋਵੈ ਜੁਗਤਿ॥***
***ਹਸੰਦਿਆ ਖੇਲੰਦਿਆ ਪੈਨੰਦਿਆ***
***ਖਾਵੰਦਿਆ ਵਿਚੇ ਹੋਵੈ ਮੁਕਤਿ॥***

ਗੁਰੂ ਜੀ ਅਨੁਸਾਰ ਪਵਿੱਤਰ ਕਮਾਈ ਉਹੀ ਹੈ, ਜਿਹੜੀ ਤਨਦੇਹੀ ਨਾਲ ਮਿਹਨਤ ਕਰਕੇ ਕੀਤੀ ਗਈ ਹੋਵੇ। ਉਨ੍ਹਾਂ ਕਰਤਾਰਪੁਰ ਸਾਹਿਬ ਵਿਖੇ ਆਪਣੇ ਹੱਥੀਂ ਖੇਤੀ ਕਰਕੇ ਮਨੁੱਖਤਾ ਨੂੰ ਕਿਰਤ ਕਰਨ ਦਾ ਸੰਦੇਸ਼ ਦਿੰਦਿਆਂ ਫ਼ੁਰਮਾਇਆ

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥***

ਉਨ੍ਹਾਂ ਦੇ ਦਰਸਾਏ ਉਪਰੋਕਤ ਸਿਧਾਂਤ ਵਿਚੋਂ 'ਸਰਬੱਤ ਦੇ ਭਲੇ' ਦੀ ਭਾਵਨਾ ਉਜਾਗਰ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਕੇਵਲ ਸਿੱਖਾਂ ਦੇ ਹੀ ਨਹੀਂ, ਸਗੋਂ ਸਾਰੀ ਮਨੁੱਖ-ਜਾਤੀ ਦੇ ਸੱਚੇ ਮਾਰਗ-ਦਰਸ਼ਕ ਸਨ, ਜਿਨ੍ਹਾਂ ਨੇ ਭਰਮ-ਭੁਲੇਖਿਆਂ ਵਿਚ ਭਟਕ ਰਹੀ ਜਨਤਾ ਦਾ ਸਹੀ ਮਾਰਗ-ਦਰਸ਼ਨ ਕਰਕੇ, ਉਸ ਨੂੰ ਪਰਮਾਰਥ ਦੇ ਰਾਹ ਤੋਰਿਆ। ਉਨ੍ਹਾਂ ਇਸ ਮੰਤਵ ਦੀ ਪੂਰਤੀ ਲਈ ਧਰਮਸ਼ਾਲਾਵਾਂ ਬਣਵਾਈਆਂ, ਲੰਗਰ ਦੀ ਪ੍ਰਥਾ ਕਾਇਮ ਕੀਤੀ ਅਤੇ ਸੰਗਤ-ਪੰਗਤ ਤੇ ਸੇਵਾ-ਸਿਮਰਨ ਆਦਿ ਦੇ ਅਜਿਹੇ ਅਦੁੱਤੀ ਸਿਧਾਂਤ ਮਨੁੱਖਤਾ ਸਾਹਮਣੇ ਰੱਖੇ, ਜਿਹੜੇ ਅਜੋਕੇ ਯੁੱਗ ਵਿਚ ਵੀ ਸਦੀਵੀ ਸੇਧ ਦੇਣ ਵਾਲੇ ਹਨ।

# ਗੁਰੂ ਨਾਨਕ ਦੇਵ ਜੀ ਇਕ ਮਹਾਨ ਯੁਗ ਪੁਰਸ਼

ਪ੍ਰਾਚੀਨ ਸਮਿਆਂ ਤੋਂ ਲੈ ਕੇ ਹੁਣ ਤਕ ਭਾਰਤ ਰਿਸ਼ੀਆਂ ਤੇ ਸੰਤਾਂ ਦਾ ਘਰ ਰਿਹਾ ਹੈ। ਜਿਹੜੇ ਸਮੇਂ -ਸਮੇਂ ਭੁਲੜ ਮਨੁੱਖਤਾ ਨੂੰ ਚਾਨਣ ਵਿਖਾਉਂਦੇ ਰਹੇ ਹਨ। ਇਸ ਸੰਬੰਧ ਵਿਚ ਸਾਨੂੰ ਆਪਣੇ ਪਿਛੋਕੜ ਤੇ ਝਾਤੀ ਮਾਰਨ ਦੀ ਲੋੜ ਹੈ। ਅਸੀਂ ਉੱਚਿਤ ਰੂਪ ਵਿਚ ਆਪਣੀਆਂ ਪਰੰਪਰਾਵਾਂ ਤੇ ਆਪਣੇ ਆਦਰਸ਼ਾਂ ਦੀ ਕਦਰ ਕਰਦੇ ਹਾਂ। ਕਿਉਂਕਿ ਉਹ ਸਾਡੀ ਮੂਲ ਸਭਿਆਚਾਰਕ ਏਕਤਾ ਵਿਚ ਭਾਰੀ ਹਿੱਸਾ ਪਾਉਂਦੇ ਹਨ ਤੇ ਸਾਨੂੰ ਜੀਵਨ ਦੀਆਂ ਅਧਿਆਤਮਿਕ ਤੇ ਨੈਤਿਕ ਕਦਰਾਂ ਨੂੰ ਸਮਝਣ ਵਿਚ ਸਹਾਇਤਾ ਦਿੰਦੇ ਹਨ। ਸਾਡੀ ਰਾਸ਼ਟਰੀ ਜੀਵਨ ਵਿਚ ਧਰਮ ਦੀ ਭਾਰੀ ਮਹੱਤਤਾ ਹੈ। ਨਾਲੇ ਇਹ ਗੱਲ ਵੀ ਖਾਸ ਤੌਰ ਤੇ ਯਾਦ ਰੱਖਣ ਵਾਲੀ ਹੈ ਕਿ ਭਾਰਤ ਬਹੁਤ ਸਾਰੇ ਧਰਮਾਂ ਦਾ ਘਰ ਰਿਹਾ ਹੈ ਤੇ ਏਥੇ ਵੱਖ ਵੱਖ ਧਰਮਾਂ ਦੇ ਲੋਕ ਰਲ ਮਿਲ ਕੇ ਰਹਿੰਦੇ ਹਨ। ਨਾਲ ਹੀ ਸਾਨੂੰ ਤਸਵੀਰ ਦਾ ਦੂਜਾ ਪਾਸਾ ਵੀ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ। ਧਰਮਾਂ, ਰੀਤੀਆ ਤੇ ਪੱਕੀਆਂ ਪੀਡੀਆਂ ਪਿਰਤਾਂ ਉੱਤੇ ਆਧਾਰਿਤ ਜਾਤ ਪਾਤ ਦੀਆਂ ਵੰਡੀਆਂ ਨੇ ਕਈ ਵਾਰ ਲੋਕਾਂ ਦੇ ਦਿਲ ਢਾਹੇ ਹਨ ਤੇ ਸਮਾਜ ਨੂੰ ਛੋਟੇ ਛੋਟੇ ਬਨਾਉਟੀ ਹਲਕਿਆਂ ਦਰ ਹਲਕਿਆਂ ਵਿਚ ਵੰਡ ਕੇ ਰੱਖ ਦਿਤਾ ਹੈ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਕਈ ਸਮੇਂ ਅਜਿਹੇ ਆਏ ਹਨ ਜਦੋਂ ਲੋਕਾਂ ਦੀ ਦ੍ਰਿਸ਼ਟੀ ਸਉੜੀ ਹੋ ਗਈ ਤੇ ਵਹਿਮਾਂ ਨੇ ਉਨ੍ਹਾਂ ਦੀ ਨਿਰਣੇ ਸ਼ਕਤੀ ਨੂੰ ਕਮਜ਼ੋਰ ਕਰ ਦਿਤਾ। ਲੋਕ ਨਾਬਰਾਬਰੀਆਂ ਤੇ ਅਯੋਗਤਾਵਾਂ ਦੇ ਸ਼ਿਕਾਰ ਹੋ ਗਏ। ਸਮਾਜ ਗਿਰਾਵਟ ਵਿਚ ਆ ਗਿਆ ਤੇ ਇਕ ਸ਼੍ਰੇਣੀ ਦੀ ਦੂਜੀ ਸ਼੍ਰੇਣੀ ਵਲੋਂ ਲੁਟ ਖਸੁਟ ਹੋਣ ਲਗੀ। ਅੰਦਰਲੀ ਖਹਿਬੜ ਤੇ ਖਿਚੋਤਾਣ ਨੇ ਸਾਡੀ ਉੱਨਤੀ ਦੀ ਰਾਹ ਵਿਚ ਰੁਕਾਵਟ ਪਾ ਦਿਤੀ। ਜਦੋਂ ਵੀ ਅਜਿਹਾ ਸਮਾਂ ਆਇਆ ਓਦੋਂ ਵਿਦੇਸ਼ੀਆਂ ਲਈ ਮੌਕਾ ਸੀ ਕਿ ਉਹ ਸਾਡੇ ਤੇ ਹਮਲਾ ਕਰਨ ਤੇ ਸਾਡੀ ਆਜ਼ਾਦੀ ਖੋਹ ਲੈਣ। ਇਹ ਦੁਖਾਂਤ ਕਹਾਣੀ ਭਾਰਤ ਵਿਚ ਵਾਰ ਵਾਰ ਦੁਹਰਾਈ ਗਈ। ਨਿਰਾਸ਼ਤਾ ਦੇ ਵਾਤਾਵਰਣ ਵਿਚ ਇਕ ਆਸ ਦੀ ਕਿਰਨ ਇਹ ਰਹੀ ਹੈ ਕਿ ਸਮੇਂ ਸਮੇਂ ਮਹਾਨ ਸੰਤ ਤੇ ਸੁਧਾਰਕ ਪ੍ਰਗਟ ਹੁੰਦੇ ਰਹੇ। ਉਨ੍ਹਾਂ ਸਮੁੱਚੇ ਦੇਸ਼ ਦੇ ਲੋਕਾਂ ਉਤੇ ਆਪਣਾ ਪ੍ਰਭਾਵ ਪਾਇਆ ਤੇ ਲੋਕਾਂ ਨੂੰ ਨਿਕੰਮੇ ਰਸਮਾਂ ਰਿਵਾਜਾਂ ਵਲੋਂ ਮੋੜਿਆ। ਉਨ੍ਹਾਂ ਆਮ ਜਨਤਾ ਵਿਚ ਭਾਰੀ ਜਾਗ੍ਰਿਤੀ ਲਿਆਂਦੀ, ਉਨ੍ਹਾਂ ਨੂੰ ਧਰਮ ਦੇ ਨਾਂ ਤੇ ਹੋ ਰਹੀਆਂ ਕੁਰੀਤੀਆਂ ਤੋਂ ਹਟਾਇਆ ਤੇ ਵਿਸ਼ਵ ਪ੍ਰੇਮ ਤੇ ਮਾਨਵ ਵਾਦ ਦਾ ਸੁਨੇਹਾ ਦੇ ਕੇ ਉਨ੍ਹਾਂ ਵਿਚ ਏਕਤਾ ਲਿਆਂਦੀ। ਇਹ ਇਕ ਖਾਸ ਧਿਆਨ ਯੋਗ ਗੱਲ ਹੈ ਕਿ ਸਾਡੇ ਸਾਰੇ ਰਿਸ਼ੀ ਮੁਨੀ ਤੇ ਮਹਾਤਮਾ ਨਾਲ ਹੀ ਧਾਰਮਕ ਤੇ ਸਮਾਜਕ ਸੁਧਾਰਕ ਵੀ ਸਨ। ਇਸ ਤਰ੍ਹਾਂ ਨਿਰਾਸਤਾ ਦੇ ਹਨੇਰੇ ਵਿਚ ਭਟਕ ਰਹੇ ਲੋਕਾਂ ਨੂੰ ਚਾਨਣ ਵਿਖਾਉਣ ਵਾਲੇ ਮਹਾਂ ਪੁਰਸ਼ਾਂ ਵਿਚ ਗੌਤਮ ਬੁੱਧ, ਰਾਮਾਨੰਦ, ਸੰਤ ਕਬੀਰ, ਗੁਰੂ ਨਾਨਕ ਸ਼ਾਮਲ ਹਨ। ਭਾਰਤ ਵਿਚ ਧਾਰਮਕ ਨੇਤਾਵਾਂ ਤੇ ਸਮਾਜਕ ਸੁਧਾਰਕਾਂ ਦੀ ਇਕ ਅਟੁੱਟ ਲੜੀ ਦੇ ਇਹ ਸਾਰੇ ਚਮਕਦਾਰ ਮੋਤੀ ਹਨ।

ਇਹ ਸਾਲ ਸਿੱਖ ਧਰਮ ਦੇ ਬਾਨੀ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੰਜ ਸੌ ਸੈਂਤੀ ਸਾਲਾ ਪ੍ਰਕਾਸ਼ ਉਤਸਵ ਦਾ ਸਾਲ ਹੈ। ਉਹ ਕੇਵਲ ਇਕ ਧਰਮ ਦੇ ਬਾਨੀ ਹੀ ਨਹੀਂ ਸਨ ਸਗੋਂ ਇਕ ਜਗਤ ਗੁਰੂ ਸਨ, ਦਾਰਸ਼ਨਿਕ ਸਨ ਤੇ ਸਭ ਤੋਂ ਵੱਧ ਇਕ ਮਹਾਨ ਸਮਾਜ ਸੁਧਾਰਕ ਸਨ। ਜਿਸ ਯੁੱਗ ਵਿਚ ਗੁਰੂ ਨਾਨਕ ਦਾ ਪ੍ਰਕਾਸ਼ ਹੋਇਆ ਓਦੋਂ ਭਾਰਤੀ ਸਮਾਜ ਭਾਰੀ ਪਤਨ ਦੀ ਹਾਲਤ ਵਿਚ ਸੀ, ਉਸ ਉਤੇ ਜਾਤ ਪਾਤ ਦਾ ਤਕੜਾ ਜੱਫਾ ਸੀ ਤੇ ਉਹ ਆਪਣੇ ਆਪ ਨੂੰ ਆਪੇ ਖਤਮ ਕਰ ਰਿਹਾ ਸੀ। ਇਸ ਤੋਂ ਇਲਾਵਾ ਉਸ ਸਮੇਂ ਦੀ ਰਾਜਸੀ ਹਾਲਤ ਹੋਰ ਵੀ ਚਿੰਤਾਜਨਕ ਤੇ ਨਿਰਾਸ ਕਰਨ ਵਾਲੀ ਸੀ। ਦੇਸ਼ ਦੇ ਵੱਡੇ ਹਿੱਸਿਆਂ ਤੇ ਵਿਦੇਸ਼ੀ ਹਮਲਾਆਵਰਾਂ ਦਾ ਰਾਜ ਸੀ ਜਿਹੜੇ ਆਪਣੇ ਲਾਭਾਂ ਲਈ ਲੋਕਾਂ ਨੂੰ ਲੁੱਟ ਰਹੇ ਸਨ। ਲੋਕਾਂ ਵਿਚ ਫੁਟ ਸੀ ਤੇ ਉਹ ਸਮਾਜਕ ਤੇ ਰਾਜਸੀ ਅਤਿਆਚਾਰਾਂ ਹੇਠ ਕਰਾਹ ਰਹੇ ਸਨ। ਗੁਰੂ ਨਾਨਕ ਨੇ ਇਸ ਹਨੇਰੇ ਨੂੰ ਦੂਰ ਕਰਨ ਦਾ ਯਤਨ ਕੀਤਾ ਤੇ ਮਨੁਖਤਾ ਨੂੰ ਆਸ ਤੇ ਵਿਸ਼ਵਾਸ ਦਾ ਸੁਨੇਹਾ ਦਿਤਾ।

ਗੁਰੂ ਨਾਨਕ ਦੀ ਸ਼ਖ਼ਸੀਅਤ ਬਹੁ ਪੱਖੀ ਸੀ ਰਹਿਸਵਾਦੀ, ਸੰਤ, ਕਵੀ ਤੇ ਸੁਧਾਰਕ। ਏਥੇ ਅਸੀਂ ਇਕ ਸਮਾਜ ਸੁਧਾਰਕ ਤੇ ਯੁਗ ਪੁਰਸ਼ ਦੇ ਰੂਪ ਵਿਚ ਉਨ੍ਹਾਂ ਦੇ ਕੰਮ ਤੇ ਹੀ ਵਿਚਾਰ ਕਰ ਰਹੇ ਹਾਂ। ਉਨ੍ਹਾਂ ਦੂਰ ਦੂਰ ਤਕ ਸਫਰ ਕੀਤਾ ਤੇ ਆਪਣਾ ਇਹ ਸੁਨੇਹਾ ਹਰ ਥਾਂ ਪਹੁੰਚਾਇਆ ਕਿ ਰੱਬ ਇਕ ਹੈ। ਸਾਰੇ ਮਨੁੱਖ ਆਪੋ ਵਿਚ ਭਰਾ ਹਨ ਤੇ ਸਭ ਨੂੰ ਆਪੋ ਵਿਚ ਪ੍ਰੇਮ ਤੇ ਸਹਿਣ ਸ਼ੀਲਤਾ ਨਾਲ ਰਹਿਣਾ ਚਾਹੀਦਾ ਹੈ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਮਨੁੱਖ ਨੂੰ ਦੁਨੀਆਂ ਵਿਚ ਭਰਪੂਰ ਜੀਵਨ ਜੀਊਣਾ ਚਾਹੀਦਾ ਹੈ ਪਰ ਆਪਣੇ ਆਪ ਨੂੰ ਸੰਸਾਰ ਦੀ ਮੋਹ ਮਾਇਆ ਤੋਂ ਓਸੇ ਤਰ੍ਹਾਂ ਨਿਰਲੇਪ ਰੱਖਣਾ ਚਾਹੀਦਾ ਹੈ ਜਿਸ ਤਰ੍ਹਾਂ ਕੰਵਲ ਦਾ ਫੁੱਲ ਆਪਣੇ ਆਪ ਨੂੰ ਰੱਖਦਾ ਹੈ। ਗੁਰੂ ਨਾਨਕ ਨਾਮ ਜਪਣ ਤੇ ਵਾਹਿਗੁਰੂ ਦੀ ਇਛਿਆ ਅਨੁਸਾਰ ਚੱਲਣ ਦੇ ਨਾਲ ਨਾਲ ਨੇਕ ਵਿਹਾਰ ਰੱਖਣ ਤੇ ਵੀ ਜ਼ੋਰ ਦਿੰਦੇ ਸਨ। ਉਹ ਸਮਝਦੇ ਹਨ ਕਿ ਸਾਰੇ ਮਨੁੱਖ ਇਕ ਈਸ਼ਵਰ ਦੇ ਬੱਚੇ ਹਨ ਤੇ ਇਸ ਲਈ ਆਪੋ ਵਿਚ ਭਰਾਵਾਂ ਵਾਂਗ ਹਨ। ਦੇਸ਼ ਦੇ ਵੱਖ ਵੱਖ ਹਿੱਸਿਆਂ ਤੇ ਵੱਖ ਵੱਖ ਧਰਮਾਂ ਦੇ ਲੋਕਾਂ ਵਿਚ ਬਰਾਬਰੀ ਦੀ ਭਾਵਨਾ ਪੈਦਾ ਕਰਨ ਲਈ ਇਹ ਇਕ ਪੱਕੀ ਨੀਂਹ ਸੀ ਜਿਹੜੀ ਗੁਰੂ ਨਾਨਕ ਨੇ ਰਖੀ। ਗੁਰੂ ਨਾਨਕ ਨਾ ਕੱਟੜ ਪੰਥੀ ਸਨ ਤੇ ਨਾ ਹੀ ਜਨੂੰਨੀ। ਉਨ੍ਹਾਂ ਇਸ ਗੱਲ ਤੇ ਜ਼ੋਰ ਦਿਤਾ ਕਿ ਸਾਰੇ ਧਰਮ ਬੁਨਿਆਦੀ ਤੌਰ ਤੇ ਸੱਚੇ ਹਨ। ਉਨ੍ਹਾਂ ਕਿਸੇ ਨੂੰ ਵੀ ਆਪਣਾ ਧਰਮ ਛੱਡਣ ਲਈ ਨਹੀਂ ਕਿਹਾ। ਗੁਰੂ ਮਹਾਰਾਜ ਦੀਆਂ ਨਜ਼ਰਾਂ ਵਿਚ ਕੋਈ ਹਿੰਦੂ, ਮੁਸਲਮਾਨ ਨਹੀਂ ਸੀ ਸਭ ਕੇਵਲ ਮਨੁੱਖ ਸਨ। ਉਹ ਕਿਸੇ ਊਚ ਨੀਚ ਨੂੰ ਨਹੀਂ ਸਨ ਮੰਨਦੇ ਸਗੋਂ ਸਭ ਨੂੰ ਬਰਾਬਰ ਸਮਝਦੇ ਸਨ। ਉਨ੍ਹਾਂ ਵਿਚ ਨਿਮਰਤਾ ਕੁਟ ਕੁਟ ਕੇ ਭਰੀ ਹੋਈ ਸੀ ਤੇ ਉਹ ਨਿਮਰਤਾ ਨੂੰ ਨੇਕੀ ਤਾ ਤੱਤ ਸਮਝਦੇ ਸਨ। ਜਾਤ ਪਾਤ ਤੇ ਛੂਤ ਛਾਤ ਦੀਆਂ ਲਾਹਨਤਾਂ ਤੋਂ ਸਾਡਾ ਸਮਾਜ ਅੱਜ ਵੀ ਪੀੜਤ ਹੈ। **ਸ. ਉੂਜਲ ਸਿੰਘ**

# ਸਤਿਗੁਰੂ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ

**- ਡਾ. ਅਮਨਦੀਪ ਕੌਰ ਬਰਾੜ**

ਗੁਰੂ ਨਾਨਕ ਦੇਵ ਜੀ ਨੇ ਜੋ ਸੰਦੇਸ਼ ਲੋਕਾਂ ਨੂੰ ਤਾਰਨ ਲਈ ਦਿੱਤਾ ਉਹ ਮਾਨਵ ਧਰਮ ਦਾ ਹੈ, ਜਿਸ ਦਾ ਆਧਾਰ ਮਾਨਵ ਪ੍ਰੇਮ ਅਤੇ ਸਹਿਹੋਂਦ ਹੈ। ਗੁਰੂ ਸਾਹਿਬ ਦੇ ਪਿਆਰ ਦੇ ਪੈਗ਼ਾਮ ਨੇ ਪੰਜਾਬ ਵਿਚ ਸਹਿਨਸ਼ੀਲਤਾ ਅਤੇ ਸ਼ਾਂਤੀ ਦਾ ਵਾਤਾਵਰਣ ਪੈਦਾ ਕੀਤਾ।

ਗੁਰੂ ਨਾਨਕ ਦੇਵ ਜੀ ਦਾ ਸਮਾਂ (1469-1539) ਭਾਰਤੀ ਇਤਿਹਾਸ ਵਿਚ ਧਾਰਮਿਕ, ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਅਧੋਗਤੀ ਦੀ ਹਾਲਤ ਵਿਚ ਸੀ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਤੋਂ ਸਪਸ਼ਟ ਹੈ ਕਿ ਉਨ੍ਹਾਂ ਨੂੰ ਸਮਕਾਲੀ ਇਤਿਹਾਸਕ ਵਾਸਤਵਿਕਤਾ ਦਾ ਪੂਰਾ ਅਹਿਸਾਸ ਸੀ। ਗੁਰੂ ਨਾਨਕ ਬਾਣੀ ਇਸ ਤੱਤ ਦਾ ਪ੍ਰਮਾਣ ਹੈ ਕਿ ਗੁਰੂ ਸਾਹਿਬ ਆਪਣੇ ਸਮੇਂ ਦੇ ਬੇਚੈਨੀ, ਬਦਅਮਨੀ, ਭ੍ਰਿਸ਼ਟਾਚਾਰ, ਜ਼ੁਲਮ ਅਤੇ ਤਣਾਓ ਦੇ ਮਾਹੌਲ ਤੋਂ ਚੰਗੀ ਤਰ੍ਹਾਂ ਜਾਣੂੰ ਸਨ ਅਤੇ ਉਨ੍ਹਾਂ ਨੂੰ ਦੁਖੀ ਮਾਨਵਤਾ ਦੇ ਕਲਿਆਣ ਦੀ ਡੂੰਘੀ ਚਿੰਤਾ ਸੀ ਇਸੇ ਚਿੰਤਨ ਵਿਚੋਂ ਉਨ੍ਹਾਂ ਦੇ ਮਾਨਵ ਧਰਮ ਦੇ ਸੰਕਲਪ ਦਾ ਨਿਕਾਸ ਹੁੰਦਾ ਹੈ। ਗੁਰੂ ਸਾਹਿਬ ਦੇ ਸਮੇਂ ਹਿੰਦੂ ਸਮਾਜ, ਵੈਦਿਕ ਮਾਨਵ ਧਰਮ ਸ਼ਾਸਤਰ ਦੀਆਂ ਲੀਹਾਂ ਤੇ ਚੱਲ ਰਿਹਾ ਸੀ। ਜਿਸ ਵਿਚ ਮਨੁੱਖੀ ਆਚਰਨ ਦੇ ਨਿਯਮ, ਜਾਤਪਾਤ ਅਤੇ ਵਰਨ ਵਿਵਸਥਾ ਦੀਆਂ ਸੀਮਾਵਾਂ ਤੇ ਮੁਹਥਾਜ ਸਨ। ਗੁਰੂ ਨਾਨਕ ਦੇਵ ਜੀ ਨੇ ਆਪਣੇ ਮਾਨ ਹਿਤਕਾਰੀ ਰਹੱਸਵਾਦ ਨੂੰ ਬਾਣੀ ਰਾਹੀਂ ਪ੍ਰਗਟ ਕਰਕੇ ਲੋਕਾਂ ਨੂੰ ਦੁੱਖਾਂ ਦੇ ਘੇਰੇ ਚੋਂ ਕੱਢਣ ਦਾ ਯਤਨ ਕੀਤਾ ਅਤੇ ਆਤਮਿਕ ਸ਼ਕਤੀ ਦੀ ਪ੍ਰੇਰਨਾ ਦਾ ਉਪਦੇਸ਼ ਦੇ ਕੇ ਉਨ੍ਹਾਂ ਦੇ ਮਨੋਬਲ ਨੂੰ ਮਜ਼ਬੂਤ ਕੀਤਾ। ਬਾਣੀ ਰਾਹੀਂ ਗੁਰੂ ਸਾਹਿਬ ਨੇ ਭਾਰਤੀ ਸਭਿਆਚਾਰ ਦੇ ਖੇਤਰ ਵਿਚ ਇਕ ਨਵੀਂ ਨਿਵੇਕਲੀ ਵਿਚਾਰਧਾਰਾ ਦੀ ਨੀਂਹ ਰੱਖੀ। ਅਸਲ ਵਿਚ ਗੁਰੂ ਨਾਨਕ ਬਾਣੀ ਮਾਨਵੀ ਏਕਤਾ ਦਾ ਸੁਨੇਹਾ ਹੈ।

ਗੁਰੂ ਨਾਨਕ ਦੇਵ ਜੀ ਨੇ ਜਿਸ ਬੁਨਿਆਦ ਤੇ ਆਪਣੇ 'ਮਾਨਵ ਧਰਮ' ਦੇ ਸੰਕਲਪ ਦੀ ਉਸਾਰੀ ਕੀਤੀ ਉਸ ਵਿਚ ਕਰਤਾ ਪੁਰਖ ਪ੍ਰਮਾਤਮਾ ਦਾ ਸ੍ਰੇਸ਼ਠ ਸਥਾਨ ਹੈ। ਉਸ ਦੀ ਰਚੀ ਸ੍ਰਿਸਟੀ ਦੀ ਸਚਾਈ ਨੂੰ ਪ੍ਰਵਾਨ ਕੀਤਾ ਗਿਆ ਹੈ। ਇਸ ਸਮੁੱਚੇ ਚਿੰਤਨ ਦਾ ਧੁਰਾ ਪ੍ਰੇਮ ਹੈ-ਪ੍ਰਭੂ ਪ੍ਰੇਮ ਅਤੇ ਮਾਨਵ ਪ੍ਰੇਮ ਗੁਰੂ ਨਾਨਕ ਦੇਵ ਜੀ ਨੇ ਮਾਨਵ ਧਰਮ ਦੇ ਵਿਧਾਨ ਵਿਚ ਇਕ ਪ੍ਰਮਾਤਮਾ ਦੇ ਸਿਧਾਂਤ ਨੂੰ ਮਨੁੱਖੀ ਭਾਈਚਾਰੇ ਦੇ ਸਿਧਾਂਤ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ, ਜਿਥੇ ਮਨੁੱਖ ਸਭ ਸਮਾਨ ਹਨ। ਧਰਮ ਦੇ ਰਸਤੇ ਤੇ ਚੱਲਣ ਦਾ ਹਰੇਕ ਨੂੰ ਹੱਕ ਹੈ। ਪ੍ਰਮਾਤਮਾ ਤਕ ਪਹੁੰਚਣ ਲਈ ਕਿਸੇ ਵਿਚੋਲੇ ਜਾਂ ਕਰਮਕਾਂਡ ਦੀ ਲੋੜ ਨਹੀਂ। ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਅਧਿਆਤਮਿਕ ਉਨਤੀ ਦੇ ਮਾਰਗ ਦਾ ਸੰਦੇਸ਼ ਮਾਨਵਤਾ ਲਈ ਹੈ ਉਥੇ ਕਿਸੇ ਨਸਲੀ, ਖੇਤਰੀ, ਜਾਤੀ, ਰਾਸ਼ਟਰੀ, ਭਾਸ਼ਾਈ ਅਤੇ ਕਿਸੇ ਵਿਸ਼ੇਸ਼ ਸਭਿਆਚਾਰਕ ਪੱਧਰ ਤੇ ਊਚ ਨੀਚ ਹੱਦਬੰਦੀ ਨਹੀਂ। ਸੱਚਾ ਨਾਮ ਹੀ ਅਸਲੀ ਭਗਤੀ ਹੈ। ਇਸ ਮਾਰਗ ਤੇ ਚੱਲਣ ਦੀ ਲੋੜ ਹੈ। ਹਉਮੈ ਨੂੰ ਤਿਆਗ ਕੇ ਆਪੇ ਦੀ ਪਹਿਚਾਣ ਦੀ ਹੁਕਮ ਵਿਚ ਰਹਿਣ ਦੀ ਨਾਮ ਸਿਮਰਨ ਦੀ, ਗੁਰੂ ਦੀ ਅਗਵਾਈ ਦੀ, ਗੁਰਮੁਖ ਬਣਨ ਦੀ ਅਤੇ ਸਚਿਆਰ ਦੇ ਜੀਵਨ ਤੇ ਚੱਲ ਕੇ ਪ੍ਰਮਾਤਮਾ ਨਾਲ ਜੁੜਨ ਦੀ। ਗੁਰੂ ਨਾਨਕ ਦੇਵ ਜੀ ਨੇ ਆਪਣੇ ਪੰਥ ਨੂੰ ਅਮਲੀ ਜਾਮਾ ਦੇਣ ਦੀ ਭਰਪੂਰ ਕੋਸ਼ਿਸ਼ ਕੀਤੀ। ਇਸੇ ਮਨੋਰਥ ਲਈ ਉਨ੍ਹਾਂ ਲੋਕਾਂ ਦੀ ਬੋਲੀ ਵਿਚ ਭਾਵਨਾਤਮਕ ਸੰਚਾਰ ਵਿਧੀ ਰਾਹੀਂ ਆਪਣੇ ਉਦੇਸ਼ ਜਨ ਸਾਧਾਰਨ ਤਕ ਪਹੁੰਚਾਉਣ ਲਈ ਦੇਸ਼, ਵਿਦੇਸ਼ ਵਿਚ ਉਦਾਸੀਆਂ ਕੀਤੀਆਂ ਅਤੇ ਲੋੜ ਮੁਤਾਬਿਕ ਸੰਸਥਾਵਾਂ (ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਆਦਿ) ਦੀ ਸਥਾਪਨਾ ਕੀਤੀ। ਆਪਣੇ ਪੰਥ ਦੇ ਪੈਰੋਕਾਰਾਂ ਦੀ ਅਗਵਾਈ ਲਈ ਤੇ ਪੰਥ ਦੇ ਸੰਗਠਨ ਨੂੰ ਮਜ਼ਬੂਤ ਤੇ ਸਦੀਵੀ ਬਣਾਉਣ ਲਈ ਉਨ੍ਹਾਂ ਨੇ ਗੁਰੂ ਦੀ ਸੰਸਥਾ ਵੀ ਕਾਇਮ ਕੀਤੀ। ਫਲਸਰੂਪ ਸਿੱਖ ਮਤ ਦਾ ਜਿਹੜਾ ਨਮੂਨਾ ਸਾਡੇ ਸਾਹਮਣੇ ਆਇਆ ਉਸ ਤੋਂ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਮਾਨਵ ਧਰਮ ਦੇ ਨਿਯਮ ਬੜੇ ਪ੍ਰਗਤੀਸ਼ੀਲ ਅਤੇ ਲਾਹੇਵੰਦ ਸਨ।

ਗੁਰੂ ਨਾਨਕ ਬਾਣੀ ਅਨੁਸਾਰ ਪ੍ਰਮਾਤਮਾ ਨੇ ਮਨੁੱਖ ਨੂੰ ਸਾਰੀਆਂ ਜੂਨੀਆਂ ਤੋਂ ਸ੍ਰੇਸ਼ਠ ਬਣਾਇਆ ਹੈ। ਮਨੁੱਖ ਚਿੰਤਨਸ਼ੀਲ ਪ੍ਰਾਣੀ ਵਜੋਂ ਪੈਦਾ ਕੀਤਾ ਹੈ। ਫਲਸਰੂਪ ਉਸ ਪਾਸੋਂ ਆਸ ਰਖੀ ਜਾਂਦੀ ਹੈ ਕਿ ਉਹ ਬੁੱਧ-ਬਿਬੇਕ ਦੇ ਆਸਰੇ ਤੇ ਚਲੇ। ਬੁੱਧ-ਬਿਬੇਕ ਇਹ ਮੱਤ ਦਿੰਦੀ ਹੈ ਕਿ ਜਿਹੜਾ ਵਰਤਾਰਾ ਤੁਸੀਂ ਦੂਜਿਆਂ ਪਾਸੋਂ ਆਪਣੇ ਹੱਕ ਵਿਚ ਹੋਇਆ ਵੇਖਣਾ ਚਾਹੁੰਦੇ ਹੋ ਉਹ ਜਿਹਾ ਹੀ ਤੁਸੀਂ ਆਪ ਦੂਜਿਆਂ ਨਾਲ ਕਰੋ। ਜੇ ਤੁਸੀਂ ਆਪ ਦੂਜਿਆਂ ਤੋਂ ਪਿਆਰ, ਸਤਿਕਾਰ ਅਤੇ ਸੇਵਾ ਚਾਹੁੰਦੇ ਹੋ ਤਾਂ ਤੁਹਾਨੂੰ ਆਪ ਵੀ ਦੂਜਿਆਂ ਪ੍ਰਤੀ ਇਹੋ ਜਿਹਾ ਵਤੀਰਾ ਅਪਣਾਉਣਾ ਪਵੇਗਾ। ਗੁਰੂ ਨਾਨਕ ਦੇਵ ਜੀ ਨੇ ਧਰਮ ਲਈ ਬੁੱਧਬਿਬੇਕ ਨੂੰ ਧੁਰਾ ਬਣਾ ਕੇ ਮਨੁੱਖ ਨੂੰ ਬਿਬੇਕ ਆਸਰੇ ਚੱਲਣ ਦੀ ਸਿੱਖਿਆ ਵੀ ਦਿੱਤੀ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਉਪਦੇਸ਼ਾਂ ਰਾਹੀਂ ਧਰਮ ਨੂੰ ਪ੍ਰਭੂ ਪ੍ਰੇਮ ਅਤੇ ਮਾਨਵ ਪ੍ਰੇਮ ਰਾਹੀਂ ਨੈਤਿਕ ਜੀਵਨ ਵਿਚ ਸੰਜੋਣ ਦਾ ਸਫਲ ਯਤਨ ਕੀਤਾ ਹੈ। ਗੁਰੂ ਨਾਨਕ ਬਾਣੀ ਦੇ ਸਾਰੇ ਸੰਕਲਪ ਅਤੇ ਸਿਧਾਂਤ ਜਿਨ੍ਹਾਂ ਦਾ ਸਬੰਧ ਵਿਅਕਤੀ ਅਤੇ ਸਮਾਜ ਨਾਲ ਹੈ, ਮਾਨਵ ਧਰਮ ਦੇ ਘੇਰੇ ਵਿਚ ਆਉਂਦੇ ਹਨ ਜਿਵੇਂ ਗ੍ਰਹਿਸਥ, ਵਿਅਕਤੀਗਤ ਸੁਤੰਤਰਤਾ, ਪੱਤ, ਹੱਕ ਅਤੇ ਸਤਿਕਾਰ ਦਾ ਧਿਆਨ ਰਖਣਾ, ਸਮਾਜਿਕ ਸਮਾਨਤਾ, ਸਮਾਜਿਕ ਨਿਆਂ ਦਾ ਸੁਰੱਖਿਆ ਕਰਨੀ। ਸਚਿਆਰ ਦੀ ਰਹਿਣੀ ਬਿਤਾਉਣੀ, ਵਿਕਾਰਾਂ ਤੇ ਕਾਬੂ ਪਾਉਣਾ, ਨਾਰੀ ਦੇ ਨਿਰਾਦਰ ਦੀ ਨਿਖੇਧੀ ਕਰਨੀ, ਅਰਥਹੀਨ ਸਮਾਜਿਕ ਮਨਾਹੀਆਂ, ਅੰਧ ਵਿਸ਼ਵਾਸ਼, ਕਰਮ ਕਾਂਡ, ਫਾਲਤੂ ਸੰਸਕਾਰ ਤੇ ਰਹੁ ਰੀਤਾਂ, ਰੂੜ੍ਹੀਵਾਦ ਅਤੇ ਬ੍ਰਾਹਮਣਵਾਦ ਦਾ ਵਿਰੋਧ ਕੀਤਾ ਗਿਆ ਹੈ। ਝੂਠ ਤੇ ਫਰੇਬ ਦਾ ਤਿਆਗ, ਸਾਧ ਸੰਗਤ ਵਿਚ ਸ਼ਾਮਿਲ ਹੋਣਾ, ਨਿੱਜੀ ਤੇ ਸਮਾਜਿਕ ਜ਼ਿੰਮੇਵਾਰੀਆਂ ਨਿਭਾਉਣੀਆਂ, ਭਾਈਚਾਰੇ ਦੀ ਭਾਵਨਾ, ਸੇਵਾ, ਪ੍ਰੇਮ, ਦਇਆ, ਦਾਨ, ਸੰਤੋਖ ਤੇ ਹੋਰ ਗੁਣ ਅਪਣਾਉਣ ਦਾ ਉਪਦੇਸ਼ ਦਿਤਾ ਗਿਆ ਹੈ। ਲੋਕ ਭਲਾਈ ਦਾ ਕਿਰਦਾਰ, ਲੋਕ ਸੰਪਰਕ ਲਈ ਵਿਚਾਰ ਵਟਾਂਦਰਾ, ਅੰਤਰ ਧਰਮ ਸੰਵਾਦ, ਗੋਸ਼ਟੀਆਂ, ਉਦਾਸੀਆਂ, ਧਾਰਮਿਕ ਉਪਦੇਸ਼ਾਂ ਲਈ ਸਥਾਨਿਕ ਭਾਸ਼ਾ ਦੀ ਵਰਤੋਂ ਅਤੇ ਕੀਰਤਨ ਆਦਿ ਪੱਖਾਂ ਨੂੰ ਵਿਸ਼ੇਸ਼ ਤੌਰ ਤੇ ਤਰਜੀਹ ਦਿਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਧਾਰਮਿਕ ਪ੍ਰੰਪਰਾਵਾਂ ਦੇ ਸੰਸਾਰ ਪ੍ਰਤੀ ਨਕਾਰਾਤਮਕ ਰਵੱਈਏ ਨੂੰ ਸਵੀਕਾਰ ਨਹੀਂ ਕੀਤਾ। ਉਨ੍ਹਾਂ ਸਮਾਜ ਨਾਲੋਂ ਟੁੱਟ ਕੇ ਸੰਨਿਆਸ ਧਾਰਨ ਕਰਕੇ ਧਰਮ ਕਮਾਉਣ ਦੀ ਸਿਫਾਰਿਸ਼ ਨਹੀਂ ਕੀਤੀ ਮਗਰੋਂ ਸੰਸਾਰ ਵਿਚ ਰਹਿ ਕੇ ਗ੍ਰਿਹਸਤੀ ਜੀਵਨ ਅਪਣਾਉਣ ਲਈ ਕਿਹਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ - ਜੀਵਨ ਦੇ ਦੋਵੇਂ ਪੱਖ ਹਲਤ ਤੇ ਪਲਤ ਇਸ ਦੁਨੀਆਂ ਵਿਚ ਰਹਿ ਕੇ ਧਰਮ ਦਾ ਆਸਰਾ ਫੜ ਕੇ ਸਵਾਰੇ ਜਾ ਸਕਦੇ ਹਨ। ਸੰਸਾਰਿਕ ਅਤੇ ਅਧਿਆਤਮਿਕ ਪੱਖ ਦੇ ਭੇਦ ਨੂੰ ਨਿਰਾਰਥਕ ਦਸ ਕੇ ਗੁਰੂ ਸਾਹਿਬ ਦੇ ਸੱਚ ਤੇ ਸਦੀਵੀ ਧਰਮ ਨੂੰ ਗ੍ਰਹਿਣ ਕਰਨ ਤੇ ਜ਼ੋਰ ਦਿਤਾ ਹੈ।

*ਏਕੋ ਧਰਮੁ ਦ੍ਰਿੜੈ ਸਚੁ ਕੋਈ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1188)

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਫਿਕਰਾਪ੍ਰਸਤ, ਨਫ਼ਰਤ ਅਤੇ ਧਾਰਮਿਕ ਵੰਡੀਆਂ ਪਾਉਣ ਵਾਲੇ ਤੱਤਾਂ ਦੀ ਨਿਖੇਧੀ ਕੀਤੀ ਗਈ ਹੈ ਅਤੇ ਸੱਚੇ ਧਰਮ ਨੂੰ ਸਮਝਣ ਲਈ ਲੋਕਾਂ ਨੂੰ ਇਕ ਦੂਸਰੇ ਦੇ ਧਰਮ ਨੂੰ ਸਮਝਣ ਦੇ ਸਹਾਰਨ ਲਈ ਸਹਿਣਸ਼ੀਲਤਾ ਦੀ ਪ੍ਰੇਰਨਾ ਦਿੱਤੀ ਹੈ। ਆਪਣੇ ਉਪਦੇਸ਼ ਰਾਹੀਂ ਉਨ੍ਹਾਂ ਦ੍ਰਿੜ੍ਹ ਕਰਵਾਇਆ ਕਿ ਅਸਲ ਵਿਚ ਸਾਰੇ ਧਰਮ ਇਕੋ ਹਨ, ਅਨੇਕਾਂ ਨਹੀਂ। ਜਿਹੜਾ ਧਰਮਾਂ ਵਿਚਕਾਰ ਵਿਤਕਰਾ ਕਰੇਗਾ ਉਹ ਪਾਪ ਦਾ ਭਾਗੀ ਬਣੇਗਾ। ਗੁਰੂ ਜੀ ਦਾ ਫੁਰਮਾਨ :

*ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ॥*
*ਕੁਫਰ ਗੋਅ ਕੁਫਰਾਣੈ ਪਇਆ ਦਝਸੀ॥*
(ਸ੍ਰੀ ਗੁਰੂ ਗ੍ਰਥ ਸਾਹਿਬ, ਪੰਨਾ 142)

ਗੁਰੂ ਨਾਨਕ ਬਾਣੀ ਵਿਚ ਮਨੁੱਖੀ ਇਤਿਹਾਸ ਦੇ ਵਿਕਾਸ ਵਿਚ ਦੈਵੀ ਦਖਲ ਨੂੰ ਸਵੀਕਾਰ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਕ੍ਰਾਂਤੀਕਾਰੀ ਚਿੰਤਨ ਰਾਹੀਂ ਸਮਾਜਿਕ ਪਰਿਵਰਤਨ ਲਿਆਉਣ ਦੀ ਸਫਲ ਕੋਸ਼ਿਸ਼ ਕੀਤੀ। ਗੁਰੂ ਸਾਹਿਬ ਦਾ ਟੀਚਾ ਇਕ ਇਹੋ ਜਿਹੇ ਸਮਾਜਿਕ ਸੰਗਠਨ ਦੀ ਸਥਾਪਨਾ ਕਰਨਾ ਹੈ। ਜਿਥੇ ਮਨੁੱਖ ਸੁਤੰਤਰ ਹੋਵੇ, ਕਿਸੇ ਕਿਸਮ ਦਾ ਵਿਤਕਰਾ ਨਾ ਹੋਵੇ ਅਤੇ ਸਭ ਨੂੰ ਇਜ਼ਤ ਨਾਲ ਜਿਉਣ ਦਾ ਅਵਸਰ ਦਿੱਤਾ ਜਾਵੇ। ਗੁਰੂ ਨਾਨਕ ਦੇਵ ਜੀ ਪਹਿਲੇ ਭਾਰਤੀ ਚਿੰਤਕ ਹਨ ਜਿਨ੍ਹਾਂ ਨੇ ਸਵੈਮਾਣ ਦੀ ਭਾਵਨਾ ਦੀ ਅਹਿਮੀਅਤ ਨੂੰ ਆਪਣੇ ਰਚਨਾ ਵਿਚ ਪ੍ਰਗਟ ਕੀਤਾ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਪੱਤ ਸ਼ਬਦ ਕਈ ਸੰਦਰਭਾਂ ਵਿਚ ਅਨੇਕਾਂ ਵਾਰ ਵਰਤਿਆ ਗਿਆ ਹੈ। ਗੁਲਾਮੀ ਦੇ ਜੀਵਨ ਦੀ ਨਿਖੇਧੀ ਕਰਦਿਆਂ ਗੁਰੂ ਸਾਹਿਬ ਫੁਰਮਾਉਂਦੇ ਹਨ :

*ਜੇ ਜੀਵੈ ਪਤਿ ਲਥੀ ਜਾਇ॥*
*ਸਭੁ ਹਰਾਮੁ ਜੇਤਾ ਕਿਛੁ ਖਾਇ॥*

ਗੁਰੂ ਨਾਨਕ ਬਾਣੀ ਵਿਚ ਮਾਨਵੀ ਹੱਕਾਂ ਦਾ ਸੰਕਲਪ ਬੜਾ ਸਪਸ਼ਟ ਹੈ। ਜਿਥੇ ਆਪ ਨੇ ਹੱਕਾਂ ਬਾਰੇ ਸੋਝੀ ਅਤੇ ਗਿਆਨ ਦੀ ਲੋੜ ਵੱਲ ਸੰਕੇਤ ਕੀਤਾ ਉਥੇ ਨਾਲ ਹੀ ਦੂਸਰੇ ਦੇ ਹੱਕ ਮਾਰਨ ਦੀ ਸਖਤ ਮਨਾਹੀ ਕੀਤੀ ਗਈ ਹੈ :

*ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 141)

ਮਾਨਵ ਧਰਮ ਨੂੰ ਹੋਰ ਦ੍ਰਿੜ੍ਹ ਕਰਾਉਣ ਤੇ ਅਰਥਪੂਰਨ ਬਣਾਉਣ ਲਈ ਗੁਰੂ ਸਾਹਿਾਬ ਨੇ ਪ੍ਰੇਮ ਤੇ ਗੁਣ ਨੂੰ ਗ੍ਰਹਿਣ ਕਰਨਾ ਜ਼ਰੂਰ ਦੱਸਿਆ ਹੈ। ਪ੍ਰੇਮ, ਮਨੁੱਖੀ ਜੀਵਨ ਦੇ ਅਧਿਆਤਮਕ ਤੇ ਸਦਾਚਾਰਕ ਖੇਤਰ ਦੇ ਸੰਪੂਰਨ ਦਾਇਰੇ ਵਿਚ ਰਸਾਇਣ ਵਾਂਗ ਸਭ ਤਰ੍ਹਾਂ ਦੀਆਂ ਕਮਜ਼ੋਰੀਆਂ ਤੇ ਔਗੁਣਾਂ ਨੂੰ ਰੋਕਣ ਦੀ ਸਮਰਥਾ ਰਖਦਾ ਹੈ।

# ਦੂਜੇ ਫੈਡਰੇਸ਼ਨ ਗੱਤਕਾ ਕੱਪ 'ਤੇ ਪੰਜਾਬ ਦੇ ਗੱਤਕੇਬਾਜ਼ ਕਾਬਜ ; ਹਰਿਆਣਵੀ ਗੱਤਕਈ ਰਹੇ ਰੱਨਰਜ ਅੱਪ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਗੱਤਕੇਬਾਜ਼ਾਂ ਨੇ ਜੰਗਜੂ ਕਲਾ ਦੇ ਸ਼ਾਨਦਾਰ ਹੁਨਰ ਸਦਕਾ ਗੱਤਕਾ-ਸੋਟੀ ਦੇ ਜ਼ੋਰਦਾਰ ਵਾਰ ਕਰਦਿਆਂ ਵੱਕਾਰੀ ਦੂਜੇ ਫੈਡਰੇਸ਼ਨ ਗੱਤਕਾ ਕੱਪ ਦੀ ਸਮੁੱਚੀ ਚੈਂਪੀਅਨਸ਼ਿਪ ਦਾ ਖਿਤਾਬ ਆਪਣੇ ਨਾਮ ਕਰ ਲਿਆ। ਰਵਾਇਤੀ ਕਲਾ ਦੇ ਸ਼ਾਨਦਾਰ ਪੰਜਾਬ ਦੀ ਟੀਮ ਨੇ ਪ੍ਰਦਰਸ਼ਨ ਦੌਰਾਨ ਬੰਗਲੁਰੂ ਸਿਟੀ ਯੂਨੀਵਰਸਿਟੀ ਕੈਂਪਸ ਵਿੱਚ ਆਯੋਜਿਤ ਇਸ ਸਲਾਨਾ ਟੂਰਨਾਮੈਂਟ 'ਤੇ ਇੱਕ ਅਮਿੱਟ ਛਾਪ ਛੱਡੀ। ਹਰਿਆਣਾ ਦੇ ਤੇਜ਼-ਤਰਾਰ ਗੱਤਕੇਬਾਜ਼ਾਂ ਨੇ ਜ਼ਬਰਦਸਤ ਖੇਡ ਦਾ ਪ੍ਰਦਰਸ਼ਨ ਕਰਦਿਆਂ ਇੰਨਾਂ ਮੁਕਾਬਲਿਆਂ ਵਿੱਚ ਸਮੁੱਚੇ ਤੌਰ 'ਤੇ ਉਪ-ਜੇਤੂ ਵਜੋਂ ਪ੍ਰਸ਼ੰਸਾਯੋਗ ਸਥਾਨ ਪ੍ਰਾਪਤ ਕੀਤਾ। ਪੰਜਾਬ ਤੇ ਹਰਿਆਣਾ ਵਿਚਕਾਰ ਖੇਡਿਆ ਗਿਆ ਗੱਤਕਾ-ਸੋਟੀ (ਵਿਅਕਤੀਗਤ) ਦਾ ਫਾਈਨਲ ਮੁਕਾਬਲਾ ਤਾਂ ਐਨਾ ਦਿਲਚਸਪ ਰਿਹਾ ਕਿ ਵਾਧੂ ਸਮੇਂ ਦੌਰਾਨ ਵੀ ਖਿਡਾਰੀਆਂ ਦੇ ਬਰਾਬਰੀ ਤੇ ਰਹਿਣ ਉਪਰੰਤ 'ਸਡਨ ਡੈਥ' ਨਿਯਮ ਨਾਲ ਫੈਸਲਾ ਕਰਨਾ ਪਿਆ। ਦੋ ਦਿਨ ਚੱਲੇ ਇਹ ਮੁਕਾਬਲੇ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ ਦੇ ਨਾਲ ਹੀ ਕਰਵਾਏ ਗਏ। ਗੱਤਕਈਆਂ ਨੇ ਹਰ ਮੈਚ ਵਿੱਚ ਅੰਕ ਪ੍ਰਾਪਤ ਕਰਨ ਲਈ ਲਗਾਤਾਰ ਟਿਕਟਿਕੀ ਲਾਈ ਰੱਖੀ ਅਤੇ ਨਿਪੁੰਨ ਗੱਤਕਾ ਤਕਨੀਕਾਂ ਨਾਲ ਆਪਣੇ ਵਿਰੋਧੀ ਖਿਡਾਰੀ ਉੱਤੇ ਹਮਲਾ ਕਰਨ ਦੀ ਕੋਈ ਚੂਕ ਨਹੀਂ ਸੀ ਕਰ ਰਹੇ।



ਪੰਜਾਬ ਦੇ ਗੱਤਕੇਬਾਜ਼ਾਂ ਨੇ ਲੜਕਿਆਂ ਦੇ ਵਰਗ ਵਿੱਚ ਸਿਖਰਲਾ ਸਨਮਾਨ ਹਾਸਲ ਕਰਨ ਲਈ ਪੂਰੀ ਦਬਦਬਾ ਕਾਇਮ ਰੱਖਿਆ। ਉੱਧਰ ਹਰਿਆਣਾ ਦੀਆਂ ਕੁੜੀਆਂ ਨੇ ਗੱਤਕਾ-ਸੋਟੀ ਦੇ ਹੁਨਰ ਨਾਲ ਅਤੇ ਜੇਤੂ ਹੋਣ ਲਈ ਜੁਟਾਏ ਸਮਾਨਾਂਤਰ ਜੋਸ਼ ਨਾਲ ਆਪਣੇ ਵਰਗ ਦੀ ਚੈਂਪੀਅਨਸ਼ਿਪ ਦਾ ਖਿਤਾਬ ਜਿੱਤ ਕੇ ਪੰਜਾਬ ਦੀਆਂ ਲੜਕੀਆਂ ਨੂੰ ਮਾਤ ਦਿੱਤੀ। ਚੈਂਪੀਅਨਸ਼ਿਪ ਦੌਰਾਨ ਬਾਕੀ ਸਥਾਨਾਂ ਲਈ ਵੀ ਬਹੁਤ ਤਿੱਖੇ ਅਤੇ ਤੇਜ਼ ਮੁਕਾਬਲੇ ਦੇਖਣ ਨੂੰ ਮਿਲੇ।

ਹਰਿਆਣਾ ਦੇ ਮੁੰਡੇ ਅਤੇ ਪੰਜਾਬ ਦੀਆਂ ਕੁੜੀਆਂ ਆਪੋ-ਆਪਣੇ ਵਰਗਾਂ ਵਿੱਚ ਉਪ ਜੇਤੂ ਰਹੀਆਂ। ਉਤਰਾਖੰਡ ਅਤੇ ਛੱਤੀਸਗੜ੍ਹ ਦੇ ਨੌਜਵਾਨਾਂ ਨੇ ਤੀਜੇ ਸਥਾਨ 'ਤੇ ਸਬਰ ਕਰਦਿਆਂ ਕਾਂਸੀ ਦੇ ਤਗਮੇ ਸਾਂਝੇ ਕੀਤੇ। ਇਸੇ ਤਰ੍ਹਾਂ ਚੰਡੀਗੜ੍ਹ ਅਤੇ ਆਂਧਰਾ ਪ੍ਰਦੇਸ਼ ਦੀਆਂ ਨੇ ਕੁੜੀਆਂ ਨੇ ਵੀ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਚੈਂਪੀਅਨਸ਼ਿਪ ਦਾ ਉਦਘਾਟਨ ਪਾਈਥੀਅਨ ਕੌਂਸਲ ਆਫ਼ ਇੰਡੀਆ ਦੇ ਚੇਅਰਮੈਨ ਬਿਜੇਂਦਰ ਗੋਇਲ ਨੇ ਕੀਤਾ। ਸੈਮੀਫਾਈਨਲ ਮੁਕਾਬਲੇ ਪਾਈਥੀਅਨ ਖੇਡਾਂ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਬੀ.ਐਚ. ਅਨਿਲ ਕੁਮਾਰ, ਆਈਏਐਸ ਨੇ ਸ਼ੁਰੂ ਕਰਵਾਏ। ਅੰਤਿਮ ਦਿਨ ਟੀਸੀ ਦੇ ਗੱਤਕੇਬਾਜ਼ਾਂ ਦੀਆਂ ਫਾਈਟਾਂ ਦੀ ਸ਼ੁਰੂਆਤ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਦੇ ਪ੍ਰਧਾਨ ਐਡਵੋਕੇਟ ਹਰਜੀਤ ਸਿੰਘ ਗਰੇਵਾਲ, ਸਾਬਕਾ ਵਧੀਕ ਡਾਇਰੈਕਟਰ, ਨੇ ਕੀਤੀ।

ਇੰਨਾਂ ਮੁਕਾਬਲਿਆਂ ਮੌਕੇ ਕੌਮਾਂਤਰੀ ਸਿੱਖ ਸ਼ਸ਼ਤਰ ਕਲਾ ਕੌਂਸਲ ਦੇ ਉਪ-ਚੇਅਰਮੈਨ ਸੁਖਚੈਨ ਸਿੰਘ ਕਲਸਾਨੀ, ਜਸਪ੍ਰੀਤ ਸਿੰਘ ਸੈਣੀ, ਜਗਦੀਸ਼ ਸਿੰਘ, ਆਰਥੀ ਦੀਵਾਨ, ਸ੍ਰੀਜੀਤ ਸੁਰੇਂਦਰ ਅਤੇ ਕੋਚ ਵੇਣੂਗੋਪਾਲ ਵੇਲੋਲੀ (ਬੰਗਲੂਰੂ) ਹਾਜ਼ਰ ਸਨ। ਸਮੁੱਚੀ ਚੈਂਪੀਅਨਸ਼ਿਪ ਦੌਰਾਨ ਹਰਨਾਮ ਸਿੰਘ, ਹਰਸਿਮਰਨ ਸਿੰਘ, ਅੰਮ੍ਰਿਤਪਾਲ ਸਿੰਘ, ਜਸ਼ਨਪ੍ਰੀਤ ਸਿੰਘ, ਸ਼ੈਰੀ ਸਿੰਘ, ਨਰਿੰਦਰਪਾਲ ਸਿੰਘ ਅਤੇ ਅਮਨ ਸਿੰਘ ਛੱਤੀਸਗੜ੍ਹ ਵੱਲੋਂ ਬਿਨਾਂ ਕਿਸੇ ਦਬਾਅ ਅਤੇ ਵਿਤਕਰੇ ਤੋਂ ਗੱਤਕਾ ਮੈਚਾਂ ਦੌਰਾਨ ਤਕਨੀਕੀ ਤੇ ਰੈਫ਼ਰੀ ਸੇਵਾਵਾਂ ਦਿੱਤੀਆਂ ਜਿਸ ਲਈ ਸਭਨਾ ਨੇ ਪ੍ਰਸ਼ੰਸਾ ਕੀਤੀ।

# ਮੇਅਰ ਨੇ ਅਚਨਚੇਤ ਚੈਕਿੰਗ ਦੌਰਾਨ ਮੁਲਾਜ਼ਮਾਂ ਨੂੰ ਲੋਕ ਪੱਖੀ ਕੰਮਾਂ ਨੂੰ ਪਹਿਲ ਦੇਣ ਦੇ ਨਿਰਦੇਸ਼

## ਨਿਗਮ ਵਿੱਚ ਕੰਮਾਂ ਲਈ ਹੁਣ ਲੋਕਾਂ ਨੂੰ ਨਹੀਂ ਹੋਵੇਗੀ ਪਰੇਸ਼ਾਨੀ : ਕੁੰਦਨ ਗੋਗੀਆ

**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਨਿਗਮ ਵੱਲੋਂ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਗਤੀ ਵਿੱਚ ਤੇਜ਼ੀ ਲਿਆਉਣ ਅਤੇ ਜਨਤਕ ਸੁਵਿਧਾਵਾਂ ਨੂੰ ਮਜ਼ਬੂਤ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ। ਇਸੇ ਤਹਿਤ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਅੱਜ ਅਚਨਚੇਤ ਨਿਗਮ ਦਫ਼ਤਰ ਵਿੱਚ ਚੈਕਿੰਗ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਵੱਖ ਵੱਖ ਵਿੰਗਾਂ ਵਿੱਚ ਕੰਮ ਕਰ ਰਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਕੰਮ ਕਾਜ ਸੰਬੰਧੀ ਜਾਣਕਾਰੀ ਲਈ।



ਚੈਕਿੰਗ ਦੌਰਾਨ ਉਨ੍ਹਾਂ ਨੇ ਸਾਫ਼ ਸਫਾਈ, ਸੜਕਾਂ ਦੀ ਮੁਰੰਮਤ, ਲਾਈਟਾਂ ਦੀ ਮੁਰੰਮਤ, ਨਿਕਾਸੀ ਪ੍ਰਣਾਲੀ ਅਤੇ ਸਫਾਈ ਪ੍ਰਬੰਧਾਂ ਬਾਰੇ ਖਾਸ ਤੌਰ 'ਤੇ ਦਿਲਚਸਪੀ ਦਿਖਾਈ। ਮੇਅਰ ਨੇ ਨਿਰਦੇਸ਼ ਦਿੱਤੇ ਕਿ ਜਿਹੜੀ ਵੀ ਜਨਤਾ ਨਿਗਮ ਨਾਲ ਸੰਬੰਧਿਤ ਕਿਸੇ ਵੀ ਕੰਮ ਲਈ ਆਉਂਦੀ ਹੈ, ਉਸਦੀ ਸਮੱਸਿਆ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।

ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਿਗਮ ਦਾ ਮੁੱਖ ਮਕਸਦ ਸ਼ਹਿਰ ਵਾਸੀਆਂ ਨੂੰ ਸੁਵਿਧਾਜਨਕ ਅਤੇ ਸੁੱਚਾ ਵਾਤਾਵਰਣ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਿਗਮ ਦੇ ਦਫ਼ਤਰਾਂ ਦੇ ਚੱਕਰ ਨਹੀਂ ਕੱਟਣ ਪੈਣੇ ਚਾਹੀਦੇ। ਇਸ ਲਈ ਜ਼ਰੂਰੀ ਹੈ ਕਿ ਹਰ ਮੁਲਾਜ਼ਮ ਆਪਣੀ ਜ਼ਿੰਮੇਵਾਰੀ ਸੁਚੱਜੇ ਤਰੀਕੇ ਨਾਲ ਨਿਭਾਏ। ਇਸ ਮੌਕੇ ਮੇਅਰ ਨੇ ਵੱਖ-ਵੱਖ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜੋ ਵੀ ਸ਼ਿਕਾਇਤਾਂ ਵਾਰਡ ਪੱਧਰ 'ਤੇ ਪ੍ਰਾਪਤ ਹੁੰਦੀਆਂ ਹਨ, ਉਹਨਾਂ ਨੂੰ 24 ਤੋਂ 48 ਘੰਟਿਆਂ ਦੇ ਅੰਦਰ-ਅੰਦਰ ਦੂਰ ਕੀਤਾ ਜਾਵੇ। ਇਸ ਤੋਂ ਇਲਾਵਾ, ਚੱਲ ਰਹੇ ਵਿਕਾਸ ਕਾਰਜਾਂ ਦੀ ਗਤੀ ਤੇਜ਼ ਕਰਨ ਅਤੇ ਗੁਣਵੱਤਾ 'ਤੇ ਖਾਸ ਧਿਆਨ ਦੇਣ ਦੇ ਹੁਕਮ ਵੀ ਦਿੱਤੇ ਗਏ।

ਕੁੰਦਨ ਗੋਗੀਆ ਨੇ ਕਿਹਾ ਕਿ ਨਿਗਮ ਵਿੱਚ ਪਾਰਦਰਸ਼ਤਾ ਅਤੇ ਤੁਰੰਤ ਕਾਰਵਾਈ ਮੁੱਖ ਤਰਜੀਹ ਰਹੇਗੀ। ਜੇਕਰ ਕਿਸੇ ਵੀ ਮਾਮਲੇ ਵਿੱਚ ਲਾਪਰਵਾਹੀ ਪਾਈ ਗਈ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਨਿਗਮ ਦਾ ਮੁੱਖ ਫੋਕਸ ਸੜਕਾਂ, ਪਾਰਕਾਂ, ਸਫਾਈ ਅਤੇ ਪਾਣੀ ਸਪਲਾਈ ਵਿੱਚ ਸੁਧਾਰ ਲਿਆਉਣਾ ਹੈ. ਚੈਕਿੰਗ ਦੌਰਾਨ ਮੇਅਰ ਨੇ ਦਫ਼ਤਰ ਦੀ ਹਾਜ਼ਰੀ ਰਜਿਸਟਰ ਦੀ ਵੀ ਜਾਂਚ ਕੀਤੀ ਅਤੇ ਦੇਰੀ ਨਾਲ ਆਉਣ ਵਾਲੇ ਕਰਮਚਾਰੀਆਂ ਨੂੰ ਨੂੰ ਵੀ ਸਮੇਂ ਨਾਲ ਆਉਣ ਲਈ ਨਿਰਦੇਸ਼ ਜਾਰੀ ਕੀਤੇ।

# IGI ਏਅਰਪੋਰਟ 'ਤੇ ਫਰਜ਼ੀ NIA ਅਧਿਕਾਰੀ ਗ੍ਰਿਫ਼ਤਾਰ, 11 ਕਿਲੋ ਡਰੱਗ ਦੇ ਨਾਲ ਫੜੀ ਗਈ ਔਰਤ



**ਨਵੀਂ ਦਿੱਲੀ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਦੀ ਰਾਜਧਾਨੀ ਦਿੱਲੀ ਤੋਂ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿਥੇ ਇਕ ਔਰਤ ਨੇ ਖੁਦ ਨੂੰ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਦੀ ਅਧਿਕਾਰੀ ਦੱਸ ਕੇ ਡਰੱਗ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ। ਕਸਟਮ ਅਧਿਕਾਰੀਆਂ ਨੇ ਏਅਰਪੋਰਟ ਤੋਂ ਇਸ ਔਰਤ ਨੂੰ ਗ੍ਰਿਫਤਾਰ ਕੀਤਾ ਹੈ। ਉਸ ਕੋਲੋਂ 11.350 ਕਿਲੋ ਹਾਈਡ੍ਰੋਪੋਨਿਕ ਵੀਡ ਬਰਾਮਦ ਕੀਤੀ ਗਈ ਹੈ। ਗ੍ਰਿਫਤਾਰ ਔਰਤ ਥਾਈਲੈਂਡ ਤੋਂ ਆਈ ਸੀ ਅਤੇ ਫਿਲਹਾਲ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।

ਜਾਣਕਾਰੀ ਮੁਤਾਬਕ, ਦਿੱਲੀ ਏਅਰਪੋਰਟ 'ਤੇ ਏਅਰ ਇੰਟੈਲੀਜੈਂਸ ਯੂਨਿਟ ਦੀ ਟੀਮ ਨੇ ਔਰਤ ਨੂੰ ਫੜਿਆ। ਉਹ ਬੈਂਕਾਕ ਤੋਂ ਫਲਾਈਟ ਨੰਬਰ 19-2335 ਤੋਂ ਦਿੱਲੀ ਪਹੁੰਚੀ ਸੀ। ਜਾਂਚ ਟੀਮ ਨੇ ਪਹਿਲਾਂ ਤੋਂ ਹੀ ਉਸਦੀ ਪ੍ਰੋਫਾਈਲਿੰਗ ਕੀਤੀ ਹੋਈ ਸੀ। ਏਅਰਪੋਰਟ 'ਤੇ ਉਤਰਨ ਤੋਂ ਬਾਅਦ ਔਰਤ ਨੇ ਬਾਥਰੂਮ ਜਾ ਕੇ ਆਪਣੇ ਕੱਪੜੇ ਬਦਲੇ ਅਤੇ ਗ੍ਰੇਅ ਰੰਗ ਦੀ ਜੈਕੇਟ ਪਹਿਨ ਲਈ, ਜਿਸ 'ਤੇ ਐਨ.ਆਈ.ਏ. ਅਤੇ ਰਾਸ਼ਟਰੀ ਚਿੰਨ੍ਹ ਬਣਿਆ ਹੋਇਆ ਸੀ, ਤਾਂ ਜੋ ਉਹ ਖੁਦ ਨੂੰ ਸਰਕਾਰੀ ਅਧਿਕਾਰੀ ਦੱਸ ਕੇ ਜਾਂਚ ਤੋਂ ਬਚ ਸਕੇ।

**ਨਕਲੀ ਆਈ.ਡੀ. ਅਤੇ ਝੂਠੀ ਪਛਾਣ**

ਗਰੀਨ ਚੈਨਲ ਪਾਰ ਕਰਦੇ ਹੀ ਏ.ਆਈ.ਯੂ. ਅਧਿਕਾਰੀਆਂ ਨੇ ਔਰਤ ਨੂੰ ਰੋਕਿਆ। ਜਦੋਂ ਉਸਦੇ ਬੈਕ ਦੀ ਐਕਸ-ਰੇਅ ਮਸ਼ੀਨ ਰਾਹੀਂ ਜਾਂਚ ਕੀਤੀ ਗਈ ਤਾਂ ਸ਼ੱਕੀ ਸਮੱਗਰੀ ਦਿਖਾਈ ਦਿੱਤੀ। ਪੁੱਛਗਿੱਛ 'ਚ ਔਰਤ ਨੇ ਖੁਦ ਨੂੰ ਐਨ.ਆਈ.ਏ. ਅਧਿਕਾਰੀ ਦੱਸਿਆ ਅਤੇ ਬੈਕ ਖੋਲ੍ਹਣ ਤੋਂ ਮਨਾ ਕਰ ਦਿੱਤਾ। ਉਸਨੇ ਆਪਣੀ ਆਈ.ਡੀ. ਵੀ ਦਿਖਾਈ ਜੋ ਕੇ ਨਕਲੀ ਸੀ।

**11 ਕਿਲੋ ਤੋਂ ਵੱਧ ਡਰੱਗ ਬਰਾਮਦ**

ਅਧਿਕਾਰੀਆਂ ਨੇ ਜਦੋਂ ਉਸਦਾ ਬੈਗ ਖੋਲ੍ਹਿਆ ਤਾਂ ਉਸ ਵਿੱਚੋਂ 20 ਪੈਕੇਟ ਹਾਈਡ੍ਰੋਪੋਨਿਕ ਵੀਡ ਬਰਾਮਦ ਹੋਈ, ਜਿਸਦਾ ਕੁੱਲ ਭਾਰ 11.350 ਕਿਲੋ ਸੀ। ਇਹ ਪੈਕੇਟ ਛੋਟੇ ਕੱਪੜੇ ਦੇ ਬੈਗਾਂ 'ਚ ਲੁਕਾਏ ਗਏ ਸਨ ਅਤੇ ਉਨ੍ਹਾਂ 'ਤੇ ਵੀ ਐਨ.ਆਈ.ਏ. ਅਤੇ ਰਾਸ਼ਟਰੀ ਚਿੰਨ੍ਹ ਬਣਿਆ ਸੀ। ਫਿਲਹਾਲ ਔਰਤ ਨੂੰ ਐਨ.ਡੀ.ਪੀ.ਐਸ. ਐਕਟ 1985 ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸਤੋਂ ਪੁੱਛਗਿੱਛ ਜਾਰੀ ਹੈ ਅਤੇ ਇਹ ਪਤਾ ਲਗਾਇਆ ਜਾ ਰਿਹਾ ਹੈ ਕਿ ਇਸ ਨੈੱਟਵਰਕ 'ਚ ਹੋਰ ਕੌਣ-ਕੌਣ ਸ਼ਾਮਲ ਹੈ। ਕਸਟਮ ਵਿਭਾਗ ਹੁਣ ਇਸ ਪੂਰੇ ਰੈਕੇਟ ਦੀਆਂ ਤਾਰਾਂ ਦੀ ਜਾਂਚ ਕਰ ਰਿਹਾ ਹੈ।

# ਚੰਗੀ ਸਿਹਤ ਲਈ ਦਵਾਈਆਂ ਨਹੀਂ, ਕਸਰਤ ਹੋਵੇ ਪਹਿਲਕਦਮੀ : ਵਿਨੀਤ ਕੁਮਾਰ ਐਨ.ਆਈ. ਐਸ

## ਉਮੰਗ ਸੰਸਥਾਂ ਦੀਆਂ ਲੋਕ ਪੱਖੀ ਸੇਵਾਵਾਂ ਦੀ ਕੀਤੀ ਸ਼ਲਾਘਾ



**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸ਼ਹਿਰ ਵਿੱਚ ਸਥਿਤ ਖੇਡਾਂ ਲਈ ਵਿਸ਼ੇਸ਼ ਤੌਰ ਤੇ ਜਾਣਿਆ ਜਾਂਦਾ ਏਸ਼ੀਆ ਦਾ ਸਭ ਤੋਂ ਵੱਡਾ ਖੇਡ ਸੰਸਥਾਨ ਐਨ ਆਈ ਐਸ ਵਿਚ ਲੋਕਾਂ ਨੂੰ ਸਿਹਤ ਪ੍ਰਤੀ ਜਾਗਰੂਕ ਕਰਨ ਲਈ ਹਰ ਹਫਤੇ ਦੇ ਐਤਵਾਰ ਵਾਲੇ ਦਿਨ ਫਿਟ ਇੰਡੀਆ ਸਾਈਕਲ ਸੰਡੇ ਈਵੈਂਟ ਕਰਵਾਇਆ ਜਾਂਦਾ ਹੈ। ਦੱਸਣਯੋਗ ਹੈ ਕਿ ਇਸ ਹਫਤਾਵਾਰੀ ਈਵੈਂਟ ਵਿੱਚ ਐਨ ਆਈ ਐਸ ਦੇ ਅਧਿਕਾਰੀ, ਕੋਚ ਸਾਹਿਬਾਨਾਂ, ਸਟਾਫ ਤੋਂ ਇਲਾਵਾ ਸ਼ਹਿਰ ਵਾਸੀ ਵੀ ਖਾਸ ਤੌਰ ਤੇ ਸ਼ਿਰਕਤ ਕਰਦੇ ਹਨ।

ਇਸੇ ਤਹਿਤ ਬੀਤੇ ਐਤਵਾਰ ਵੀ ਕਰਵਾਈ ਇਸ ਸਾਈਕਲਿੰਗ ਈਵੈਂਟ ਵਿੱਚ ਪਟਿਆਲਾ ਦੀ ਸਿਰਮੌਰ ਸੰਸਥਾ ਉਮੰਗ ਵੈਲਫ਼ੇਅਰ ਫਾਊਂਡੇਸ਼ਨ ਦੇ ਮੈਂਬਰਾਂ ਅਤੇ ਹੋਰ ਸਮਾਜਿਕ ਸੰਸਥਾਵਾਂ ਦੇ ਨੁਮਾਇਦਿਆਂ ਨੇ ਹਿੱਸਾ ਲਿਆ।

ਈਵੈਂਟ ਉਪਰੰਤ ਵਿਸ਼ੇਸ਼ ਤੌਰ ਤੇ ਮੀਡੀਆ ਨਾਲ ਗੱਲਬਾਤ ਦੌਰਾਨ ਵਿਨੀਤ ਕੁਮਾਰ, ਡਿਪਟੀ ਡਾਇਰੈਕਟਰ ਜਨਰਲ ਸਪੋਰਟਸ ਅਥਾਰਟੀ ਆਫ਼ ਇੰਡੀਆ ਅਤੇ ਸੀਨੀਅਰ ਕਾਰਜਕਾਰੀ ਡਾਇਰੈਕਟਰ, ਸਾਈ, ਐਨਐਸ ਐਨਆਈਐਸ ਨੇ ਉਮੰਗ ਸੰਸਥਾਂ ਦੀਆਂ ਲੋਕ ਪੱਖੀ ਸੇਵਾਵਾਂ ਦੀ ਬੇਹੱਦ ਸ਼ਲਾਘਾ ਕੀਤੀ ਅਤੇ ਕਿਹਾ ਕਿ ਹੋਰ ਸੰਸਥਾਵਾਂ ਨੂੰ ਵੀ ਲੋਕ ਪੱਖੀ ਸੇਵਾਵਾਂ ਲਈ ਅਹਿਮ ਪਹਿਲਕਦਮੀ ਕਰਨੀ ਚਾਹੀਦੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਆਧੁਨਿਕ ਦੌਰ ਵਿੱਚ ਲੋਕ ਦਵਾਈਆਂ 'ਤੇ ਬੇਵਜ੍ਹਾ ਨਿਰਭਰ ਹੋ ਰਹੇ ਹਨ, ਜਦਕਿ ਸਿਹਤਮੰਦ ਜੀਵਨ ਸ਼ੈਲੀ, ਚੱਲਣ-ਫਿਰਣ ਦੀਆਂ ਆਦਤਾਂ, ਵੱਧ ਤੋਂ ਵੱਧ ਸਾਈਕਲਿੰਗ ਅਤੇ ਸਰੀਰਕ ਕਸਰਤ ਹੀ ਅਸਲ ਦਵਾਈ ਦਾ ਕੰਮ ਕਰਦੀ ਹੈ। ਵਿਨੀਤ ਕੁਮਾਰ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ, ਖੇਡਾਂ ਨਾਲ ਜੁੜਨ ਅਤੇ ਫਿਟਨੈੱਸ ਨੂੰ ਰੋਜ਼ਾਨਾ ਜੀਵਨ ਵਿੱਚ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਉਨ੍ਹਾਂ ਨੇ ਸੁਝਾਅ ਦਿੱਤਾ ਕਿ ਸਕੂਲੀ ਅਤੇ ਕਾਲਜ ਪੱਧਰ 'ਤੇ ਵੀ ਇਸ ਤਰ੍ਹਾਂ ਦੇ ਇਵੈਂਟ ਨਿਯਮਤ ਤੌਰ 'ਤੇ ਕਰਵਾਏ ਜਾਣ, ਤਾਂ ਜੋ ਸਮਾਜ ਸਿਹਤਮੰਦ ਅਤੇ ਤੰਦਰੁਸਤ ਬਣੇ।

ਇਸ ਮੌਕੇ ਵਿਨੀਤ ਕੁਮਾਰ, ਡਿਪਟੀ ਡਾਇਰੈਕਟਰ ਜਨਰਲ, ਸਪੋਰਟਸ ਅਥਾਰਟੀ ਆਫ਼ ਇੰਡੀਆ ਅਤੇ ਸੀਨੀਅਰ ਕਾਰਜਕਾਰੀ ਡਾਇਰੈਕਟਰ, ਸਾਈ, ਐਨਐਸ ਐਨਆਈਐਸ ਦੇ ਨਾਲ ਸੁਮਿਤ ਮਿਗਲਾਨੀ ਡਾਇਰੈਕਟਰ, ਸ਼੍ਰੀ ਸਿਬਾਨੰਦ ਮਿਸ਼ਰਾ ਡਿਪਟੀ ਡਾਇਰੈਕਟਰ, ਸੁਧੀਰ ਕੁਮਾਰ ਰੈਡੀ ਓ ਡਿਪਟੀ ਡਾਇਰੈਕਟਰ, ਡਾ. ਰਾਜਬੀਰ ਸਿੰਘ ਗਿੱਲ ਡਿਪਟੀ ਡਾਇਰੈਕਟਰ, ਚੈਤੰਨਿਆ ਚੌਹਾਨ ਸਹਾਇਕ ਡਾਇਰੈਕਟਰ, ਉਮੰਗ ਸੰਸਥਾ ਦੇ ਪ੍ਰਧਾਨ ਅਰਵਿੰਦਰ ਸਿੰਘ, ਕਾਨੂੰਨੀ ਸਲਾਹਕਾਰ ਅਤੇ ਖਜਾਨਚੀ ਯੋਗੇਸ਼ ਪਾਠਕ, ਪਰਮਜੀਤ ਸਿੰਘ ਜੁਆਇੰਟ ਸਕੱਤਰ, ਗੁਰਦੀਪ ਸਿੰਘ ਪ੍ਰੋਪੋਗੰਡਾ ਸੈਕਟਰੀ ਅਤੇ ਹੋਰ ਮੈਂਬਰਾਂ ਤੋਂ ਇਲਾਵਾ ਸਾਈ, ਐਨਐਸ, ਐਨਆਈਐਸ, ਪਟਿਆਲਾ ਦੇ ਅਕਾਦਮਿਕ ਕੋਚ, ਸਟਾਫ ਅਤੇ ਵਾਲੀਬਾਲ ਦੇ ਡਿਪਲੋਮਾ ਸਿਖਿਆਰਥੀ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਅਜੀਤਪਾਲ ਕੋਹਲੀ ਵਲੋਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਸ਼ਰਧਾਂਜਲੀ ਸਮਾਰੋਹ ਵਿਚ ਪਹੁੰਚਣ ਦੀ ਅਪੀਲ

**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਪਟਿਆਲਾ ਜ਼ਿਲਾ ਪੱਧਰੀ ਸ਼ਰਧਾਂਜਲੀ ਅਤੇ ਸਨਮਾਨ ਸਮਾਰੋਹ ਪ੍ਰਧਾਨ ਦਿਹਾਤੀ ਸਰਕਟ ਹਾਊਸ ਪਟਿਆਲਾ ਪਹੁੰਚੇ।

16 ਨਵੰਬਰ ਦਿਨ ਐਤਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦੇ 110ਵੇਂ ਸ਼ਹੀਦੀ ਦਿਹਾੜੇ ਮੌਕੇ ਸੰਸਥਾ ਮਰੀਜ ਮਿਤਰਾ ਵਲੋਂ ਕਰਵਾਏ ਜਾ ਰਹੇ ਤੀਜੇ ਜ਼ਿਲਾ ਪੱਧਰੀ ਸ਼ਰਧਾਂਜਲੀ ਅਤੇ ਸਨਮਾਨ ਸਮਾਰੋਹ ਵਿੱਚ ਸ਼ਾਮਲ ਹੋ ਕੇ ਸ਼ਰਧਾਂਜਲੀ ਭੇਟ ਕਰਨ ਦੀ ਅਪੀਲ ਵਿਧਾਇਕ ਅਜੀਤਪਾਲ ਕੋਹਲੀ ਵਲੋਂ ਸਮੂਹ ਸ਼ਹਿਰ ਨਿਵਾਸੀਆਂ ਨੂੰ ਕਿੱਤੀ ਗਈ ਹੈ। ਇਸ ਮੌਕੇ ਅਜੀਤਪਾਲ ਕੋਹਲੀ ਵਲੋਂ ਸੰਸਥਾ ਮਰੀਜ ਮਿਤਰਾ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਗਿਆ ਕਿ ਇਹ ਬਹੁਤ ਵੱਡਾ ਉਪਰਾਲਾ ਹੈ ਜੋ ਕਿ ਸੰਸਥਾ ਵਲੋਂ ਹਰ ਸਾਲ ਕਿੱਤਾ ਜਾਂਦਾ ਹੈ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਸ਼ਹੀਦੀ ਦਿਹਾੜੇ ਤੇ ਬਹੁਤ ਵੱਡਾ ਪ੍ਰੋਗਰਾਮ ਉਲੀਕ ਕੇ ਸ਼ਰਧਾਂਜਲੀ ਭੇਂਟ ਕੀਤੀ ਜਾਂਦੀ ਹੈ।ਉਹਨਾਂ ਵਲੋਂ ਹਰ ਤਰ੍ਹਾਂ ਦਾ ਸਹਿਯੋਗ ਸੰਸਥਾ ਮਰੀਜ ਮਿਤਰਾ ਨੂੰ ਦਿੱਤਾ ਜਾਵੇਗਾ।



ਇਸ ਮੌਕੇ ਪ੍ਰਧਾਨ ਗੁਰਮੁੱਖ ਗੁਰੂ ਵਲੋਂ ਦਸਿਆ ਗਿਆ ਹੈ ਸੰਸਥਾ ਦੇ ਆਦਰਸ਼ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਸ਼ਹੀਦੀ ਦਿਹਾੜੇ ਤੇ ਸੰਸਥਾ ਵਲੋਂ ਹਰ ਸਾਲ ਸ਼ਰਧਾਂਜਲੀ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾਂਦਾ ਹੈ।

ਇਸ ਸਾਲ ਵੀ ਸੰਸਥਾ ਵਲੋਂ 16 ਨਵੰਬਰ ਦਿਨ ਐਤਵਾਰ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਸ਼ਹੀਦੀ ਦਿਹਾੜੇ ਤੇ ਜ਼ਿਲਾ ਪੱਧਰੀ ਸ਼ਰਧਾਂਜਲੀ ਅਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਰੋਹ ਸ਼ਾਮ 5 ਵੱਜੇ ਤੋਂ 7 ਵਜੇ ਤਕ ਓਮੈਕਸ ਮਾਲ ਪਟਿਆਲਾ ਦੇ ਬਾਹਰ ਹੋਵੇਗਾ। ਇਸ ਸਮਾਰੋਹ ਵਿਚ ਤਕਰੀਬਨ 200 ਖੂਨ ਤੇ ਪਲੇਟਲੈਟ ਸੈਲ ਦਾਨੀ, ਤਕਰੀਬਨ 100 ਕੈਂਸਰ ਰੋਗੀਆਂ ਲਈ ਦਾਨ ਬਾਲ ਦਾਨੀ, 100 ਦੇ ਕਰੀਬ ਪਸ਼ੂ ਪੰਛੀਆਂ ਦੀ ਸੇਵਾ ਸੰਭਾਲ ਕਰਨ ਵਾਲੇ ਜੀਵ ਪ੍ਰੇਮੀ,100 ਦੇ ਕਰੀਬ ਸੰਸਥਾ ਦੇ ਸੀਨੀਅਰ ਮੈਂਬਰ, 50 ਦੇ ਕਰੀਬ ਵਿਸ਼ੇਸ਼ ਸਖਸ਼ੀਅਤਾਂ ਤੇ ਤਕਰੀਬਨ 100 ਪਟਿਆਲਾ ਜਿਲ੍ਹੇ ਵਿੱਚ ਜਮੀਨੀ ਪੱਧਰ 'ਤੇ ਸੇਵਾਵਾਂ ਨਿਭਾ ਰਹੀਆਂ ਸੰਸਥਾਵਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਜਾਵੇਗਾ। ਸਮਾਰੋਹ ਵਿੱਚ ਰਾਜਨੀਤਕ, ਧਾਰਮਿਕ, ਸਮਾਜਿਕ ਸਖਸ਼ੀਅਤਾਂ, ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਪਹੁੰਚ ਰਹੇ ਹਨ।

# ਗੁਰਦੁਆਰਾ ਪਾਤਸ਼ਾਹੀ ਨੌਵੀਂ ਅਗੌਲ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਮੌਕੇ ਗੁਰੂ ਸਾਹਿਬ ਨੂੰ ਨਤਮਸਤਕ ਹੋਈ ਵੱਡੀ ਗਿਣਤੀ ਸੰਗਤ

**ਨਾਭਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਾਭਾ ਦੇ ਪਿੰਡ ਅਗੌਲ ਵਿਖੇ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਪਾਤਸ਼ਾਹੀ ਨੌਵੀਂ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਸਮਾਗਮ ਮੌਕੇ ਵੱਡੀ ਗਿਣਤੀ ਸੰਗਤ ਨੇ ਗੁਰੂ ਘਰ ਵਿਖੇ ਨਤਮਸਤਕ ਹੁੰਦੀ ਹੋਈ ਗੁਰੂ ਇਤਿਹਾਸ ਨੂੰ ਸਰਵਣ ਕੀਤਾ।

ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੁਰਿਆਈ ਦਿਵਸ ਦੇ 350 ਸਾਲਾ ਸਮੇਤ ਮਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਰਾਗੀ ਜਥਾ ਜਸਪਾਲ ਸਿੰਘ ਨਾਭਾ ਵਾਲੇ ਤੇ ਕਾਰ ਸੇਵਾ ਵਾਲੇ ਜਥੇਦਾਰ ਬਾਬਾ ਮੰਗਾ ਸਿੰਘ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜਿਆ।

ਬੀ.ਡੀ.ਪੀ.ਓ. ਬਲਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਇਹ ਸਮਾਗਮ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਹੈ। ਇਸ ਮੌਕੇ ਸਰਪੰਚ ਸੰਦੀਪ ਕੌਰ, ਉਕਾਰ ਸਿੰਘ ਅਗੌਲ ਤੇ ਸਕੱਤਰ ਜਸਵੰਤ ਸਿੰਘ ਰੋਹਟਾ ਸਮੇਤ ਪਿੰਡ ਪੰਚਾਇਤ ਅਤੇ ਇਲਾਕਾ ਨਿਵਾਸੀ ਸੰਗਤ ਨੇ ਪੂਰੇ ਉਤਸ਼ਾਹ ਨਾਲ ਗੁਰਪੁਰਬ ਮਨਾਉਣ ਲਈ ਗੁਰੂ ਘਰ ਵਿਖੇ ਹਾਜ਼ਰੀ ਭਰੀ।

# ਪੰਜਾਬ ਸਰਕਾਰ ਵੱਲੋਂ 13 ਤੋਂ 15 ਨਵੰਬਰ ਤੱਕ ਜ਼ਿਲ੍ਹਾ ਖਜ਼ਾਨਾ ਦਫ਼ਤਰਾਂ ਵਿਖੇ ਕਰਵਾਇਆ ਜਾਵੇਗਾ ਪੈਨਸ਼ਨਰ ਸੇਵਾ ਮੇਲਾ : ਹਰਪਾਲ ਸਿੰਘ ਚੀਮਾ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਦਫ਼ਤਰਾਂ ਵਿਖੇ 13 ਨਵੰਬਰ ਤੋਂ 15 ਨਵੰਬਰ 2025 ਤੱਕ 'ਪੈਨਸ਼ਨਰ ਸੇਵਾ ਮੇਲਾ' ਕਰਵਾਇਆ ਜਾਵੇਗਾ। ਇਸ ਪਹਿਲਕਦਮੀ ਦਾ ਉਦੇਸ਼ ਸੂਬਾ ਸਰਕਾਰ ਦੇ ਸਮੂਹ ਪੈਨਸ਼ਨਰਾਂ ਨੂੰ ਜ਼ਰੂਰੀ ਈ-ਕੇਵਾਈਸੀ ਪ੍ਰਕਿਰਿਆ ਸਬੰਧੀ ਸਹੂਲਤ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਨਵੇਂ ਲਾਂਚ ਕੀਤੇ ਗਏ ਪੈਨਸ਼ਨਰ ਸੇਵਾ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਣ।

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 3 ਨਵੰਬਰ 2025 ਨੂੰ ਸਾਰੀਆਂ ਪੈਨਸ਼ਨ ਸਬੰਧੀ ਸੇਵਾਵਾਂ ਲਈ ਵਨ-ਸਟਾਪ ਡਿਜੀਟਲ ਪਲੇਟਫਾਰਮ ਲਾਂਚ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਲਈ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਵਾਸਤੇ ਈ-ਕੇਵਾਈਸੀ ਕਰਵਾਉਣਾ ਲਾਜ਼ਮੀ ਹੈ। ਉਨ੍ਹਾਂ ਸਾਰੇ ਪੈਨਸ਼ਨਰਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਅਤੇ ਸਹਿਜ ਡਿਜੀਟਲ ਪੈਨਸ਼ਨ ਸੇਵਾਵਾਂ ਦਾ ਅਨੁਭਵ ਕਰਨ ਲਈ ਮੇਲੇ ਦੌਰਾਨ ਆਪਣੇ ਨੇੜਲੇ ਜ਼ਿਲ੍ਹਾ ਖਜ਼ਾਨਾ ਦਫ਼ਤਰਾਂ ਵਿੱਚ ਪਹੁੰਚਣ।



ਇਸ ਪੋਰਟਲ, ਜੋ ਕਿ https://pensionersewa.punjab.gov.in 'ਤੇ ਮੌਜੂਦ ਹੈ, ਰਾਹੀਂ ਸ਼ੁਰੂਆਤ ਵਿੱਚ ਪੈਨਸ਼ਨਰਾਂ ਨੂੰ ਛੇ ਮੁੱਖ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ। ਇਨ੍ਹਾਂ ਸੇਵਾਵਾਂ ਵਿੱਚ 'ਜੀਵਨ ਪ੍ਰਮਾਣ' ਮੋਬਾਈਲ ਐਪ ਰਾਹੀਂ ਡਿਜੀਟਲ ਲਾਈਫ ਸਰਟੀਫਿਕੇਟ ਜਮ੍ਹਾਂ ਕਰਵਾਉਣਾ, ਪੈਨਸ਼ਨ ਨੂੰ ਪਰਿਵਾਰਕ ਪੈਨਸ਼ਨ ਵਿੱਚ ਤਬਦੀਲ ਕਰਨ ਲਈ ਅਰਜ਼ੀ ਦੇਣਾ, ਲੀਵ ਟਰੈਵਲ ਕਨਸੈਸ਼ਨ ਲੈਣ ਲਈ ਅਰਜ਼ੀ ਦੇਣਾ, ਪੈਨਸ਼ਨ ਸਬੰਧੀ ਸ਼ਿਕਾਇਤਾਂ ਦਰਜ ਕਰਨਾ, ਅਤੇ ਪੈਨਸ਼ਨਰਾਂ ਦੇ ਨਿੱਜੀ ਵੇਰਵਿਆਂ ਨੂੰ ਅਪਡੇਟ/ਬਦਲਣਾ ਸ਼ਾਮਲ ਹੈ। 'ਜੀਵਨ ਪ੍ਰਮਾਣ' ਮੋਬਾਈਲ ਐਪ ਐਂਡਰਾਇਡ 'ਤੇ https://play.google.com/store/apps/details?id=com.aadhaar.life ਅਤੇ ਆਈ.ਓ.ਐਸ. (iOS) 'ਤੇ https://apps.apple.com/in/app/jeevanpramaan/idF GCFCEID@E 'ਤੇ ਉਪਲਬਧ ਹੈ।

ਵਿੱਤ ਮੰਤਰੀ ਚੀਮਾ ਨੇ ਅੱਗੇ ਸਪੱਸ਼ਟ ਕੀਤਾ ਕਿ ਇਨ੍ਹਾਂ ਸੇਵਾਵਾਂ ਦਾ ਲਾਭ ਲੈਣ ਦੀ ਪ੍ਰਕਿਰਿਆ ਸਰਲ ਅਤੇ ਵਰਤੋਂ ਵਿੱਚ ਆਸਾਨ ਹੈ। ਪੈਨਸ਼ਨਰ ਇਸ ਪੋਰਟਲ 'ਤੇ ਉਪਲਬਧ ਆਧਾਰ ਪ੍ਰਮਾਣਿਕਤਾ ਸਹੂਲਤ ਰਾਹੀਂ ਈ-ਕੇਵਾਈਸੀ ਨੂੰ ਪੂਰਾ ਕਰਕੇ 'ਪੈਨਸ਼ਨਰ ਸੇਵਾ ਪੋਰਟਲ' 'ਤੇ ਰਜਿਸਟਰ ਕਰ ਸਕਦੇ ਹਨ। ਇੱਕ ਵਾਰ ਰਜਿਸਟਰ ਹੋਣ ਤੋਂ ਬਾਅਦ, ਉਹ ਆਪਣੇ ਮੋਬਾਈਲ ਫੋਨ, ਕੰਪਿਊਟਰ ਜਾਂ ਲੈਪਟਾਪ ਦੀ ਵਰਤੋਂ ਕਰਕੇ ਪੋਰਟਲ 'ਤੇ ਆਪਣੇ ਲਾਗਇਨ ਆਈ.ਡੀ. ਰਾਹੀਂ ਘਰ ਬੈਠੇ ਹੀ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਇਸ ਤੋਂ ਇਲਾਵਾ, ਇਨ੍ਹਾਂ ਸੇਵਾਵਾਂ ਦਾ ਲਾਭ ਨੇੜਲੇ ਸੇਵਾ ਕੇਂਦਰਾਂ ਵਿਖੇ ਜਾ ਕੇ, ਸੇਵਾ ਦੀ ਹੋਮ ਡਿਲੀਵਰੀ ਦੀ ਬੇਨਤੀ ਕਰਕੇ, ਸਬੰਧਤ ਪੈਨਸ਼ਨ ਵੰਡਣ ਵਾਲੇ ਬੈਂਕਾਂ ਜਾਂ ਜ਼ਿਲ੍ਹਾ ਖਜ਼ਾਨਾ ਦਫ਼ਤਰਾਂ ਵਿਖੇ ਜਾ ਕੇ ਵੀ ਲਿਆ ਜਾ ਸਕਦਾ ਹੈ।

ਪੋਰਟਲ ਦੇ ਲਾਂਚ ਹੋਣ ਤੋਂ ਬਾਅਦ ਪੈਦਾ ਹੋਣ ਵਾਲੀਆਂ ਸ਼ਿਕਾਇਤਾਂ ਨੂੰ ਤੁਰੰਤ ਹੱਲ ਕਰਨ ਲਈ, ਡਾਇਰੈਕਟੋਰੇਟ ਆਫ਼ ਟ੍ਰੈਜ਼ਰੀਜ਼ ਐਂਡ ਅਕਾਊਂਟਸ, ਪੈਨਸ਼ਨ ਐਂਡ ਨਿਊ ਪੈਨਸ਼ਨ ਸਕੀਮ ਵਿਖੇ ਇੱਕ ਸਮਰਪਿਤ ਵਾਰ ਰੂਮ ਸਥਾਪਤ ਕੀਤਾ ਗਿਆ ਹੈ। ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਹੱਲ ਕਰਨ ਲਈ ਡਾਇਰੈਕਟੋਰੇਟ ਪੱਧਰ 'ਤੇ ਤਿੰਨ ਸਮਰਪਿਤ ਹੈਲਪਲਾਈਨ ਨੰਬਰ, 18001802148, 01722996385, ਅਤੇ 01722996386, ਸਥਾਪਤ ਕੀਤੇ ਗਏ ਹਨ ਅਤੇ ਇਹ ਸਾਰੇ ਕੰਮਕਾਜੀ ਦਿਨਾਂ ਦੌਰਾਨ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕਾਰਜਸ਼ੀਲ ਹਨ।

# ਡਿਊਟੀ ਦੌਰਾਨ ਲਾਪ੍ਰਵਾਹੀ ਵਰਤਣ ਵਾਲੇ ਸਟਾਫ਼ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ : ਡਾਕਟਰ ਵਰਿੰਦਰ ਕੁਮਾਰ

**ਜੈਤੋਂ,18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਤੇ ਇੱਕ ਦਿਨ ਪਹਿਲਾਂ ਇੱਥੋਂ ਕਰੀਬ ਪੰਜ ਕਿਲੋਮੀਟਰ ਦੂਰ ਜੈਤੋ-ਬਠਿੰਡਾ ਮਾਰਗ 'ਤੇ ਸਥਿਤ ਪਿੰਡ ਚੰਦਭਾਨ ਨੇੜੇ ਵਾਪਰੇ ਸੜਕ ਹਾਦਸੇ ਦੌਰਾਨ ਕਾਰ ਵਿਚ ਸਵਾਰ ਹੋ ਕੇ ਪਿੰਡ ਚੰਦਭਾਨ ਤੋਂ ਜੈਤੋ ਆਉਣ ਸਮੇਂ ਦਲਿਤ ਪਰਿਵਾਰਾਂ ਨਾਲ ਸਬੰਧਤ ਤਿੰਨ ਜਣੇ ਮੌਕੇ 'ਤੇ ਹੀ ਮਰ ਗਏ ਸਨ ਜਦ ਕਿ ਗੰਭੀਰ ਹਾਲਤ 'ਚ 4 ਜਣਿਆਂ ਨੂੰ ਮੌਕੇ 'ਤੇ ਪੁੱਜੀਆਂ ਜੈਤੋ ਦੇ ਸਮਾਜ ਸੇਵੀ ਸੰਗਠਨਾਂ ਦੀਆਂ ਐਂਬੂਲੈਂਸਾਂ ਰਾਹੀਂ ਇੱਥੇ ਸਿਵਲ ਹਸਪਤਾਲ ਲਿਆਂਦਾ ਗਿਆ ਸੀ, ਸਥਿਤੀ ਦੀ ਨਾਜ਼ੁਕਤਾ ਦੇ ਮੱਦੇਨਜ਼ਰ ਸਟਾਫ਼ ਨਰਸ ਨੇ ਉਨ੍ਹਾਂ ਨੂੰ ਅੱਗੇ ਸਿਵਲ ਹਸਪਤਾਲ ਕੋਟਕਪੂਰਾ ਰੈਫ਼ਰ ਕਰ ਦਿੱਤਾ ਸੀ। ਘਟਨਾ ਵਾਲੇ ਦਿਨ ਸੋਸ਼ਲ ਮੀਡੀਆ ਰਾਹੀਂ ਇਹ ਵਿਖਾਇਆ ਗਿਆ ਸੀ ਕਿ ਹਸਪਤਾਲ ਵਿਖੇ ਨਾ ਕੋਈ ਮੋਰਚਰੀ , ਨਾ ਕੋਈ ਜੇਨਰੇਟਰ ਤੇ ਨਾ ਹੀ ਕੋਈ ਐਮਰਜੈਂਸੀ ਦੌਰਾਨ ਡਾਕਟਰ ਮੌਜੂਦ ਸਨ। ਇਸ ਸਾਰੇ ਮਾਮਲੇ ਬਾਰੇ ਹਸਪਤਾਲ ਦੇ ਐਸ ਐਮ ਓ ਡਾਕਟਰ ਵਰਿੰਦਰ ਕੁਮਾਰ ਐਮ ਡੀ ਮੈਡੀਸਿਨ ਨੇ ਦੱਸਿਆ ਕਿ ਹਸਪਤਾਲ ਵਿਖੇ ਮੋਰਚਰੀ, ਜੇਨਰੇਟਰ, ਬਿਜਲੀ ਦੀ ਹਾਟ ਲਾਇਨ ਵਰਕਿੰਗ ਕੰਡੀਸਨ ਦੇ ਵਿਚ ਹਨ। ਉਹਨਾਂ ਦੱਸਿਆ ਕਿ ਮੋਰਚਰੀ ਦੇ ਵਿਚ 6 ਨਵੰਬਰ ਨੂੰ ਡੈਡ ਬਾਡੀ ਦੀ ਐਂਟਰੀ ਦਰਜ ਹੈ। ਉਹਨਾਂ ਕਿਹਾ ਕਿ ਹਸਪਤਾਲ ਵਿਖੇ ਘਟਨਾ ਮੌਕੇ ਡਿਊਟੀ ਦੌਰਾਨ ਲਾਪ੍ਰਵਾਹੀ ਵਰਤਣ ਵਾਲੇ ਸਟਾਫ਼ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਮਾਡਰਨ ਸੀਨੀਅਰ ਸੈਕੰਡਰੀ ਦੇ ਨੌਜਵਾਨ ਤਾਇਕਵਾਂਡੋ ਐਥਲੀਟਾਂ ਨੇ ਪੰਜਾਬ ਸਟੇਟ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ

**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ 7 ਤੋਂ 9 ਨਵੰਬਰ ਤੱਕ ਬਠਿੰਡਾ ਵਿੱਚ ਹੋਈ 20ਵੀਂ ਸਬ ਜੂਨੀਅਰ ਅਤੇ 11ਵੀਂ ਕੈਡੇਟ ਪੰਜਾਬ ਸਟੇਟ ਤਾਇਕਵਾਂਡੋ ਚੈਂਪੀਅਨਸ਼ਿਪ 2025 ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਦਰਜ ਕੀਤਾ, ਜਿੱਥੇ 10 ਜ਼ਿਲ੍ਹਿਆਂ ਅਤੇ ਲਗਭਗ 250 ਖਿਡਾਰੀਆਂ ਨੇ ਹਿੱਸਾ ਲਿਆ। ਸਬ ਜੂਨੀਅਰ ਕੁੜੀਆਂ ਦੇ ਵਰਗ ਵਿੱਚ, ਅਸ਼ਨੂਰ ਕੌਰ ਨੇ ਅੰਡਰ-20 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ ਤਗਮਾ ਹਾਸਲ ਕੀਤਾ।

ਭਾਵਨਾ ਨੇ ਅੰਡਰ-24 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ, ਜਦੋਂ ਕਿ ਹਰਮਨਪ੍ਰੀਤ ਕੌਰ ਨੇ ਵੀ ਅੰਡਰ-29 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ। 50 ਕਿਲੋਗ੍ਰਾਮ ਤੋਂ ਉੱਪਰ ਦੇ ਵਰਗ ਵਿੱਚ, ਮਹਿਨੂਰ ਸਰਾਂ ਨੇ ਮਜ਼ਬੂਤ ਪ੍ਰਦਰਸ਼ਨ ਨਾਲ ਸੂਚੀ ਵਿੱਚ ਇੱਕ ਹੋਰ ਕਾਂਸੀ ਦਾ ਤਗਮਾ ਜੋੜਿਆ। ਸਬ ਜੂਨੀਅਰ ਲੜਕਿਆਂ ਦੇ ਵਰਗ ਵਿੱਚ, ਅਵਜੋਤ ਸਿੰਘ ਨੇ ਅੰਡਰ-50 ਕਿਲੋਗ੍ਰਾਮ ਭਾਰ ਵਰਗ ਵਿੱਚ ਸੋਨ ਤਗਮਾ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।




ਕੈਡੇਟ ਲੜਕਿਆਂ ਦੇ ਵਰਗ ਵਿੱਚ, ਰੌਣਕ ਬਰਕਤ ਸਿੰਘ ਨੇ ਅੰਡਰ-57 ਕਿਲੋਗ੍ਰਾਮ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ।

ਸਕੂਲ ਲਈ ਇੱਕ ਮਾਣ ਵਾਲੀ ਗੱਲ ਇਹ ਹੈ ਕਿ ਸਬ ਜੂਨੀਅਰ ਨੈਸ਼ਨਲਜ਼ ਲਈ ਅਸ਼ਨੂਰ ਕੌਰ ਅਤੇ ਅਵਜੋਤ ਸਿੰਘ ਦੀ ਚੋਣ ਹੋਈ ਹੈ, ਜੋ ਕਿ ਮਾਡਰਨ ਦੇ ਤਾਈਕਵਾਂਡੋ ਪ੍ਰੋਗਰਾਮ ਲਈ ਇੱਕ ਹੋਰ ਮਹੱਤਵਪੂਰਨ ਪ੍ਰਾਪਤੀ ਹੈ।

# ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਭਾਰਤ ਵਿੱਚ ਰਾਜ ਪੱਧਰ ਤੇ ਪਹਿਲੀ ਵਾਰ ਪਲਾਸਟਿਕ ਵੇਸਟ ਬ੍ਰਾਂਡ ਆਡਿਟ ਦੇ ਆਧਾਰ 'ਤੇ ਪ੍ਰਮੁੱਖ ਬ੍ਰਾਂਡਾਂ ਨੂੰ ਤਲਬ ਕੀਤਾ

**ਪਟਿਆਲਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ ਜ਼ਮੀਨੀ ਪੱਧਰ ਨੂੰ ਮਜ਼ਬੂਤ ਕਰਨ ਲਈ ਇੱਕ ਫੈਸਲਾਕੁੰਨ ਕਦਮ ਚੁੱਕਦੇ ਹੋਏ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਨੇ ਅੱਜ 14 ਪ੍ਰਮੁੱਖ ਬ੍ਰਾਂਡਾਂ ਨੂੰ ਤਲਬ ਕੀਤਾ ਹੈ ਜਿਨ੍ਹਾਂ ਨੂੰ ਪਲਾਸਟਿਕ ਰਹਿੰਦ-ਖੂੰਹਦ ਨੂੰ ਗੀਸਾਈਕਲ ਕਰਨ ਵਿੱਚ ਮੁਸ਼ਕਲ ਪੈਦਾ ਕਰਨ ਵਜੋਂ ਪਛਾਣਿਆ ਗਿਆ ਹੈ। ਬੋਰਡ ਨੇ ਉਨ੍ਹਾਂ ਨੂੰ ਸਪੱਸ਼ਟ, ਸਮਾਂ-ਬੱਧ ਰਣਨੀਤੀਆਂ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਹਨ ਜੋ ਖਪਤਕਾਰਾਂ ਨੂੰ ਵਰਤੋਂ ਤੋਂ ਬਾਅਦ ਪਲਾਸਟਿਕ ਪੈਕੇਜਿੰਗ ਵਾਪਸ ਕਰਨ ਲਈ ਉਤਸ਼ਾਹਿਤ ਕਰਦੀਆਂ ਹਨ। ਪੀਪੀਸੀਬੀ ਦੀ ਚੇਅਰਪਰਸਨ ਗੀਨਾ ਗੁਪਤਾ ਨੇ ਕਿਹਾ, ਕਿਸੇ ਵੀ ਕੰਪਨੀ ਨੂੰ ਪੰਜਾਬ ਨੂੰ ਪ੍ਰਦੂਸ਼ਿਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਅਸੀਂ ਜਵਾਬਦੇਹੀ ਤੈਅ ਕਰਾਂਗੇ ਅਤੇ ਆਪਣੇ ਸਾਰੇ ਸ਼ਹਿਰਾਂ ਨੂੰ ਸਾਫ਼ ਕਰਾਂਗੇ। ਇਹ ਕਦਮ ਬੋਰਡ ਦੁਆਰਾ ਕਰਵਾਏ ਗਏ ਪਲਾਸਟਿਕ ਰਹਿੰਦ-ਖੂੰਹਦ ਬ੍ਰਾਂਡ ਆਡਿਟ ਤੋਂ ਉੱਭਰਿਆ ਹੈ, ਜੋ ਕਿ ਭਾਰਤ ਵਿੱਚ ਪਹਿਲੀ ਵਾਰ ਕੀਤਾ ਗਿਆ ਇੱਕ ਅਭਿਆਸ ਹੈ। ਚੇਅਰਪਰਸਨ ਨੇ ਬ੍ਰਾਂਡਾਂ ਨੂੰ ਆਪਣੇ ਰਹਿੰਦ-ਖੂੰਹਦ ਦੇ ਇਲਾਜ ਦੀ ਸਮੀਖਿਆ ਕਰਨ ਅਤੇ ਖਪਤਕਾਰਾਂ ਨੂੰ ਪੈਕੇਜਿੰਗ ਵਾਪਸ ਲਿਆਉਣ ਲਈ ਉਤਸ਼ਾਹਿਤ ਕਰਨ ਦੀ ਸਿਫਾਰਸ਼ ਕੀਤੀ ਹੈ।

ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਨੇ ਪੰਜਾਬ ਦੇ ਛੇ ਸ਼ਹਿਰਾਂ – ਅੰਮ੍ਰਿਤਸਰ, ਬਠਿੰਡਾ, ਜਲੰਧਰ, ਲੁਧਿਆਣਾ, ਮੋਹਾਲੀ ਅਤੇ ਪਟਿਆਲਾ – ਵਿੱਚ ਪਲਾਸਟਿਕ ਵੇਸਟ ਬ੍ਰਾਂਡ 2025 ਦਾ ਆਡਿਟ ਕੀਤਾ। ਅਧਿਐਨ ਵਿੱਚ ਇਨ੍ਹਾਂ ਸ਼ਹਿਰਾਂ ਦੇ ਵੱਖ-ਵੱਖ ਖੇਤਰਾਂ ਤੋਂ ਇਕੱਠੇ ਕੀਤੇ ਗਏ ਪਲਾਸਟਿਕ ਵੇਸਟ ਦੀ ਜਾਂਚ ਕੀਤੀ ਗਈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕਿਹੜੀਆਂ ਕੰਪਨੀਆਂ ਸਭ ਤੋਂ ਵੱਧ ਪਲਾਸਟਿਕ ਵੇਸਟ ਪੈਦਾ ਕਰਦੀਆਂ ਹਨ। ਅਧਿਐਨ ਕੀਤੇ ਗਏ ਵਿਭਿੰਨ ਸਮਾਜਿਕ-ਆਰਥਿਕ ਪ੍ਰੋਫਾਈਲਾਂ ਵਿੱਚ ਕੁੱਲ ਨਗਰ ਪਾਲਿਕਾ ਵੇਸਟ ਵਿੱਚੋਂ 6,991 ਕਿਲੋਗ੍ਰਾਮ ਵਿੱਚੋਂ 613 ਕਿਲੋਗ੍ਰਾਮ ਪਲਾਸਟਿਕ ਪਾਇਆ ਗਿਆ। ਨਤੀਜੇ ਦਰਸਾਉਂਦੇ ਹਨ ਕਿ ਇਸ ਪਲਾਸਟਿਕ ਵੇਸਟ ਦਾ 88% ਗੀਸਾਈਕਲ ਕਰਨਾ ਔਖਾ ਹੈ।

**ਬ੍ਰਾਂਡ-ਅਨੁਸਾਰ ਜਾਣਕਾਰੀ**

ਛੇ ਸ਼ਹਿਰਾਂ ਵਿੱਚ ਕੁੱਲ 11,810 ਪਲਾਸਟਿਕ ਪੈਕੇਟ ਮਿਲੇ।

ਸਿਰਫ਼ 14 ਪ੍ਰਮੁੱਖ ਰਾਸ਼ਟਰੀ ਅਤੇ ਬਹੁ-ਰਾਸ਼ਟਰੀ ਬ੍ਰਾਂਡ ਲਗਭਗ 59% ਗੀਸਾਈਕਲ ਕਰਨ ਵਿੱਚ ਮੁਸ਼ਕਲ ਰਹਿਤ ਕੂੜੇ ਲਈ ਜ਼ਿੰਮੇਵਾਰ ਸਨ।

ਪੀਪੀਸੀਬੀ ਨੇ ਕਿਹਾ ਹੈ ਕਿ ਇਹ ਖੋਜਾਂ ਐਕਸਟੈਂਡਡ ਪ੍ਰੋਡਿਊਸਰ ਰਿਸਪਾਂਸਿਬਿਲਟੀ (ਈਪੀਆਰ) ਨਿਯਮਾਂ ਦੇ ਤਹਿਤ ਸਖ਼ਤ ਕਾਰਵਾਈ ਦੀ ਤੁਰੰਤ ਲੋੜ ਨੂੰ ਉਜਾਗਰ ਕਰਦੀਆਂ ਹਨ, ਜਿਸ ਤਹਿਤ ਕੰਪਨੀਆਂ ਨੂੰ ਆਪਣੇ ਉਤਪਾਦਾਂ ਦੁਆਰਾ ਪੈਦਾ ਹੋਣ ਵਾਲੇ ਕੂੜੇ ਦੀ ਜ਼ਿੰਮੇਵਾਰੀ ਲੈਣ ਦੀ ਲੋੜ ਹੁੰਦੀ ਹੈ।

ਬੋਰਡ ਨੇ ਨੋਟ ਕੀਤਾ ਕਿ ਕੁਝ ਕੰਪਨੀਆਂ/ਬ੍ਰਾਂਡ ਮਾਲਕ ਸਿਰਫ਼ ਕਾਗਜ਼ਾਂ 'ਤੇ ਈਪੀਆਰ ਟੀਚਿਆਂ ਨੂੰ ਪੂਰਾ ਕਰ ਰਹੇ ਹਨ, ਜੋ ਕਿ ਗੈਰ-ਪ੍ਰਮਾਣਿਤ ਸਰਟੀਫਿਕੇਟਾਂ ਦੀ ਵਰਤੋਂ ਕਰਕੇ ਜਾਂ ਦੂਜੇ ਰਾਜਾਂ ਨੂੰ ਜ਼ਿੰਮੇਵਾਰੀ ਸੌਂਪ ਕੇ ਕੀਤੇ ਜਾ ਰਹੇ ਹਨ। ਇਹ ਅਭਿਆਸ ਪੰਜਾਬ ਦੀ ਪ੍ਰਦੂਸ਼ਣ ਸਮੱਸਿਆ ਨੂੰ ਹੱਲ ਕਰਨ ਦੀ ਬਜਾਏ ਵਧਾਉਂਦਾ ਹੈ। ਪਲਾਸਟਿਕ ਰਹਿੰਦ-ਖੂੰਹਦ ਦੇ ਉਤਪਾਦਕਾਂ ਨੂੰ ਆਪਣੇ ਦੁਆਰਾ ਪੈਦਾ ਕੀਤੇ ਜਾਣ ਵਾਲੇ ਪਲਾਸਟਿਕ ਰਹਿੰਦ-ਖੂੰਹਦ ਦੇ ਅਸਲ, ਪ੍ਰਮਾਣਿਤ ਅਤੇ ਪੂਰੀ ਤਰ੍ਹਾਂ ਆਡਿਟਯੋਗ ਸੰਗ੍ਰਹਿ ਅਤੇ ਪ੍ਰੋਸੈਸਿੰਗ ਵੱਲ ਜਾਣਾ ਚਾਹੀਦਾ ਹੈ, ਅਤੇ ਇਹ ਕੰਮ ਪੰਜਾਬ ਦੇ ਅੰਦਰ ਹੀ ਹੋਣਾ ਚਾਹੀਦਾ ਹੈ, ਕਾਗਜ਼ਾਂ 'ਤੇ ਜਾਂ ਹੋਰ ਰਾਜਾਂ ਵਿੱਚ ਨਹੀਂ।

ਪੀਪੀਸੀਬੀ ਪੰਜਾਬ ਨੂੰ ਇੱਕ ਸਾਫ਼, ਸਰਕੂਲਰ ਅਤੇ ਪਲਾਸਟਿਕ-ਜ਼ਿੰਮੇਵਾਰ ਭਵਿੱਖ ਵੱਲ ਲਿਜਾਣ ਲਈ ਨਿਗਰਾਨੀ, ਲਾਗੂਕਰਨ ਅਤੇ ਉਦਯੋਗ ਸਹਿਯੋਗ ਨੂੰ ਵਧਾਉਣਾ ਜਾਰੀ ਰੱਖੇਗਾ।

ਕੌਮੀ ਪੱਤ੍ਰਿਕਾ

# 10ਵੇਂ ਕੌਮਾਂਤਰੀ ਗੀਤਾ ਮਹਾਤਸਵ ਧਰਮਖੇਤਰ -ਕੁਰੂਕਸ਼ੇਤਰ ਵਿੱਚ 25 ਨਵੰਬਰ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਹੋਣਗੇ ਸ਼ਾਮਿਲ : ਨਾਇਬ ਸਿੰਘ ਸੈਣੀ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 10ਵਾਂ ਕੌਮਾਂਤਰੀ ਗੀਤਾ ਮਹੋਤਸਵ ਧਰਮਖੇਤਰ-ਕੁਰੂਕਸ਼ੇਤਰ ਵਿੱਚ 15 ਨਵੰਬਰ ਤੋਂ ਸ਼ੁਰੂ ਹੋ ਰਿਹਾ ਹੈ ਅਤੇ 5 ਦਸੰਬਰ ਤੱਕ ਚੱਲੇਗਾ। ਪਹਿਲੀ ਵਾਰ 21 ਦਿਨ ਤੱਕ ਚੱਲਣ ਵਾਲੇ ਇਸ ਮਹੋਤਸਵ ਵਿੱਚ ਸਭਿਆਚਾਰ, ਗਿਆਨ ਅਤੇ ਅਧਿਆਤਮਿਕਤਾ ਦਾ ਵੱਖ ਹੀ ਸੰਗਮ ਦੇਖਣ ਨੂੰ ਮਿਲੇਗਾ। 25 ਨਵੰਬਰ ਨੂੰ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਗੀਤਾ ਮਹੋਤਸਵ ਵਿੱਚ ਸ਼ਾਮਿਲ ਹੋ ਰਹੇ ਹਨ।



ਮੁੱਖ ਮੰਤਰੀ ਨਾਇਬ ਸਿੰਘ ਸੈਣੀ ਸ਼ੁਕਰਵਾਰ ਨੂੰ ਕੁਰੂਕਸ਼ੇਤਰ ਦੇ ਬ੍ਰਹਮ ਸਰੋਵਰ ਦੇ ਸ਼੍ਰੀ ਸਰਵੇਸ਼ਵਰ ਮਹਾਦੇਵ ਮੰਦਿਰ ਪਰਿਸਰ ਵਿੱਚ ਪੱਤਰਕਾਰਾਂ ਨੂੰ ਸੰਬੋਧਿਤ ਕਰ ਰਹੇ ਸਨ। ਇਸ ਦੌਰਾਨ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਜੀ ਮਹਾਰਾਜ, ਬੀਜੇਪੀ ਸੂਬਾ ਪ੍ਰਧਾਨ ਸ੍ਰੀ ਮੋਹਨਲਾਲ ਕੌਸ਼ਿਕ, ਸਾਂਸਦ ਸ੍ਰੀ ਨਵੀਨ ਜਿੰਦਲ, ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ ਵੀ ਮੌਜੂਦ ਰਹੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਜੀ ਮਹਾਰਾਜ ਦੇ ਯਤਨਾਂ ਨਾਲ ਗੀਤਾ ਦਾ ਪ੍ਰਸਾਰ ਵਧਿਆ ਹੈ। ਭਾਰਤ ਹੀ ਨਹੀਂ, ਸਗੋਂ ਮਾਰੀਸ਼ਸ, ਬ੍ਰਿਟੇਨ, ਕੈਨੇਡਾ, ਆਸਟ੍ਰੇਲਿਆ, ਸ਼੍ਰੀਲੰਕਾ ਅਤੇ ਜਾਪਾਨ ਸਮੇਤ ਅਨੇਕ ਦੇਸ਼ਾਂ ਵਿੱਚ ਕੌਮਾਂਤਰੀ ਗੀਤਾ ਮਹੋਤਸਵ ਦਾ ਸ਼ਾਨਦਾਰ ਆਯੋਜਨ ਹੋ ਚੁੱਕਾ ਹੈ।

ਉਨ੍ਹਾਂ ਨੇ ਕਿਹਾ ਕਿ ਧਰਮਖੇਤਰ-ਕੁਰੂਕਸ਼ੇਤਰ ਦੀ ਇਸ ਪਵਿੱਤਰ ਧਰਤੀ ਨੂੰ ਭਾਰਤੀ ਸਭਿਆਚਾਰ ਦੀ ਕ੍ਰੀੜਾ ਸਥਲੀ ਹੋਣ ਦਾ ਮਾਣ ਪ੍ਰਾਪਤ ਹੈ। ਇਸੀ ਧਰਤੀ ਵਿੱਚ ਪਵਿੱਤਰ ਸਰਸਵਤੀ ਦੇ ਕਿਨਾਰਿਆਂ 'ਤੇ ਵੇਦਾਂ, ਉਪਨਿਸ਼ੇਦਾਂ ਅਤੇ ਪੁਰਾਣਾ ਦੀ ਰਚਨਾ ਹੋਈ ਅਤੇ ਇਸੀ ਭੂਮੀ ਨੂੰ ਸ਼੍ਰੀਮਦਭਗਵਦਗੀਤਾ ਦੀ ਜਨਮਸਥਲੀ ਹੋਣ ਦਾ ਸੌਭਾਗ ਪ੍ਰਾਪਤ ਹੋਇਆ। ਉਨ੍ਹਾਂ ਨੇ ਕਿਹਾ ਕਿ ਭਗਵਾਨ ਸ਼੍ਰੀਕ੍ਰਿਸ਼ਣ ਨੇ ਸ਼੍ਰੀਮਦਭਗਵਦ ਗੀਤਾ ਦਾ ਜੋ ਉਪਦੇਸ਼ ਦਿੱਤਾ ਸੀ, ਇਸ ਸਾਲ ਉਸ ਉਪਦੇਸ਼ ਨੂੰ ਦਿੱਤੇ ਹੋਏ 5,163 ਸਾਲ ਹੋ ਜਾਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਲ 2016 ਵਿੱਚ ਕੌਮਾਂਤਰੀ ਗੀਤਾ ਮਹੋਤਸਵ ਨੂੰ ਵੱਡੇ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਗੀਤਾ ਦੀ ਜਨਮਸਥਲੀ ਧਰਮਖੇਤਰ-ਕੁਰੂਕਸ਼ੇਤਰ ਵਿੱਚ ਹਰ ਸਾਲ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਦੇਸ਼-ਵਿਦੇਸ਼ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ। ਇਸ ਲਈ ਹਰ ਸਾਲ ਪ੍ਰਬੰਧ ਵੀ ਵਿਆਪਕ ਪੱਧਰ 'ਤੇ ਕੀਤੇ ਜਾਂਦੇ ਹਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਸ ਵਾਰ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਮੱਧਪ੍ਰਦੇਸ਼ ਸਹਿਯੋਗੀ ਸੂਬੇ ਦੀ ਭੂਮਿਕਾ ਵਿੱਚ ਰਹੇਗਾ। ਮੱਧਪ੍ਰਦੇਸ਼ ਆਪਣੇ ਖੁਸ਼ਹਾਲ ਧਾਰਮਿਕ ਤੇ ਅਧਿਆਤਮਿਕ ਸਭਿਆਚਾਰ ਲਈ ਵਿਖਆਤ ਹੈ। ਅਜਿਹੇ ਮਹਾਨ ਸਭਿਆਚਾਰਕ ਪਰੰਪਰਾਵਾਂ ਵਾਲੇ ਰਾਜ ਦਾ ਕੌਮਾਂਤਰੀ ਗੀਤਾ ਮਹੋਤਸਵ ਵਿੱਚ ਸਹਿਯੋਗੀ ਸੂਬਾ ਬਨਣ ਨਾਲ ਇਸ ਮਹੋਤਸਵ ਦੀ ਗਰਿਮਾ ਅਤੇ ਗੌਰਵ ਕਈ ਗੁਣਾ ਵਧੇਗੀ। ਮੱਧ ਪ੍ਰਦੇਸ਼ ਵੱਲੋਂ ਬ੍ਰਹਮਸਰੋਵਰ 'ਤੇ ਸਥਿਤ ਪੁਰੁਸ਼ੋਤਮਪੁਰਾ ਬਾਗ ਵਿੱਚ ਸਭਿਆਚਾਰਕ ਪੈਵੇਲਿਅਨ ਬਣਾਇਆ ਜਾ ਰਿਹਾ ਹੈ। ਇਸ ਵਿੱਚ ਉਨ੍ਹਾਂ ਦੀ ਸਭਿਆਚਾਰ, ਕ੍ਰਾਫਟ, ਖਾਣ-ਪੀਣ ਆਦਿ ਨਾਲ ਸਬੰਧਿਤ ਸਟਾਲ ਖਿੱਚ ਦਾ ਕੇਂਦਰ ਰਹਿਣਗੇ।

ਉਨ੍ਹਾਂ ਨੇ ਕਿਹਾ ਕਿ 24 ਨਵੰਬਰ ਨੂੰ ਬ੍ਰਹਮਸਰੋਵਰ 'ਤੇ ਗੀਤਾ ਯੱਗ ਅਤੇ ਪੂ੧ਨ ਦੇ ਨਾਲ ਕੌਮਾਂਤਰੀ ਗੀਤਾ ਮਹੋਤਸਵ ਦੀ ਸ਼ੁਰੂਆਤ ਹੋਵੇਗੀ। ਇਸ ਦੇ ਨਾਲ ਹੀ 24 ਨਵੰਬਰ ਨੂੰ ਹੀ ਕੁਰੂਕਸ਼ੇਤਰ ਯੂਨੀਵਰਸਿਟੀ ਵਿੱਚ ਤਿੰਨ ਦਿਨਾਂ ਦੇ ਕੌਮਾਂਤਰੀ ਗੀਤਾ ਸੈਮੀਨਾਰਾਂ ਦਾ ਉਦਘਾਟਨ ਵੀ ਕੀਤਾ ਜਾਵੇਗਾ। ਇਸ ਸੈਮੀਨਾਰ ਵਿੱਚ ਆਨਲਾਇਨ ਰਾਹੀਂ ਵੀ ਦੇਸ਼-ਵਿਦੇਸ਼ ਦੇ ਗੀਤਾ ਮਰਮਜ, ਵਿਦਵਾਨ ਅਤੇ ਖੋਜਕਾਰ ਆਪਣੇ ਖੋਜਪੱਤਰ ਪੇਸ਼ ਕਰਨਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਸ ਸਾਲ ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਰਾਹੀਂ ਕੌਮਾਂਤਰੀ ਗੀਤਾ ਸੈਮੀਨਾਰ ਵਿੱਚ 16 ਦੇਸ਼ਾਂ ਦੇ 25 ਵਿਦਵਾਨਾਂ ਦੀ ਮੌਜੂਦਗੀ ਰਹੇਗੀ। ਵਿਦੇਸ਼ ਮੰਤਰਾਲੇ ਰਾਹੀਂ 51 ਦੇਸ਼ਾਂ ਵਿੱਚ ਗੀਤਾ ਮਹੋਤਸਵ ਦੇ ਪ੍ਰੋਗਰਾਮ ਵੀ ਆਯੋਜਿਤ ਹੋਣਗੇ, ਜਿਨ੍ਹਾਂ ਦਾ ਲਾਇਵ ਪ੍ਰਸਾਰਣ ਰਹੇਗਾ। ਉਨ੍ਹਾਂ ਨੇ ਕਿਹਾ ਕਿ ਵਿਦੇਸ਼ ਮੰਤਰਾਲੇ ਵੱਲੋਂ ਦੂਜੇ ਦੇਸ਼ਾਂ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਅਨੁਵਾਦ ਕੀਤੀ ਗਈ ਸ਼੍ਰੀਮਦਭਗਵਦ ਗੀਤਾ ਦੀ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ। ਫਿਜੀ ਅਤੇ ਤ੍ਰਿਨਿਦਾਦ ਐਂਡ ਟੋਬੇਗੋ ਤੋਂ 20 ਪੰਡਿਤ 2 ਦਿਨ ਲਈ ਕੁਰੂਕਸ਼ੇਤਰ ਆ ਰਹੇ ਹਨ, ਜੋ ਕਿ ਮਹੋਤਸਵ ਦੌਰਾਨ ਆਯੋਜਿਤ ਹੋਣ ਵਾਲੇ ਵੱਖ-ਵੱਖ ਪ੍ਰੋਗਰਾਮਾਂ ਵਿੱਚ ਹਿੱਸਾ ਲੈਣਗੇ। ਇਸ ਤੋਂ ਇਲਾਵਾ 7 ਦੇਸ਼ਾਂ ਦੇ 25 ਸ਼ਿਲਪਕਾਰਾਂ ਵੱਲੋਂ ਆਪਣੀ ਸ਼ਿਲਪ ਦਾ ਪ੍ਰਦਰਸ਼ਨ ਮਹੋਤਸਵ ਦੌਰਾਨ ਕੀਤਾ ਜਾਵੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਇਸ ਵਾਰ ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਇਲਾਵਾ ਐਨਆਈਡੀ, ਐਨਆਈਟੀ ਅਤੇ ਆਯੂਸ਼ ਯੂਨੀਵਰਸਿਟੀ ਕੁਰੂਕਸ਼ੇਤਰ ਵੱਲੋਂ 24 ਨਵੰਬਰ ਤੋਂ 1 ਦਸੰਬਰ ਦੇ ਸਮੇਂ ਦੌਰਾਨ ਗੀਤਾ ਸੈਮੀਨਾਰ ਦਾ ਆਯੋਜਨ ਕੀਤਾ ਜਾਵੇਗਾ। ਕੁਰੂਕਸ਼ੇਤਰ ਯੂਨੀਵਰਸਿਟੀ ਵੱਲੋਂ ਵੀ ਗੀਤਾ 'ਤੇ ਅਧਾਰਿਤ ਮੁਕਾਬਲੇ ਆਯੋਜਿਤ ਕੀਤੇ ਜਾਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 26 ਨਵੰਬਰ ਤੋਂ 30 ਨਵੰਬਰ ਤੱਕ ਪੁਰੁਸ਼ੋਤਮਪੁਰਾ ਬਾਗ ਵਿੱਚ ਪਦਮ ਵਿਭੂਸ਼ਿਤ ਰਾਮਭਦਰਾਚਾਰਿਆ ਜੀ ਵੱਲੋਂ ਜੀਓ ਗੀਤਾ ਦੀ ਸਰਪ੍ਰਸਤੀ ਹੇਠ ਕਥਾ ਦਾ ਆਯੋਜਨ ਕੀਤਾ ਜਾਵੇਗਾ। ਇਸੀ ਤਰ੍ਹਾ 29 ਨਵੰਬਰ ਨੂੰ ਪੁਰੁਸ਼ੋਤਮਪੁਰਾ ਬਾਗ ਵਿੱਚ ਸੰਤ ਸਮੇਲਨ ਦਾ ਆਯੋਜਨ ਹੋਵੇਗਾ, ਜਿਸ ਵਿੱਚ ਦੇਸ਼ ਦੇ ਮੰਨੇ-ਪ੍ਰਮੰਨੇ ਸੰਤ ਮਿਲ ਕੇ ਕੀਤਾ ਅਤੇ ਅਧਿਆਤਮ ਵਿਸ਼ਾ 'ਤੇ ਚਰਚਾ ਕਰਨਗੇ। ਉਨ੍ਹਾਂ ਨੇ ਕਿਹਾ ਕਿ 30 ਨਵੰਬਰ ਨੂੰ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਸਿਨੇਟ ਹਾਲ ਵਿੱਚ ਅਖਿਲ ਭਾਰਤੀ ਦੇਵਸਥਾਨਮ ਸਮੇਲਨ ਆਯੋਜਿਤ ਕੀਤਾ ਜਾਵੇਗਾ। ਇਸ ਸਮੇਲਨ ਵਿੱਚ ਪੂਰੇ ਭਾਰਤ ਦੀ ਵੱਖ-ਵੱਖ ਸੰਸਥਾਵਾਂ ਦੇ ਪ੍ਰਮੁੱਖਾਂ ਦੀ ਮੌਜੂਦਗੀ ਰਹੇਗੀ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਮਹੋਤਸਵ ਦੌਰਾਨ ਸੂਚਨਾ ਅਤੇ ਜਨ ਸੰਪਰਕ ਵਿਭਾਗ, ਹਰਿਆਣਾ ਵੱਲੋਂ ਇੱਕ ਯੂ-ਟਿਊਬ ਚੈਨਲ ਚਲਾਇਆ ਜਾਵੇਗਾ। ਇਸ ਵਿੱਚ ਵੱਖ-ਵੱਖ ਸ਼ਰਧਾਲੂ ਸ਼੍ਰੀਮਦਭਗਵਦ ਗੀਤਾ ਵਿੱਚ ਮੇਰਾ ਪਸੰਦੀਦਾ ਸ਼ਲੋਕ ਅਤੇ ਉਸ ਸ਼ਲੋਕ ਨਾਲ ਉਨ੍ਹਾਂ ਦੇ ਜੀਵਨ ਵਿੱਚ ਆਏ ਬਦਲਾਅ 'ਤੇ ਆਪਣਾ ਤਜਰਬਾ ਸਾਂਝਾ ਕਰਨਗੇ। ਸੱਭ ਤੋਂ ਵੱਧ ਦੇਖੇ ਜਾਣ ਵਾਲੇ ਵੀਡੀਓ ਕਲਿਪ ਨੂੰ ਮਹੋਤਸਵ ਦੇ ਸਮਾਪਨ ਸਮਾਰੋਹ ਵਿੱਚ 1 ਲੱਖ ਰੁਪਏ ਦਾ ਪੁਰਸਕਾਰ ਪ੍ਰਦਾਨ ਕੀਤਾ ਜਾਵੇਗਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 15 ਨਵੰਬਰ ਤੋਂ 5 ਦਸੰਬਰ ਤੱਕ ਬ੍ਰਹਮ ਸਰੋਵਰ ਦੇ ਪਵਿੱਤ ਕਿਨਾਰੇ 'ਤੇ ਗੀਤਾ ਮਹਾ ਆਰਤੀ ਦਾ ਆਯੋਜਨ ਕੀਤਾ ਜਾਵੇਗਾ। ਇਸੀ ਤਰ੍ਹਾ 25 ਨਵੰਬਰ ਤੋਂ 1 ਦਸੰਬਰ ਤੱਕ 48 ਕੋਸ ਕੁਰੂਕਸ਼ੇਤਰ ਭੂਮੀ ਦੇ ਤੀਰਥਾਂ 'ਤੇ ਸਭਿਆਚਾਰਕ ਪ੍ਰੋਗਰਾਮਾਂ ਦਾ ਆਯੋਜਨ ਕੀਤਾ ਜਾਵੇਗਾ। ਗੀਤਾ ਜੈਯੰਤੀ ਦੇ ਦਿਨ 1 ਦਸੰਬਰ ਨੂੰ ਜੋਤੀਸਰ ਤੀਰਥ 'ਤੇ ਗੀਤਾ ਯੱਗ, ਗੀਤਾ ਪਾਠ ਅਤੇ ਭਾਗਵਤ ਕਥਾ ਦਾ ਆਯੋਜਨ ਹੋਵੇਗਾ। ਉਸੀ ਦਿਨ ਥੀਮ ਪਾਰਕ, ਕੁਰੂਕਸ਼ੇਤਰ ਵਿੱਚ 18 ਹਜਾਰ ਵਿਦਿਆਰਥੀਆਂ ਵੱਲੋਂ ਗੀਤਾ ਦੇ ਸ਼ਲੋਕਾਂ ਦਾ ਵਿਸ਼ਵ ਪਾਠ ਕੀਤਾ ਜਾਵੇਗਾ। ਇਸ ਵਿੱਚ ਦੇਸ਼-ਵਿਦੇਸ਼ ਤੋਂ ਲੱਖਾਂ ਗੀਤਾ ਪ੍ਰੇਮੀ ਅਤੇ ਸ਼ਰਧਾਲੂ ਆਨਲਾਇਨ ਵੀ ਜੁੜਨਗੇ। ਇਸ ਦੇ ਨਾਲ ਹੀ ਉਸੀ ਦਿਨ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਓਡੀਟੋਰਿਅਮ ਵਿੱਚ 48 ਕੋਸ ਤੀਰਥ ਸਮੇਲਨ ਆਯੋਜਿਤ ਕੀਤਾ ਜਾਵੇਗਾ। ਇਸ ਵਿੱਚ ਕੁਰੂਕਸ਼ੇਤਰ ਭੂਮੀ ਦੇ 182 ਤੀਰਥ ਕਮੇਟੀਆਂ ਦੇ ਪ੍ਰਤੀਨਿਧੀ ਹਿੱਸਾ ਲੈਣਗੇ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 1 ਦਸੰਬਰ ਨੂੰ ਹੀ ਕੁਰੂਕਸ਼ੇਤਰ ਭੂਮੀ ਦੇ ਸਾਰੇ 182 ਤੀਰਥਾਂ 'ਤੇ ਦੀਪ ਉਤਸਵ ਦਾ ਆਯੋਜਨ ਕੀਤਾ ਜਾਵੇਗਾ। ਗੀਤਾ ਸ਼ੋਭਾਯਾਤਰਾ ਦਾ ਆਯੋਜਨ ਕੀਤਾ ਜਾਵੇਗਾ। ਇਸ ਵਿੱਚ ਨਗਰ ਦੀ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਸਵੈਸੇਵੀ ਸੰਸਥਾਵਾਂ ਹਿੱਸਾ ਲੈਣਗੀਆਂ। ਉਨ੍ਹਾਂ ਨੇ ਕਿਹਾ ਕਿ 24 ਨਵੰਬਰ ਤੋਂ 1 ਦਸੰਬਰ ਤੱਕ ਰੋਜਾਨਾ ਬ੍ਰਹਮ ਸਰੋਵਰ ਦੇ ਪੁਰੁਸ਼ੋਤਮਪੁਰਾ ਬਾਗ ਵਿੱਚ ਸ਼ਾਮ ਦੇ ਸਮੇਂ ਸਭਿਆਚਾਰਕ ਪ੍ਰੋਗਰਾਮਾਂ ਦਾ ਆਯੋਜਨ ਹੋਵੇਗਾ। ਇਹ ਪ੍ਰੋਗਰਾਮ ਗੀਤਾ, ਮਹਾਭਾਰਤ ਅਤੇ ਸ਼੍ਰੀਕ੍ਰਿਸ਼ਣ ਵਿਸ਼ਾ 'ਤੇ ਅਧਾਰਿਤ ਹੋਣਗੇ। ਉਨ੍ਹਾਂ ਨੇ ਕਿਹਾ ਕਿ 28 ਤੋਂ 30 ਨਵੰਬਰ ਤੱਕ ਸੰਨਹਿਤ ਸਰੋਵਰ ਅਤੇ ਬ੍ਰਹਮਸਰੋਵਰ 'ਤੇ ਵਿਦਿਆਰਥੀਆਂ ਲਈ ਗੀਤਾ ਸ਼ਲੋਕ ਉਚਾਰਣ, ਭਾਸ਼ਣ, ਲੇਖ ਲੇਖਨ, ਚਿੱਤਰਕਲਾ, ਰੰਗੋਲੀ, ਕ੍ਰਾਫਟ ਆਦਿ ਕਈ ਮੁਕਾਬਲੇ ਆਯੋਜਿਤ ਕੀਤੇ ਜਾਣਗੇ।

# ਸਰਕਾਰ ਦਾ ਫੋਕਸ ਹਰ ਨਾਗਰਿਕ ਤੱਕ ਵਿਕਾਸ ਦਾ ਲਾਭ ਪਹੁੰਚਾਉਣਾ - ਆਰਤੀ ਸਿੰਘ ਰਾਓ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਚੱਲ ਰਹੀ ਸਰਕਾਰ ਦਾ ਮੁੱਖ ਫੋਕਸ ਇਹ ਯਕੀਨੀ ਕਰਨਾ ਹੈ ਕਿ ਵਿਕਾਸ ਦਾ ਲਾਭ ਰਾਜ ਦੇ ਹਰ ਨਾਗਰਿਕ ਤੱਕ ਪਹੁੰਚੇ। ਸਰਕਾਰ ਲਗਾਤਾਰ ਯੁੱਧ ਪੱਧਰ 'ਤੇ ਵਿਕਾਸ ਕੰਮ ਕਰਵਾਉਣ ਵਿੱਚ ਜੁਟੀ ਹੋਈ ਹੈ।

ਸਿਹਤ ਮੰਤਰੀ ਅੱਜ ਮਹੇਂਦਰਗੜ੍ਹ ਦੇ ਅਟੇਲੀ ਵਿਧਾਨਸਭਾ ਖੇਤਰ ਵਿੱਚ ਆਯੋਜਿਤ ਧੰਨਵਾਦ ਪ੍ਰੋਗਰਾਮਾਂ ਵਿੱਚ ਸੰਬੋਧਿਤ ਕਰ ਰਹੀ ਸੀ। ਇਸ ਮੌਕੇ 'ਤੇ ਸਿਹਤ ਮੰਤਰੀ ਨੈ ਤਿੰਨ ਪਿੰਡਾਂ ਨੂੰ 10-10 ਲੱਖ ਰੁਪਏ ਦੇ ਵਿਕਾਸ ਕੰਮਾਂ ਦਾ ਐਲਾਨ ਕੀਤਾ। ਸਾਰੇ ਪਿੰਡਾਂ ਵਿੱਚ ਗ੍ਰਾਮੀਣਾਂ, ਕਿਸਾਨਾਂ, ਨੌਜੁਆਨਾਂ ਤੇ ਮਹਿਲਾਵਾਂ ਨੇ ਸਿਹਤ ਮੰਤਰੀ ਦਾ ਜੋਰਦਾਰ ਸਵਾਗਤ ਕੀਤਾ।

ਸਿਹਤ ਮੰਤਰੀ ਸੱਭ ਤੋਂ ਪਹਿਲਾਂ ਪਿੰਡ ਕਟਕਈ ਪਹੁੰਚੀ। ਇਸ ਦੇ ਬਾਅਦ ਉਨ੍ਹਾਂ ਨੇ ਸਿਲਾਰਪੁਰ ਅਤੇ ਕਲਵਾੜੀ ਵਿੱਚ ਨਾਗਰਿਕਾਂ ਨੂੰ ਸੰਬੋਧਿਤ ਕੀਤਾ।

ਇਸ ਮੌਕੇ 'ਤੇ ਲੋਕਾਂ ਵੱਲੋਂ ਰੱਖੀ ਗਈ ਸਮਸਿਆਵਾਂ ਅਤੇ ਸੁਝਾਆਂ ਨੂੰ ਉਨ੍ਹਾਂ ਨੇ ਗੰਭੀਰਤਾ ਨਾਲ ਸੁਣਿਆ।

ਸਿਹਤ ਮੰਤਰੀ ਨੇ ਕਿਹਾ ਕਿ ਅਟੇਲੀ ਖੇਤਰ ਦੀ ਜਨਤਾ ਨੇ ਸਦਾ ਵਿਕਾਸ ਨੂੰ ਪ੍ਰਾਥਮਿਕਤਾ ਦਿੱਤੀ ਹੈ ਅਤੇ ਸਰਕਾਰ ਪੂਰੇ ਸਮਰਪਣ ਦੇ ਨਾਲ ਸਿਹਤ, ਸਿਖਿਆ, ਸੜਕ, ਪੇਯਜਲ ਸਮੇਤ ਸਾਰੇ ਮਹਤੱਵਪੂਰਣ ਖੇਤਰਾਂ ਵਿੱਚ ਤੇਜੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਇੰਨ੍ਹਾਂ ਯੋਜਨਾਵਾਂ ਦੇ ਹੋਰ ਵਿਆਪਕ ਨਤੀਜੇ ਦਿਖਾਈ ਦੇਣਗੇ।

ਸਿਹਤ ਮੰਤਰੀ ਨੇ 16 ਨਵੰਬਰ ਨੂੰ ਨਾਰਨੌਲ ਅਨਾਜ ਮੰਡੀ ਵਿੱਚ ਹੋਣ ਵਾਲੀ ਮਹਾਰਾਜਾ ਸ਼ੂਰ ਸੈਣੀ ਜੈਯੰਤੀ ਦੇ ਰਾਜ ਪੱਧਰ ਪ੍ਰੋਗਰਾਮ ਲਈ ਨਾਗਰਿਕਾਂ ਨੂੰ ਸੱਦਾ ਦਿੱਤਾ। ਇਸ 'ਤੇ ਸਾਰੇ ਨਾਗਰਿਕਾਂ ਨੇ ਭਾਰੀ ਗਿਣਤੀ ਵਿੱਚ ਇਸ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਦਾ ਭਰੋਸਾ ਦਿੱਤਾ।

# ਸ਼ਹੀਦੀ ਸ਼ਤਾਬਦੀ ਸਮਾਗਮਾਂ ਸਬੰਧੀ ਚਰਚਾ

**ਸ਼ਾਹਬਾਦ ਮਾਰਕੰਡਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਜ਼ਿਲ੍ਹਾ ਪ੍ਰਧਾਨ ਤਜਿੰਦਰ ਸਿੰਘ ਗੋਲਡੀ ਨੇ ਸਥਾਨਕ ਗੁਰਦੁਆਰਾ ਗੁਰੂ ਨਾਨਕ ਦਰਬਾਰ ਵਿੱਚ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਬੈਠਕ ਕੀਤੀ। ਉਨ੍ਹਾਂ ਨੇ ਕੁਰੂਕਸ਼ੇਤਰ ਦੇ ਜੋਤੀ ਸਰ ਵਿੱਚ ਹੋਣ ਵਾਲੇ ਗੁਰੂ ਤੇਗ ਬਹਾਦਰ, ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਿਤ ਸੂਬਾ ਪੱਧਰੀ ਸਮਾਗਮ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਬੀਤੀ ਦੇਰ ਸ਼ਾਮ ਹੋਈ ਬੈਠਕ ਵਿੱਚ ਸਮਾਗਮ ਦੀਆਂ ਤਿਆਰੀਆਂ ਸਬੰਧੀ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਇਸ ਮੌਕੇ ਪੰਜੇ ਤਖ਼ਤਾਂ ਦੇ ਜਥੇਦਾਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ। ਇਸ ਤੋਂ ਇਲਾਵਾ ਤੇ ਸਿੱਖ ਪੰਥ ਦੀਆਂ ਮਹਾਨ ਸ਼ਖ਼ਸੀਅਤਾਂ ਸ਼ਿਰਕਤ ਕਰਨਗੀਆਂ। ਉਨਾਂ ਕਿਹਾ ਕਿ ਇਸ ਮੌਕੇ ਸੂਬੇ ਦੇ ਵੱਖ-ਵੱਖ ਥਾਵਾਂ ਤੋਂ ਚੱਲੇ ਨਗਰ ਕੀਰਤਨ ਸਮਾਗਮ ਵਾਲੀ ਥਾਂ 'ਤੇ ਪੁੱਜਣਗੇ ਜਿੱਥੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਜਾਵੇਗਾ। ਇੱਥੇ ਸਥਾਨਕ ਸਿੱਖ ਆਗੂਆਂ ਨੇ ਭਾਜਪਾ ਜ਼ਿਲ੍ਹਾ ਪ੍ਰਧਾਨ ਨੂੰ ਬਰਾੜਾ ਰੋਡ 'ਤੇ ਬਣੇ ਬਾਬਾ ਬੰਦਾ ਸਿੰਘ ਬਹਾਦਰ ਗੇਟ ਦੀ ਮਾੜੀ ਸਥਿਤੀ ਤੋਂ ਜਾਣੂ ਕਰਵਾਇਆ। ਉਨ੍ਹਾਂ ਭਰੋਸਾ ਦਿੱਤਾ ਕਿ ਸਮਾਗਮ ਮਗਰੋਂ ਇਸ ਨੂੰ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ ਤੇ ਨਵੀਨੀਕਰਨ ਕਰਵਾਇਆ ਜਾਵੇਗਾ।

# ਪਿੰਡਾਂ ਦੀ ਪ੍ਰਗਤੀ ਦਾ ਮਾਰਗ ਸਹਿਕਾਰਤਾ ਤੋਂ ਹੋ ਕੇ ਲੰਘਦਾ ਹੈ : ਮੁੱਖ ਮੰਤਰੀ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ੁਕਰਵਾਰ ਨੂੰ ਸੋਨੀਪਤ ਵਿੱਚ 72ਵੇਂ ਰਾਜ ਪੱਧਰੀ ਸਹਿਕਾਰਤਾ ਹਫਤਾ ਦੀ ਸ਼ੁਰੂਆਤ ਕੀਤੀ। ਇਸ ਮੌਕੇ 'ਤੇ ਸੰਬੋਧਿਤ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਆਤਮਾ ਪਿੰਡਾਂ ਵਿੱਚ ਵੱਸਦੀ ਹੈ ਅਤੇ ਪਿੰਡਾਂ ਦੀ ਪ੍ਰਗਤੀ ਦਾ ਰਸਤਾ ਸਹਿਕਾਰਤਾ ਤੋਂ ਹੋ ਕੇ ਲੰਘਦਾ ਹੈ। ਇਸ ਸਾਲ ਨੂੰ ਅਸੀਂ ਸਹਿਕਾਰਤਾ ਸਾਲ ਵਜੋ ਮਨਾ ਰਹੇ ਹਨ। ਇਹ ਆਯੋਜਨ ਸਹਿਕਾਰਤਾ ਤੋਂ ਸਮਰਿੱਧੀ ਅਤੇ ਸਮਰਿੱਧੀ ਤੋਂ ਆਤਮਨਿਰਭਤਾ ਦੇ ਸੰਕਲਪ ਨੂੰ ਸਿੱਧ ਕਰਲ ਵਿੱਚ ਅਹਿਮ ਭੂਮਿਕਾ ਨਿਭਾਏਗਾ, ਇਹੀ ਸਾਡਾ ਟੀਚਾ ਹੈ। ਮੁੱਖ ਮੰਤਰੀ ਨੇ ਨੌਜੁਆਨਾਂ ਨੂੰ ਅਪੀਲ ਕੀਤੀ ਕਿ ਉਹ ਪਾਰੰਪਰਿਕ ਸੋਚ ਨਾਲ ਬਾਹਰ ਕੱਢ ਕੇ ਸਹਿਕਾਰੀ ਕਮੇਟੀਆਂ ਬਨਾਉਣ ਅਤੇ ਡਿਜੀਟਲ ਇੰਡੀਆ ਰਾਹੀਂ ਸਹਿਕਾਰੀ ਕਮੇਟੀ ਨੂੰ ਗਲੋਬਲ ਬ੍ਰਾਂਡ ਬਨਾਉਣ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਹਿਕਾਰਤਾ ਦਾ ਝੰਡਾ ਫਹਿਰਾਇਆ ਅਤੇ ਇਸ ਦੇ ਬਾਅਦ ਸਹਿਕਾਰਤਾ ਪ੍ਰਦਰਸ਼ਨੀ ਦਾ ਅਵਲੋਕਨ ਵੀ ਕੀਤਾ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਾਨੂੰ ਉਨ੍ਹਾਂ ਲੱਖਾਂ ਲੋਕਾਂ ਨੂੰ ਯਾਦ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਆਪਣੀ ਛੋਟੀ-ਛੋਟੀ ਬਚੱਤ ਅਤੇ ਸਮੂਹਿਕ ਸ਼ਕਤੀ ਨਾਲ ਵਿਸ਼ਾਲ ਸਹਿਕਾਰੀ ਅੰਦੋਲਨ ਦਾ ਨਿਰਮਾਣ ਕੀਤਾ। ਅੱਜ ਭਾਰਤ ਦੂਨੀਆ ਦੀ ਚੌਥੀ ਵੱਡੀ ਅਰਥਵਿਵਸਥਾ ਹੈ ਅਤੇ ਸਾਨੂ ਤੀਜੀ ਸੱਭ ਤੋਂ ਵੱਡੀ ਅਰਥਵਿਵਸਥਾ ਬਨਣ ਦੇ ਟੀਚੇ ਦੇ ਵੱਲ ਗਤੀ ਨਾਲ ਅੱਗੇ ਵੱਧ ਰਹੇ ਹਨ। ਇਸ ਟੀਚੇ ਦੀ ਪ੍ਰਾਪਤੀ ਵਿੱਚ ਸਹਿਕਾਰਤਾ ਦੀ ਅਹਿਮ ਭੂਮਿਕਾ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2014 ਵਿੱਚ ਸਹਿਕਾਰਤਾ ਅੰਦੋਲਨ ਨੂੰ ਮਜਬੂਤੀ ਪ੍ਰਦਾਨ ਕਰਨ ਦਾ ਪ੍ਰਣ ਲਿਆ ਸੀ। ਉਨ੍ਹਾਂ ਨੇ ਇਤਿਹਾਸ ਵਿੱਚ ਪਹਿਲੀ ਵਾਰ ਇੱਕ ਵੱਖ ਸਹਿਕਾਰਤਾ ਮੰਤਰਾਲੇ ਦਾ ਗਠਨ ਕੀਤਾ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਵਿਜਨ ਨੂੰ ਅੱਗੇ ਵਧਾਉਂਦੇ ਹੋਏ ਅਸੀਂ ਸਹਿਕਾਰਤਾ ਨੂੰ ਜਨ ਅੰਦੋਲਨ ਬਨਾਉਣ ਦਾ ਸੰਕਲਪ ਕੀਤਾ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਹਿਕਾਰਤਾ ਦੇ ਖੇਤਰ ਵਿੱਚ ਲਗਾਤਾਰ ਤਰੱਕੀ ਕਰ ਰਿਹਾ ਹੈ। 19 ਜਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ ਵੱਲੋਂ ਪੂਰੇ ਸੂਬੇ ਵਿੱਚ 3 ਲੱਖ ਤੋਂ ਵੱਧ ਕਿਸਾਨਾਂ ਨੂੰ ਰੁਪਏ ਕਿਸਾਨ ਕ੍ਰੇਡਿਟ ਕਾਰਡ ਜਾਰੀ ਕੀਤੇ ਜਾ ਚੁੱਕੇ ਹਨ।ਸੂਬੇ ਵਿੱਚ 21 ਪੈਕਸ ਕੇਂਦਰਾਂ ਨੂੰ ਗੋਦਾਮ ਬਨਾਉਣ ਲਈ ਚੁਣਿਆ ਗਿਆ ਹੈ। ਸਮੇਂ 'ਤੇ ਅਦਾਇਗੀ ਕਰਨ ਵਾਲੇ ਪ੍ਰਾਥਮਿਕਤ ਸਹਿਕਾਰੀ ਕਮੇਟੀਆਂ ਦੇ ਮੈਂਬਰਾਂ ਤੋਂ ਫਸਲੀ ਕਰਜੇ 'ਤੇ ਕੋਈ ਵਿਆਜ ਨਹੀਂ ਲਿਆ ਜਾਂਦਾ।

ਇਸ ਯੋਜਨਾ ਨਾਲ ਹੁਣ ਤੱਕ 5 ਲੱਖ 31 ਹਜਾਰ 652 ਕਿਸਾਨਾਂ ਨੂੰ 1 ਹਜਾਰ 223 ਕਰੋੜ ਰੁਪਏ ਦੀ ਵਿਆਜ ਰਾਹਤ ਪ੍ਰਦਾਨ ਕੀਤੀ ਗਈ ਹੈ ਹੈਫੇਡ ਕੇਂਦਰ ਸਰਕਾਰ ਦੀ ਮੇਗਾ ਫੂਡ ਪਾਰਕ ਯੋਜਨਾ ਤਹਿਤ ਰੋਹਤਕ ਵਿੱਚ ਲਗਭਗ 180 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਮੇਗਾ ਫੂਡ ਪਾਰਕ ਸਥਾਪਿਤ ਕਰ ਰਿਹਾ ਹੈ। ਸ਼ੂਗਰ ਫੈਡ ਦੀ 10 ਸਹਿਕਾਰੀ ਖੰਡ ਮਿੱਲ ਵੀ ਲਗਭਗ 93 ਫੀਸਦੀ ਦੀ ਸਮਰੱਥਾ ਨਾਲ ਕੰਮ ਕਰ ਰਹੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਹਿਕਾਰੀ ਕਮੇਟੀਆਂ ਨੂੰ ਮਜਬੂਤ ਕਰਨ ਲਈ ਲਗਾਤਾਰ ਕਦਮ ਚੁੱਕੇ ਜਾ ਰਹੇ ਹਨ। ਸਹਿਕਾਰਤਾ ਖੇਤਰ ਨੂੰ ਆਧੁਨਿਕ ਅਤੇ ਪਾਰਦਰਸ਼ੀ ਤੇ ਮੁਕਾਬਲੇਯੋਗ ਬਨਾਉਣ ਲਈ 710 ਪੈਕਸ ਦਾ ਕੰਪਿਊਟਰੀਕਰਣ ਕੀਤਾਜਾ ਰਿਹਾ ਹੈ। ਹੁਣ ਤੱਕ 475 ਪੈਕਸ ਨੂੰ ਈ-ਪੈਕਸ ਬਣਾਇਆ ਗਿਆ ਹੈ। ਪੈਕਸ ਲਈ ਮਾਡਲ ਬਾਇਲਾਜ ਬਣਾਏ ਗਏ ਹਨ। ਦੁਨੀਆ ਦੀ ਸੱਭ ਤੋਂ ਵੱਡੀ ਅਨਾਜ ਭੰਡਾਰਣ ਯੋਜਨਾ ਸ਼ੁਰੂ ਕੀਤੀ ਗਈ ਹੈ। ਦੇਸ਼ ਦੇ ਹਰ ਬਲਾਕ ਵਿੱਚ ਸਹਿਕਾਰੀ ਕਮੇਟੀਆਂ ਵੱਲੋਂ ਵੱਡੇ-ਵੱਡੇ ਗੋਦਾਮ ਬਣਾਏ ਜਾ ਰਹੇ ਹਨ। ਐਫਪੀਓ ਨੂੰ ਵੀ ਸਹਿਕਾਰੀ ਕਮੇਟੀਆਂ ਦੇ ਨਾਲ ਜੋੜ ਕੇ ਇੱਕ ਨਵੀਂ ਤਾਕਤ ਦਿੱਤੀ ਜਾ ਰਹੀ ਹੈ। ਉਨ੍ਹਾਂ ਨੇ ਆਮਜਨ ਨੂੰ ਅਪੀਲ ਕੀਤੀ ਕਿ ਸਾਰੇ ਮਿਲ ਕੇ ਪ੍ਰਣ ਲੈਣ ਕਿ ਸਾਨੂੰ ਸਹਿਕਾਰਤਾ ਦੀ ਭਾਵਨਾ ਨੂੰ ਆਪਣੇ ਜੀਵਨ ਦਾ ਅਭਿੰਨ ਅੰਗ ਬਨਾਉਣਗੇ। ਅਸੀਂ ਮਿਲ ਕੇ ਕੰਮ ਕਰਾਂਗੇ ਅਤੇ ਇੱਕ ਦੂਜੇ ਦਾ ਸਾਥ ਦਵਾਂਗੇ ਅਤੇ ਹਰਿਆਣਾ ਨੂੰ ਦੇਸ਼ ਦਾ ਸੱਭ ਸਮਰਿੱਧ, ਖੁਸ਼ਹਾਲ ਅਤੇ ਸਹਿਕਾਰਤਾ ਉਨਮੁੱਖ ਸੂਬਾ ਬਣਾਵਾਂਗੇ।

ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੈ ਕਿਹਾ ਕਿ ਪਿੰਡ, ਸਮਾਜ ਵਿੱਚ ਮਿਲ ਕੇ ਕੰਮ ਕਰਨ ਦੀ ਰਿਵਾਇਤ ਰਹੀ ਹੈ, ਇਹੀ ਸਹਿਕਾਰ ਹੈ। ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸਾਲ 2021 ਵਿੱਚ ਸਹਿਕਾਰਤਾ ਮੰਤਰਾਲੇ ਦਾ ਗਠਨ ਕਰਦੇ ਹੋਏ ਹਰ ਘਰ ਨੂੰ ਸਹਿਕਾਰ ਨਾਲ ਜੋੜਨ ਦਾ ਸੰਕਲਪ ਕੀਤਾ ਸੀ। ਉਨ੍ਹਾਂ ਦੇ ਟੀਚੇ ਨੂੰ ਸਿੱਧੀ ਤੱਕ ਲੈ ਕੇ ਜਾਣ ਲਈ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਸ੍ਰੀ ਅਮਿਤ ਸ਼ਾਹ ਨੇ ਨਵੀਂ ਸਹਿਕਾਰਤਾ ਨੀਤੀ ਲਾਗੂ ਕੀਤੀ ਤੇ ਦੇਸ਼ ਦੀ ਪਹਿਲੀ ਸਹਿਕਾਰ ਯੂਨੀਵਰਸਿਟੀ ਦੀ ਨੀਂਹ ਰੱਖੀ ਹੈ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਹਰ ਘਰ ਨੂੰ ਸਹਿਕਾਰ ਨਾਲ ਜੋੜਨ ਲਈ ਗੰਭੀਰਤਾ ਨਾਲ ਕੰਮ ਕੀਤਾ ਜਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਪੈਕਸੋਂ ਦੇ ਡਿਜੀਟਲੀਕਰਣ ਨਾਲ ਅੱਜ ਵਿਵਸਥਾ ਵਿੱਚ ਪਾਰਦਰਸ਼ਿਤਾ ਆਈ ਹੈ, ਉਥੇ ਹੀ ਅੱਜ ਪੈਕਸ ਸਿਰਫ ਕਰਜਾ ਦੇਣ ਵਾਲੀ ਸੰਸਥਾ ਵਜੋ ਨਹੀਂ, ਸਗੋ 25 ਵੱਖ-ਵੱਖ ਤਰ੍ਹਾਂ ਦੀ ਪਰਿਯੋਜਨਾਵਾਂ ਵਿੱਚ ਆਤਮਨਿਰਭਰ ਬਨਣ ਦਾ ਮੌਕਾ ਸਾਡੇ ਨੌਜੁਆਨਾਂ, ਕਿਸਾਨਾਂ ਅਤੇ ਮਹਿਲਾਵਾਂ ਨੂੰ ਪ੍ਰਦਾਨ ਕਰ ਰਿਹਾ ਹੈ।

ਇਸ ਦੌਰਾਨ ਸਹਿਕਾਰਤਾ ਵਿਭਾਗ ਦੇ ਏਸੀਐਸ ਵਿਜੇਂਦਰ ਕੁਮਾਰ ਨੇ ਵਿਭਾਗ ਦੀ ਉਪਲਬਧੀਆਂ ਨੂੰ ਮੁੱਖ ਮੰਤਰੀ ਦੇ ਸਾਹਮਣੇ ਰੱਖਿਆ। ਉਨ੍ਹਾਂ ਨੇ ਕਿਹਾ ਕਿ ਸਹਿਕਾਰਤਾ ਇੱਕ ਜਨ ਅੰਦੋਲਨ ਹੈ ਜੋ ਸਾਰਿਆਂ ਦੇ ਜੀਵਨ ਵਿੱਚ ਆਰਥਕ ਖੁਸ਼ਹਾਲੀ ਲਿਆ ਸਕਦਾ ਹੈ। ਅੱਜ ਸਹਿਕਾਰੀ ਕਮੇਟੀਆਂ ਕਰਜਾ, ਦੁੱਧ ਉਤਪਾਦਨ, ਮਾਰਕਟਿੰਗ ਆਦਿ ਦੇ ਅਨੇਕ ਕੰਮ ਕਰ ਰਹੀਆਂ ਹਨ।

ਬਿਹਾਰ ਚੋਣ ਵਿੱਚ ਹੋਈ ਭਾਜਪਾ ਦੀ ਬੰਪਰ ਜਿੱਤ 'ਤੇ ਸਹਿਕਾਰਤਾ ਪ੍ਰੋਗਰਾਮ ਦੌਰਾਨ ਸਹਿਕਾਰਤਾ ਮੰਤਰੀ ਡਾ. ਅਰਵਿੰਦ ਸ਼ਰਮਾ ਨੇ ਮੁੱਖ ਮੰਤਰੀ ਨੂੰ ਜਿੱਤ ਦੀ ਵਧਾਈ ਦਿੱਤੀ। ਇਸ ਦੌਰਾਨ ਸਹਿਕਾਰਤਾ ਮੰਤਰੀ ਨੇ ਗੋਹਾਨਾ ਦੀ ਜਲੇਬੀ ਮੰਗਵਾਈ ਅਤੇ ਪ੍ਰੋਗਰਾਮ ਦੇ ਵਿੱਚ ਹੀ ਮੁੱਖ ਮੰਤਰੀ ਤੇ ਹੋਰ ਮਹਿਮਾਨਾ ਨੂੰ ਜਿੱਤ ਦੀ ਖੁਸ਼ੀ ਵਿੱਚ ਗੋਹਾਨਾ ਦੀ ਜਲੇਬੀ ਖਿਲਾਈ।

# ਹੈਦਰਾਬਾਦ-ਚੇਨਈ ਰੋਡਸ਼ੋਜ਼ ਨਾਲ ਪੰਜਾਬ ਦਾ ਦੱਖਣੀ ਭਾਰਤ ਆਉਟਰੀਚ ਤੇਜ਼ ਉਦਯੋਗ ਜਗਤ ਵੱਲੋਂ ਮਜ਼ਬੂਤ ਨਿਵੇਸ਼ ਦਿਲਚਸਪੀ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਨੇ ਹੈਦਰਾਬਾਦ ਅਤੇ ਚੇਨਈ ਵਿੱਚ ਆਪਣੇ ਉੱਚ-ਪੱਧਰੀ ਨਿਵੇਸ਼ ਆਉਟਰੀਚ ਨੂੰ ਸਫਲਤਾਪੂਰਵਕ ਸੰਪੰਨ ਕੀਤਾ ਹੈ, ਜਿਸ ਨਾਲ ਦੱਖਣੀ ਭਾਰਤ ਦੇ ਪ੍ਰਮੁੱਖ ਉਦਯੋਗ ਘਰਾਨਿਆਂ ਵੱਲੋਂ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿੱਟ 2026 ਲਈ ਗਹਿਰੀ ਰੁਚੀ ਦਰਜ ਕੀਤੀ ਗਈ ਹੈ। ਇਹ ਆਉਟਰੀਚ ਮਾਨਯੋਗ ਕੈਬਨਿਟ ਮੰਤਰੀ (ਉਦਯੋਗ ਤੇ ਵਪਾਰ, ਨਿਵੇਸ਼ ਪ੍ਰੋਤਸਾਹਨ, ਪਾਵਰ ਅਤੇ ਮਾਮਲੇ) ਸ਼੍ਰੀ ਸੰਜੀਵ ਅਰੋੜਾ ਦੀ ਅਗਵਾਈ ਹੇਠ ਹੋਇਆ, ਜਿਨ੍ਹਾਂ ਦੇ ਨਾਲ ਉਦਯੋਗ ਤੇ ਵਪਾਰ ਵਿਭਾਗ, ਪੰਜਾਬ ਡਿਵੈਲਪਮੈਂਟ ਕਮਿਸ਼ਨ ਅਤੇ ਇਨਵੈਸਟ ਪੰਜਾਬ ਦੇ ਸੀਨੀਅਰ ਅਧਿਕਾਰੀ ਵੀ ਸ਼ਾਮਲ ਸਨ। ਮੁਲਾਕਾਤਾਂ ਮੋਬਿਲਟੀ, ਏਅਰੋਸਪੇਸ, ਡਿਫੈਂਸ, ਇਲੈਕਟ੍ਰਾਨਿਕਸ, ਆਈ.ਟੀ., ਫੂਡ ਪ੍ਰੋਸੈਸਿੰਗ, ਹੈਲਥਕੇਅਰ, ਟੂਰਿਜ਼ਮ ਅਤੇ ਇੰਜੀਨੀਅਰਿੰਗ ਸੇਵਾਵਾਂ ਵਰਗੇ ਕਈ ਖੇਤਰਾਂ 'ਤੇ ਕੇਂਦ੍ਰਿਤ ਰਹੀਆਂ।



ਹੈਦਰਾਬਾਦ ਦੌਰੇ ਦੌਰਾਨ ਪ੍ਰਤੀਨਿਧਿਮੰਡਲ ਨੇ Ceph Life Sciences, Vibrant Energy, ICFAI Foundation for Higher Education, TiE Global, Baba Group of Companies, Ellenbarrie Industrial Gases, Visakha Pharmacity (Ramky Group)Bharat Electronics Limited (BEL) ਵਰਗੀਆਂ ਪ੍ਰਮੁੱਖ ਸੰਸਥਾਵਾਂ ਨਾਲ ਗਹਿਰਾ ਸੰਵਾਦ ਕੀਤਾ। 25* ਨੇ ਆਪਣੀ ਡਿਫੈਂਸ ਅਤੇ ਇਲੈਕਟ੍ਰਾਨਿਕਸ ਸਪਲਾਈ ਚੇਨ ਵਿੱਚ ਪੰਜਾਬ-ਆਧਾਰਿਤ MSMEs ਨੂੰ ਸ਼ਾਮਿਲ ਕਰਨ ਦੀ ਰੁਚੀ ਜਤਾਈ। ਸ਼੍ਰੀ ਅਰੋੜਾ ਨੇ ਰਾਜ ਸਭਾ $♦ ਅਤੇ ਰਾਮਕੀ ਗਰੁੱਪ ਦੇ ਸੰਸਥਾਪਕ ਸ਼੍ਰੀ ਅੱਲਾ ਅਯੋਧਿਆ ਰਾਮੀ ਰੈੱਡੀ ਨਾਲ ਵੀ ਮੁਲਾਕਾਤ ਕਰਕੇ ਇਨਫਰਾਸਟਰਕਚਰ ਅਤੇ ਮੈਨੂਫੈਕਚਰਿੰਗ ਵਿੱਚ ਵੱਡੇ ਪੱਧਰ 'ਤੇ ਸਹਿਯੋਗ ਦੇ ਮੌਕਿਆਂ 'ਤੇ ਵਿਚਾਰ-ਵਟਾਂਦਰਾ ਕੀਤਾ।

ਬ੍ਰਹਮੋਸ ਏਅਰੋਸਪੇਸ ਸਹੂਲਤ ਦੇ ਵਿਸਤ੍ਰਿਤ ਦੌਰੇ ਦੌਰਾਨ ਪੰਜਾਬ ਦੇ MSMEs ਲਈ ਭਾਰਤ ਦੇ ਤੇਜ਼ੀ ਨਾਲ ਉਭਰਦੇ ਏਅਰੋਸਪੇਸ ਇਕੋਸਿਸਟਮ ਵਿੱਚ ਭਾਗੀਦਾਰੀ ਦੇ ਮੌਕਿਆਂ 'ਤੇ ਚਰਚਾ ਹੋਈ। ਡੈਲੀਗੇਸ਼ਨ ਨੇ ਸਿੰਧੂ ਹਸਪਤਾਲ (ਹੇਟਰੋ ਗਰੁੱਪ ਦੁਆਰਾ ਸਥਾਪਤ, ਡਾ. ਬੀ. ਪਾਰਥਾ ਸਾਰਧੀ ਰੈੱਡੀ — ਰਾਜ ਸਭਾ $♦) ਦਾ ਦੌਰਾ ਕਰਕੇ ਉੱਨਤ ਹੈਲਥਕੇਅਰ, ਡਾਇਗਨੌਸਟਿਕਸ ਅਤੇ ਮੈਡੀਕਲ ਟੈਕਨੋਲੋਜੀ ਵਿੱਚ ਸਹਿਯੋਗ ਦੀਆਂ ਸੰਭਾਵਨਾਵਾਂ ਦੀ ਵੀ ਪੜਤਾਲ ਕੀਤੀ।

ਸ਼ਾਮ ਦੇ ਇੰਟਰਐਕਸ਼ਨ ਸੈਸ਼ਨ ਵਿੱਚ ਡਾ. ਰੈੱਡੀ, ਪ੍ਰੋ. ਦੂਲਾਲ ਪਾਂਡਾ (NIPER ਮੋਹਾਲੀ), ਅਭਿਜੀਤ ਬੈਨਰਜੀ (Linde India), ਵਰੁਣ ਸੁਰੀਖਾ (Hartex), ਸੁਧਾਕਰ ਰਾਵ (ICFAI) ਅਤੇ ਅਨਿਰੁੱਧ ਗੁਪਤਾ (DCM Group) ਵਰਗੇ ਸੀਨੀਅਰ ਉਦਯੋਗ ਪ੍ਰਤੀਨਿਧੀ ਇਕੱਠੇ ਹੋਏ। ਸਭ ਨੇ ਪੰਜਾਬ ਦੇ ਮਜ਼ਬੂਤ ਰਿਸਰਚ ਇਕੋਸਿਸਟਮ, ਸੁਧਰੇ Ease of Doing Business ਅਤੇ ਪ੍ਰੋ-ਐਕਟਿਵ ਨਿਯੰਤਰਣ ਮਕੈਨਿਜ਼ਮਾਂ ਦੀ ਖਾਸ ਤੌਰ 'ਤੇ ਪ੍ਰਸ਼ੰਸਾ ਕੀਤੀ।

ਚੇਨਈ ਨੇ ਵੀ ਇੱਕੋ ਜਿਹਾ ਉਤਸ਼ਾਹ ਦਰਸਾਇਆ। ਪ੍ਰਤੀਨਿਧਿਮੰਡਲ ਨੇ Hatsun Agro, Portman Enterprises, CavinKare, Garuda Aerospace, Bahwan CyberTek, GlobalLogic (Hitachi), Virtusa, Rattha Group Dr. AgarwalÓs Eye Hospital ਦੇ ਸੀਨੀਅਰ ਨੇਤ੍ਰਿਤਵ ਨਾਲ ਮੁਲਾਕਾਤ ਕੀਤੀ। ਚਰਚਾ ਦੇ ਮੁੱਖ ਖੇਤਰਾਂ ਵਿੱਚ ਫੂਡ ਪ੍ਰੋਸੈਸਿੰਗ, ਕਲੀਨ ਮੋਬਿਲਟੀ, ਇੰਜੀਨੀਅਰਿੰਗ ਡਿਜ਼ਾਈਨ, ਡਿਜ਼ੀਟਲ ਟ੍ਰਾਂਸਫਾਰਮੇਸ਼ਨ ਅਤੇ ਹੈਲਥ ਸੇਵਾਵਾਂ ਸ਼ਾਮਿਲ ਸਨ।

ਮੁਰੁਗੱਪਾ ਗਰੁੱਪ ਨਾਲ ਹੋਇਆ ਸੰਵਾਦ ਖਾਸ ਅਹਿਮੀਅਤ ਰੱਖਦਾ ਸੀ। ਗਰੁੱਪ ਨੇਤਾਵਾਂ ਨੇ ਪੰਜਾਬ ਵਿੱਚ ਆਪਣੇ ਮਜ਼ਬੂਤ ਕਰਮਚਾਰੀ ਅਧਾਰ ਦੀ ਸਰਾਹਨਾ ਕੀਤੀ, ਰਾਜ ਦੀ ਪਾਰਦਰਸ਼ੀ ਗਵਰਨੈਂਸ ਅਤੇ ਤੁਰੰਤ ਫੈਸਲਾ-ਸਹਾਇਤਾ ਮਾਡਲ ਦੀ ਪ੍ਰਸ਼ੰਸਾ ਕੀਤੀ ਅਤੇ ਇਲੈਕਟ੍ਰਿਕ ਮੋਬਿਲਟੀ ਸਮੇਤ ਕਈ ਖੇਤਰਾਂ ਵਿੱਚ ਵਿਸਥਾਰ ਦੀ ਰੁਚੀ ਵਿਅਕਤ ਕੀਤੀ।

ਕਈ ਕੰਪਨੀਆਂ ਨੇ ਮੋਹਾਲੀ, ਲੁਧਿਆਣਾ ਅਤੇ ਰਾਜਪੁਰਾ ਵਿੱਚ ਨਿਵੇਸ਼ ਮੌਕਿਆਂ ਦੀ ਪੜਤਾਲ ਕਰਨ ਦੀ ਇੱਛਾ ਦਰਸਾਈ। Bahwan CyberTek ਦੇ ਪ੍ਰਤੀਨਿਧੀਆਂ ਨੇ ਮੋਹਾਲੀ ਨੂੰ ਉੱਤਰੀ ਭਾਰਤ ਦਾ ਅਗਲਾ ਗੁੜਗਾਂਵ ਕਹਿੰਦਿਆਂ ਇਸਨੂੰ ਡਾਟਾ-ਚਲਿਤ ਡਿਜ਼ੀਟਲ ਉਦਯੋਗਾਂ ਦਾ ਨਵਾਂ ਕੇਂਦਰ ਵਜੋਂ ਦਰਸਾਇਆ। ਪੰਜਾਬ ਦੀ ਪਾਵਰ-ਸਰਪਲਸ ਸਥਿਤੀ ਨੂੰ ਡਾਟਾ ਸੈਂਟਰ ਕਾਰੋਬਾਰਾਂ ਲਈ ਵੱਡੇ ਫ਼ਾਇਦੇ ਵਜੋਂ ਵੀ ਦਰਜ ਕੀਤਾ ਗਿਆ।

ਪੂਰੇ ਦੌਰੇ ਦੌਰਾਨ ਮਾਨਯੋਗ ਮੰਤਰੀ ਸ਼੍ਰੀ ਸੰਜੀਵ ਅਰੋੜਾ ਨੇ ਪੰਜਾਬ ਦੇ ਨਿਵੇਸ਼-ਅਨੁਕੂਲ ਮਾਹੌਲ ਬਾਰੇ ਉਦਯੋਗਾਂ ਨੂੰ ਜਾਣੂ ਕਰਵਾਇਆ। ਉਨ੍ਹਾਂ ਨੇ ਦੱਸਿਆ ਕਿ ਪੰਜਾਬ ਨੂੰ ਭਾਰਤ ਸਰਕਾਰ ਦੀ Ease of Doing Business ਰੈਂਕਿੰਗ ਵਿੱਚ "Top Achiever" ਦੇ ਤੌਰ 'ਤੇ ਮਾਨਤਾ ਮਿਲੀ ਹੈ। ਉਨ੍ਹਾਂ ਨੇ ਰੋਸ਼ਨੀ ਪਾਈ ਕਿ ਰਾਜ ਨੇ ਹੁਣ ਤੱਕ ?A.CG ਲੱਖ ਕਰੋੜ ਦੇ ਗੰਭੀਰ ਅਤੇ ਜ਼ਮੀਨੀ ਨਿਵੇਸ਼ ਆਕਰਸ਼ਿਤ ਕੀਤੇ ਹਨ, ਜਿਨ੍ਹਾਂ ਨਾਲ ਲਗਭਗ ਪੰਜ ਲੱਖ ਰੋਜ਼ਗਾਰ ਦੇ ਮੌਕੇ ਬਣੇ ਹਨ। ਰਾਈਟ ਟੂ ਬਿਜ਼ਨਸ ਐਕਟ ਨੂੰ ਹੋਰ ਮਜ਼ਬੂਤ ਬਣਾਇਆ ਗਿਆ ਹੈ, ਜਿਸ ਅਨੁਸਾਰ ਮਨਜ਼ੂਰਸ਼ੁਦਾ ਉਦਯੋਗਿਕ ਪਾਰਕਾਂ ਵਿੱਚ ਯੂਨਿਟਾਂ ਨੂੰ ਪੰਜ ਕਾਰਜ ਦਿਨਾਂ ਵਿੱਚ In-Principle Approval ਦਿੱਤਾ ਜਾਂਦਾ ਹੈ, ਜਦਕਿ ਇਸ ਐਕਟ ਤੋਂ ਬਾਹਰ ਆਉਣ ਵਾਲੀਆਂ ਹੋਰ ਸਾਰੀਆਂ ਅਰਜ਼ੀਆਂ ਦਾ ਨਿਪਟਾਰਾ FastTrack Punjab Portal 'ਤੇ ਵੱਧ ਤੋਂ ਵੱਧ 45 ਕਾਰਜ ਦਿਨਾਂ ਵਿੱਚ ਲਾਜ਼ਮੀ ਕੀਤਾ ਜਾਂਦਾ ਹੈ।

ਦੋਨੋਂ ਸ਼ਹਿਰਾਂ ਦੇ ਉਦਯੋਗ ਨੇਤਾਵਾਂ ਨੇ ਪੰਜਾਬ ਦੀ ਆਧੁਨਿਕ ਅਤੇ ਭਰੋਸੇਯੋਗ ਬੁਨਿਆਦੀ ਢਾਂਚਾ, ਕੁਸ਼ਲ ਲੋਜਿਸਟਿਕਸ, ਸ਼ਾਂਤੀਪ੍ਰਿਯ ਮਜ਼ਦੂਰੀ ਵਾਤਾਵਰਣ, ਟੈਲੈਂਟ ਉਪਲਬਧਤਾ, ਉੱਚ-ਸਤ੍ਹਾ ਦੇ ਰਿਸਰਚ ਸੰਸਥਾਨ ਅਤੇ ਪੂਰੀ ਤਰ੍ਹਾਂ ਡਿਜ਼ੀਟਾਈਜ਼ਡ, ਪਾਰਦਰਸ਼ੀ ਗਵਰਨੈਂਸ ਮਾਡਲ ਤੋਂ ਪ੍ਰਭਾਵਿਤ ਹੋ ਕੇ ਇਸਨੂੰ ਉੱਤਰੀ ਭਾਰਤ ਦੇ ਰਵਾਇਤੀ ਉਦਯੋਗਿਕ ਖੇਤਰਾਂ ਦਾ ਇੱਕ ਮਜ਼ਬੂਤ ਅਤੇ ਮੁਕਾਬਲੇਯੋਗ ਵਿਕਲਪ ਵਜੋਂ ਸਵੀਕਾਰਿਆ।

ਦੱਖਣੀ ਭਾਰਤ ਦੇ ਰੋਡਸ਼ੋਜ਼ ਦੀ ਸਫਲ ਪੂਰਤੀ ਤੋਂ ਬਾਅਦ, ਇਨਵੈਸਟ ਪੰਜਾਬ ਦੀ ਟੀਮ ਹੁਣ ਚੰਡੀਗੜ੍ਹ ਵਾਪਸ ਆ ਕੇ ਦੇਸ਼ ਅਤੇ ਵਿਦੇਸ਼ ਦੇ ਅਗਲੇ ਪੜਾਅ ਦੇ ਨਿਵੇਸ਼ ਆਉਟਰੀਚ ਦੀ ਤਿਆਰੀ 'ਚ ਜੁਟ ਚੁੱਕੀ ਹੈ। ਇਸ ਦੌਰੇ ਨਾਲ ਬਣੀ ਗਤੀ ਆਉਣ ਵਾਲੇ ਸਮੇਂ ਵਿੱਚ ਹੋਰ ਡੂੰਘੀ ਭਾਗੀਦਾਰੀ ਅਤੇ ਰਣਨੀਤਿਕ ਨਿਵੇਸ਼ ਦਿਲਚਸਪੀਆਂ ਨੂੰ ਮਜ਼ਬੂਤ ਪਾਈਪਲਾਈਨ ਵਿੱਚ ਬਦਲਣ ਦੀ ਉਮੀਦ ਹੈ, ਜੋ ਪ੍ਰੋਗਰੈਸਿਵ ਪੰਜਾਬ ਇਨਵੈਸਟਰਜ਼ ਸਮਿੱਟ 2026 ਤੱਕ ਲੈ ਕੇ ਜਾਵੇਗੀ।

# ਰੋਟਰੀ ਕਲੱਬ ਰਾਇਲ ਨੇ ਬਾਲ ਦਿਵਸ ਮਨਾਇਆ

**ਸ਼ਾਹਬਾਦ ਮਾਰਕੰਡਾ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲ ਦਿਵਸ ਮੌਕੇ ਰੋਟਰੀ ਰਾਇਲ ਕਲੱਬ ਸ਼ਾਹਬਾਦ ਨੇ 'ਆਪਣੇ-ਆਪ ਤੋਂ ਉੱਪਰ ਸੇਵਾ' ਦੇ ਆਪਣੇ ਮੂਲ ਸਿਧਾਂਤ ਨੂੰ ਲਾਗੂ ਕਰਦਿਆਂ ਬਾਲ ਦਿਵਸ ਮਨਾਇਆ। ਇਸ ਮੌਕੇ ਪ੍ਰਧਾਨ ਰੋਟੈਰੀਅਨ ਲਕਸ਼ਯ ਕਾਲੜਾ ਦੀ ਅਗਵਾਈ ਹੇਠ ਕਲੱਬ ਦੇ ਮੈਂਬਰਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਨਾਲ ਇਸ ਦਿਨ ਦਾ ਜਸ਼ਨ ਮਨਾਇਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਰਾਜੇਸ਼ ਕੁਮਾਰ ਨੇ ਰੋਟਰੀ ਰਾਇਲ ਕਲੱਬ ਦੇ ਮੈਂਬਰਾਂ ਦਾ ਸਵਾਗਤ ਕੀਤਾ। ਕਲੱਬ ਦੇ ਮੈਂਬਰਾਂ ਨੇ ਬੱਚਿਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਬਾਲ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਕਲੱਬ ਨੇ ਬੱਚਿਆਂ ਨੂੰ ਟੌਫੀਆਂ, ਸਮੋਸੇ, ਰਸਗੁੱਲੇ ਆਦਿ ਵੰਡੇ।




ਪ੍ਰਾਜੈਕਟ ਚੇਅਰਮੈਨ ਰੋਟੇਰੀਅਨ ਮੋਹਿਤ ਛਾਬੜਾ ਨੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਦੇ ਚਿਹਰਿਆਂ 'ਤੇ ਹਾਸਾ ਲਿਆਉਣਾ ਰੋਟਰੀ ਰਾਇਲ ਦਾ ਮੁੱਖ ਉਦੇਸ਼ ਹੈ। ਬਾਲ ਦਿਵਸ ਇਨ੍ਹਾਂ ਬੱਚਿਆਂ ਨੂੰ ਇਹ ਅਹਿਸਾਸ ਕਰਾਉਣ ਦਾ ਦਿਨ ਹੈ ਕਿ ਉਹ ਕਿੰਨੇ ਖ਼ਾਸ ਹਨ। ਕਲੱਬ ਦੇ ਸਲਾਹਕਾਰ ਰੋਟੇਰੀਅਨ ਆਸ਼ੂਤੋਸ਼ ਗਰਗ ਨੇ ਕਿਹਾ ਕਿ ਬਾਲ ਦਿਵਸ ਸਿਰਫ਼ ਜਸ਼ਨ ਨਹੀਂ ਹੈ, ਸਗੋਂ ਸਮਾਜ ਦੇ ਰੂਪ ਵਿੱਚ ਸਾਡੀ ਸਮੂਹਿਕ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਅਸੀਂ ਬੱਚਿਆਂ ਲਈ ਚੰਗਾ ਭਵਿੱਖ ਬਣਾਈਏ। ਉਨ੍ਹਾਂ ਕਿਹਾ ਕਿ ਦੇਸ਼ ਦਾ ਭਵਿੱਖ ਬੱਚਿਆਂ ਵਿੱਚ ਹੈ। ਬਚਪਨ ਨੂੰ ਸਿਰਫ਼ ਦੇਖਿਆ ਹੀ ਨਹੀਂ ਜਾਣਾ ਚਾਹੀਦਾ ਸਗੋਂ ਸਮਝਣਾ ਵੀ ਚਾਹੀਦਾ ਹੈ। ਹਰ ਹੱਸਦਾ ਬੱਚਾ ਜ਼ਿੰਦਾ ਕਵਿਤਾ ਹੈ ਜੋ ਸਾਨੂੰ ਮਨੁੱਖਤਾ ਦੀ ਅਸਲ ਪਰਿਭਾਸ਼ਾ ਸਿਖਾਉਂਦਾ ਹੈ। ਉਨ੍ਹਾਂ ਕਿਹਾ ਕਿ ਬਾਲ ਦਿਵਸ 'ਤੇ ਸਭ ਨੂੰ ਪ੍ਰਣ ਲੈਣਾ ਚਾਹੀਦਾ ਹੈ ਕਿ ਹਰ ਬੱਚੇ ਦੇ ਹਾਸੇ ਤੇ ਸੁਫਨੇ ਦੀ ਰੱਖਿਆ ਕਰਨਾ ਸਾਡੀ ਜ਼ਿੰਮੇਵਾਰੀ ਹੈ। ਇਹ ਦਿਨ ਆਜ਼ਾਦ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਦਰਸਾਉਂਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਜੇ ਬੱਚਿਆਂ ਨੂੰ ਸਹੀ ਵਾਤਾਵਰਨ, ਸਿੱਖਿਆ ਦੇ ਮੌਕੇ ਪ੍ਰਦਾਨ ਕੀਤੇ ਜਾਣ ਤਾਂ ਉਹ ਭਾਰਤ ਨੂੰ ਬੁਲੰਦੀਆਂ 'ਤੇ ਲਿਜਾ ਸਕਦੇ ਹਨ। ਪ੍ਰਾਜੈਕਟ ਦੇ ਵਾਈਸ ਚੇਅਰਮੈਨ ਰਾਜਨ ਸਪੜਾ ਨੇ ਬੱਚਿਆਂ ਨੂੰ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਆ।

ਇਸ ਮੌਕੇ ਰੋਟੇਰੀਅਨ ਸਤਵਿੰਦਰ ਸਿੰਘ ਗਾਬਾ, ਵਿੱਕੀ ਕੋਹਲੀ, ਕੁਸ਼ ਕਾਲੜਾ, ਹਰਸ਼ੁਲ ਅਰੋੜਾ, ਸੌਰਭ ਸਭਰਵਾਲ, ਸ਼ੈਲਵ ਜੈਨ ਕਲੱਬ ਤੋਂ ਇਲਾਵਾ ਅਧਿਆਪਕ ਰਜਨੀ ਅਗਰਵਾਲ, ਰੋਜ਼ੀ, ਡੌਲੀ, ਸ਼ਵਿਤਾ, ਪ੍ਰਭਜੋਤ ਕੌਰ, ਪ੍ਰਧਾਨ ਰੋਟੈਰੀਅਨ ਲਕਸ਼ਯ ਕਾਲੜਾ ਦੀ ਅਗਵਾਈ ਹੇਠ ਕਲੱਬ ਦੇ ਮੈਂਬਰਾਂ ਨੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਨਾਲ ਇਸ ਦਿਨ ਦਾ ਜਸ਼ਨ ਮਨਾਇਆ। ਇਸ ਮੌਕੇ ਸਕੂਲ ਦੇ ਮੁੱਖ ਅਧਿਆਪਕ ਰਾਜੇਸ਼ ਕੁਮਾਰ ਨੇ ਰੋਟਰੀ ਰਾਇਲ ਕਲੱਬ ਦੇ ਮੈਂਬਰਾਂ ਦਾ ਸਵਾਗਤ ਕੀਤਾ। ਕਲੱਬ ਦੇ ਮੈਂਬਰਾਂ ਨੇ ਬੱਚਿਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਬਾਲ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ। ਕਲੱਬ ਨੇ ਬੱਚਿਆਂ ਨੂੰ ਟੌਫੀਆਂ, ਸਮੋਸੇ, ਰਸਗੁੱਲੇ ਆਦਿ ਵੰਡੇ।

ਪ੍ਰਾਜੈਕਟ ਚੇਅਰਮੈਨ ਰੋਟੇਰੀਅਨ ਮੋਹਿਤ ਛਾਬੜਾ ਨੇ ਕਿਹਾ ਕਿ ਬੱਚੇ ਦੇਸ਼ ਦਾ ਭਵਿੱਖ ਹਨ। ਉਨ੍ਹਾਂ ਦੇ ਚਿਹਰਿਆਂ 'ਤੇ ਹਾਸਾ ਲਿਆਉਣਾ ਰੋਟਰੀ ਰਾਇਲ ਦਾ ਮੁੱਖ ਉਦੇਸ਼ ਹੈ ਬਾਲ ਦਿਵਸ ਇਨ੍ਹਾਂ ਬੱਚਿਆਂ ਨੂੰ ਇਹ ਅਹਿਸਾਸ ਕਰਾਉਣ ਦਾ ਦਿਨ ਹੈ ਕਿ ਉਹ ਕਿੰਨੇ ਖ਼ਾਸ ਹਨ। ਕਲੱਬ ਦੇ ਸਲਾਹਕਾਰ ਰੋਟੇਰੀਅਨ ਆਸ਼ੂਤੋਸ਼ ਗਰਗ ਨੇ ਕਿਹਾ ਕਿ ਬਾਲ ਦਿਵਸ ਸਿਰਫ਼ ਜਸ਼ਨ ਨਹੀਂ ਹੈ, ਸਗੋਂ ਸਮਾਜ ਦੇ ਰੂਪ ਵਿੱਚ ਸਾਡੀ ਸਮੂਹਿਕ ਜ਼ਿੰਮੇਵਾਰੀ ਦੀ ਯਾਦ ਦਿਵਾਉਂਦਾ ਹੈ। ਰਾਜਿੰਦਰ ਕੌਰ ਆਦਿ ਮੌਜੂਦ ਸਨ।

# ਹਰਿਆਣਾ ਦੇ ਮੰਤਰੀ ਵਿੱਜ ਦੀ ਪੁਲਿਸ ਅਧਿਕਾਰੀ ਨਾਲ ਤਕਰਾਰ

**ਚੰਡੀਗੜ੍ਹ, 18 ਨਵੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਕੈਥਲ ਵਿੱਚ ਜ਼ਿਲ੍ਹਾ ਸ਼ਿਕਾਇਤ ਨਿਵਾਰਨ ਕਮੇਟੀ ਦੀ ਮੀਟਿੰਗ ਦੌਰਾਨ ਕੈਬਨਿਟ ਮੰਤਰੀ ਅਨਿਲ ਵਿੱਜ ਦੀ ਇੱਕ ਪੁਲੀਸ ਅਧਿਕਾਰੀ ਨਾਲ ਤਕਰਾਰ ਹੋ ਗਈ,ਕਿਉਂਕਿ ਉਸ 'ਤੇ ਸੂਬੇ ਦੇ ਮੰਤਰੀ ਦੇ ਨਿਰਦੇਸ਼ਾਂ ਨੂੰ ਨਜ਼ਰਅੰਦਾਜ਼ ਕਰਨ ਦਾ ਇਲਜ਼ਾਮ ਲਗਾਇਆ ਗਿਆ ਸੀ।



ਸ਼ੁੱਕਰਵਾਰ ਨੂੰ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਵਿੱਜ ਅਤੇ ਪੁਲੀਸ ਅਧਿਕਾਰੀ ਦਰਮਿਆਨ ਕਈ ਮਿੰਟਾਂ ਤੱਕ ਜ਼ੋਰਦਾਰ ਸ਼ਬਦੀ ਅਦਾਨ-ਪ੍ਰਦਾਨ ਹੋਇਆ।

ਟਰਾਂਸਪੋਰਟ,ਊਰਜਾ ਅਤੇ ਕਿਰਤ ਮੰਤਰੀ ਨੇ ਇਲਜ਼ਾਮ ਲਾਇਆ ਕਿ ਪੁਲੀਸ ਅਧਿਕਾਰੀ ਨੇ ਧੋਖਾਧੜੀ ਦੇ ਇੱਕ ਮਾਮਲੇ ਵਿੱਚ ਜ਼ੀਰੋ ਐੱਫ.ਆਈ.ਆਰਦਰਜ ਕਰਨ ਦੇ ਉਨ੍ਹਾਂ ਦੇ ਪਿਛਲੇ ਨਿਰਦੇਸ਼ ਨੂੰ ਨਜ਼ਰਅੰਦਾਜ਼ ਕੀਤਾ ਸੀ। ਜ਼ੀਰੋ ਐੱਫ.ਆਈ.ਆਰ.ਕਿਸੇ ਵੀ ਪੁਲੀਸ ਸਟੇਸ਼ਨ ਵੱਲੋਂ ਦਰਜ ਕੀਤੀ ਜਾ ਸਕਦੀ ਹੈ,ਭਾਵੇਂ ਉਹ ਕਿਸੇ ਵੀ ਅਧਿਕਾਰ ਖੇਤਰਵਿੱਚ ਆਉਂਦਾ ਹੋਵੇ।

ਮੀਟਿੰਗ ਵਿੱਚ ਵਿੱਜ ਨੇ ਇੱਕ ਪੁਲੀਸ ਅਧਿਕਾਰੀ ਵੱਲ ਇਸ਼ਾਰਾ ਕਰਦੇ ਹੋਏ,ਉਸ ਨੂੰ ਵਾਰ-ਵਾਰ ਪੁੱਛਿਆ ਕਿ ਉਸ ਦੀਆਂ ਹਦਾਇਤਾਂ 'ਤੇ ਧਿਆਨ ਕਿਉਂ ਨਹੀਂ ਦਿੱਤਾ ਗਿਆ। ਮੰਤਰੀ ਇਸ ਮੁੱਦੇ 'ਤੇ ਸੁਪਰਡੈਂਟ ਆਫ਼ ਪੁਲੀਸ (ਐਸ.ਪੀ.) 'ਤੇ ਵੀ ਗੁੱਸੇ ਹੋ ਗਏ। ਵਿੱਜ ਨੇ ਐਸ.ਪੀ.ਨੂੰ ਕਿਹਾ,÷ਇਹ ਮੇਰੇ ਹੁਕਮ ਹਨ; ਮੇਰੇ ਹੁਕਮਾਂ ਦੀ ਅਣਦੇਖੀ ਕਿਵੇਂ ਕੀਤੀ ਜਾ ਸਕਦੀ ਹੈ?

ਉਨ੍ਹਾਂ ਦਾਅਵਾ ਕੀਤਾ ਕਿ ਇਹ ਮਾਮਲਾ ਸ਼ਿਕਾਇਤ ਨਿਵਾਰਨ ਕਮੇਟੀ ਦੇ ਸਾਹਮਣੇ ਆਇਆ,ਕਿਉਂਕਿ ਪੁਲੀਸ ਨੇ ਇਸ ਮਾਮਲੇ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਸੀ।

ਕਮਰੇ ਵਿੱਚ ਮੌਜੂਦ ਦੂਜੇ ਪੁਲਿਸ ਅਧਿਕਾਰੀ,ਜਿਨ੍ਹਾਂ 'ਤੇ ਵਿੱਜ ਆਪਣੇ ਨਿਰਦੇਸ਼ ਵੱਲ ਧਿਆਨ ਨਾ ਦੇਣ ਲਈ ਗੁੱਸੇ ਹੋਏ ਸਨ,ਨੇ ਦੱਸਣ ਦੀ ਕੋਸ਼ਿਸ਼ ਕੀਤੀ ਕਿ ਸ਼ਿਕਾਇਤ ਵਿੱਚ ਪ੍ਰਕਿਰਿਆ ਦੀ ਪਾਲਣਾ ਕੀਤੀ ਜਾ ਰਹੀ ਹੈ। ਪੁਲੀਸ ਅਧਿਕਾਰੀ ਨੇ ਵਿੱਜ ਨੂੰ ਦੱਸਿਆ ਕਿ ਸ਼ਿਕਾਇਤਕਰਤਾ ਨੇ ਉਨ੍ਹਾਂ ਨੂੰ ਦੱਸਿਆ ਕਿ ਉਹ ਆਪਣੀ ਸ਼ਿਕਾਇਤ ਚੰਡੀਗੜ੍ਹ ਵਿੱਚ ਅੱਗੇ ਵਧਾਉਣਾ ਚਾਹੁੰਦਾ ਹੈ ਅਤੇ ਉਸ ਨੇ ਕੈਥਲ ਪੁਲੀਸ ਨੂੰ ਇਹ ਇਰਾਦਾ ਜ਼ਾਹਰ ਕੀਤਾ ਸੀ।

# ਕਹਾਣੀ

## ਬਚਨ ਕੇ ਬਲੀ

-ਸੰਤ ਮੋਹਰ ਸਿੰਘ

"ਅਮਲੀ ਕੇਹਰਾ ਖਾਸਾ ਢਿੱਲਾ ਆ। ਓਨੂੰ ਦੇਖ ਈ ਆਈਂ ਤੇਰਾ ਤਾਂ ਦੋਸਤ ਆ" ਮੈਨੂੰ ਕਾਲਜੋਂ ਆਉਂਦਿਆਂ ਰਾਹ ਵਿਚ ਤਾਏ ਹਰਨਾਮੇ ਨੇ ਦੱਸਿਆ। ਮੈਂ ਕਈ ਦਿਨਾਂ ਤੋਂ ਪੇਪਰਾਂ ਕਾਰਨ ਕਿਧਰੇ ਬਾਹਰ ਨਹੀਂ ਸਾਂ ਨਿਕਲ ਸਕਿਆ। ਇਸ ਲਈ ਮੈਨੂੰ ਪਿੰਡ ਦੀ ਕੋਈ ਖਬਰ ਸਾਰ ਨਹੀਂ ਸੀ। ਮੈਨੂੰ ਕਿਹਰ ਸਿੰਘ ਦੀ ਬਿਮਾਰੀ ਬਾਰੇ ਸੁਣ ਕੇ ਹੈਰਾਨੀ ਹੋਈ। ਕੁਝ ਦਿਨ ਹੋਏ ਤਾਂ ਉਹ ਚੰਗਾ ਭਲਾ ਸੀ। ਹੁਣ ਢਿੱਲਾ ਕਿਵੇਂ ਹੋ ਗਿਆ?

ਪਿੰਡ ਵਿਚ ਉਸਨੂੰ ਸਾਰੇ ਲੋਕ ਹੀ ਨਫ਼ਰਤ ਕਰਦੇ ਸਨ। ਉਸਦੇ ਮੇਲੀ-ਗੇਲੀ ਅਮਲੀ ਭਰਾ ਤੇ ਸ਼ਾਇਦ ਇਕ ਮੈਂ ਉਸਨੂੰ ਪਿਆਰ ਕਰਨ ਵਾਲਾ ਸਾਂ। ਉਹ ਖਾਨਦਾਨੀ ਸਰਦਾਰ ਸੀ ਪਰ ਅਫੀਮ ਤੇ ਹੋਰ ਵਿਸ਼ੇ ਵਿਕਾਰਾਂ ਕਾਰਨ ਉਸਦੇ ਹਿੱਸੇ ਦੀ ਦੋ ਮਰਬੇ ਜ਼ਮੀਨ ਗਹਿਣੇ ਪੈ ਚੁੱਕੀ ਸੀ, ਜਿਸ ਕਾਰਨ ਉਹ ਸਰਦਾਰ ਕਿਹਰ ਸਿੰਘ ਤੋਂ ਮੇਹਰਾ ਅਮਲੀ ਬਣ ਕੇ ਰਹਿ ਗਿਆ।

ਕਿਹਰ ਸਿੰਘ ਛੇ ਫੁੱਟਾ ਜਵਾਨ ਸੀ। ਭਰਮਾ ਸਰੀਰ ਤੇ ਖੁਲ੍ਹਾ-ਡੁੱਲ੍ਹਾ ਕੁਰਤੇ ਤੇ ਪਜ਼ਾਮੇ ਉਸਨੂੰ ਹੋਰ ਵੀ ਦਰਸ਼ਨੀ ਬਣਾਉਂਦੇ ਸਨ। ਦਾੜ੍ਹੀ ਡਾਕੂਆਂ ਵਰਗੀ ਰੱਖੀ ਹੋਈ ਸੀ ਪਰ ਤੰਗਦਸਤੀ ਨੇ, ਉਮਰ ਨੇ, ਚਿੰਤਾ ਨੇ, ਉਹਦੇ ਮੂੰਹ 'ਤੇ ਕਮਜ਼ੋਰੀ ਤੇ ਬੁਢਾਪੇ ਦੀ ਮੋਹਰ ਲਗਾ ਦਿੱਤੀ ਸੀ। ਭਾਵੇਂ ਉਹ ਕਲਫ ਲਾ ਕੇ ਉਸਨੂੰ ਮਿਟਾਉਣ ਦੀ ਕੋਸ਼ਿਸ਼ ਕਰ ਰਿਹਾ ਸੀ ਪਰ ਹਕੀਕਤ ਤੋਂ ਤਾਂ ਇਨਕਾਰ ਨਹੀਂ ਨਾ ਕੀਤਾ ਜਾ ਸਕਦਾ।

ਮੈਨੂੰ ਜਦੋਂ ਵੀ ਵਿਹਲ ਮਿਲਦੀ ਮੈਂ ਕਿਹਰ ਸਿੰਘ ਪਾਸ ਜਾ ਬੈਠਦਾ। ਮੈਨੂੰ ਉਸਦੀਆਂ ਗੱਲਾਂ ਬੜੀਆਂ ਹੀ ਪਿਆਰੀਆਂ ਲੱਗਦੀਆਂ ਸਨ। ਉਹ ਮੈਨੂੰ ਆਖਦਾ, "ਓਇ ਪਾੜ੍ਹਿਆ। ਮੇਰੀ ਗੱਲ ਮਨ। ਸੋਲਾਂ ਜਮਾਤਾਂ ਪੜ੍ਹ ਕੇ ਹੀ ਸਾਹ ਲਈਂ। ਕੋਈ ਸਾਲਾ ਪਿੰਡ ਦਾ ਮੁੰਡਾ ਐਨਾ ਨਹੀਂ ਪੜ੍ਹਿਆ। ਫਿਰ ਉਹ ਆਪਣੇ ਲਈ ਪੋਸਤ ਵਾਲੀ ਚਾਹ ਬਣਾਉਂਦਾ ਤੇ ਬਾਅਦ ਵਿਚ ਮੇਰੇ ਲਈ ਪਤੀਲਾ ਸਾਫ਼ ਕਰਕੇ ਮੇਰੇ ਲਈ ਚਾਹ ਧਰ ਦਿੰਦਾ ਤੇ ਆਖਦਾ, "ਪੁੱਤ ਨਸ਼ਾ ਬੜੀ ਮਾੜੀ ਬਿਮਾਰੀ ਹੈ। ਸਾਲਾ ਕੱਚਾ ਕੋੜ ਵੀਆ। ਕਦੇ ਵੀ ਨਸ਼ਾ ਨਾ ਕਰੀਂ। ਅਸੀਂ ਤਾਂ ਸਾਲੇ ਦੀਨੇ ਨੇ ਮਾਰਤੇ।" ..ਤੇ ਜਦੋਂ ਵੀ ਮੈਂ ਉਸ ਪਾਸ ਜਾਂਦਾ ਉਹ ਇਹ ਨਸੀਹਤ ਕਰਦਾ ਕਿ ਨਸ਼ਾ ਕਦੇ ਨਾ ਕਰੀਂ। ਕਦੇ-ਕਦੇ ਲੋਰ ਵਿਚ ਆਇਆ ਹੁੰਦਾ ਤਾਂ ਆਪਣੇ ਲਾਹੌਰ ਦੇ ਦੌਰਿਆਂ ਬਾਰੇ ਗੱਲਾਂ ਛੇੜ ਬਹਿੰਦਾ। "ਪੱਤਰਾਂ ਮੈਂ ਤੇ ਦੀਨਾ, ਸਾਲੇ ਦਾ ਬੇੜਾ ਗਰਕ ਹੋਵੇ, ਦੋਵੇਂ ਹੀ ਇੱਥੋਂ ਲਾਹੌਰ ਨੂੰ ਜਾਂਦੇ ਹਨ। ਪੂਰੀ ਟੌਹਰ ਕੱਢ ਕੇ, ਜਾ ਕੇ ਫੀਮ ਲੈ ਕੇ ਟੀਰੇ ਰਹਿਮਤੇ ਦੀ ਦੁਕਾਨ ਤੋਂ ਚਾਹ ਬਣਵਾ ਕੇ ਮਾਵਾ ਛੱਕਦੇ ਤੇ ਫਿਰ ਕੰਡੇ ਹੋ ਕੇ ਹੀਰਾ ਮੰਡੀ ਜਾਂਦੇ। ਕਿਆ ਬਾਤਾਂ ਨੇ ਉੱਥੇ ਦੀ ਰੌਣਕ ਦੀਆਂ। ਰਾਤਾਂ ਨੂੰ ਲਟੂਆਂ ਨਾਲ ਦਿਨ ਚੜ੍ਹਿਆ ਹੁੰਦਾ। ਚੁਬਾਰਿਆਂ ਵਿਚ ਸੱਜੀ ਬੈਠੀਆ ਰੰਨਾਂ ਪਰੀਆ ਲੱਗਦੀਆਂ। ਅਸੀਂ ਬਾਜ਼ਾਰ ਵਿਚ ਪੰਜ-ਚਾਰ ਗੇੜੇ ਮਾਰਦੇ। ਦੱਲੇ ਮਗਰ-ਮਗਰ ਤਰਲੇ ਕਰਦੇ ਫਿਰਦੇ ਤੇ ਰਾਤ ਨੂੰ ਸੌ ਰੁਪਏ ਗਾਲ ਸਵੇਰੇ ਭੱੜਾ ਜਿਹਾ ਮੂੰਹ ਬਣਾ ਕੇ ਲੱਤਾ ਘਸੀਟਦੇ ਵਾਪਸ ਆ ਜਾਂਦੇ।"

"ਪੁੱਤਰ ਆਖੇਂਗਾ ਸਾਲਾ ਤਾਇਆ ਕੈਸੀਆਂ ਗਲਾਂ ਕਰਦਾ ਏ। ਸੌ ਗਾਲਾਂ ਲੀਡਰਾਂ ਨੂੰ ਕੱਢੀਆਂ ਜਿਨ੍ਹਾਂ ਨੇ ਪਾਕਿਸਤਾਨ ਬਣਾ ਕੇ ਹੀ ਜਾਨ ਸਿਹਾ ਲਿਆ।

ਜਦੋਂ ਉਸਦਾ ਹੱਥ ਤੰਗ ਹੁੰਦਾ ਤਾਂ ਉਹ ਦੀਨੇ ਅਮਲੀ ਨੂੰ ਮੰਦਾ ਚੰਗਾ ਆਖਦਾ ਤੇ ਦੁੱਖੀ ਹੋ ਕੇ ਆਪਣੀ ਬੀਤ ਗਈ ਜ਼ਿੰਦਗੀ ਦੇ ਕਿੱਸੇ ਛੇੜ ਬਹਿੰਦਾ। ਆਖਦਾ, "ਪੁੱਤਰਾਂ ਮੈਨੂੰ ਤਾਂ ਕੰਨ ਰੱਸ ਨੇ ਮਾਰ ਲਿਆ। ਮੈਂ ਦੀਨੇ ਪਾਸ ਜਾ ਬੈਠਦਾ। ਉਹ ਸਾਲਾ ਗਾਲੜੀ ਬੜਾ ਸੀ। ਉਸਨੇ ਆਪਣੇ ਕੋਲੋਂ ਨਸ਼ਾ ਪਾਣੀ ਦੇਣਾ ਤੇ ਕਹਿਣਾ ਖਾ ਲੈ, ਚੰਗਾ ਰਹੇਂਗਾ। ਜਿਹੜੇ ਅਮਲ ਨਹੀਂ ਕਰਦੇ ਉਨ੍ਹਾਂ ਬਾਰੇ ਗੁਰਾਂ ਨੇ ਲਿਖਿਆ ਹੈ:

"ਜਿੰਨਾ ਭੰਗ ਨਾ ਪੀਤੀ,<br>ਫੀਮ ਨਾ ਲਾਇਓ ਹੇਤ<br>ਆਪ ਨਰਕ ਨੂੰ ਜਾਣਗੇ<br>ਇੱਕੀ ਕੁਲਾਂ ਸਮੇਤ"

ਅਸੀਂ ਆਪਣੀਆਂ ਨਿੱਕੀਆਂ ਕੁੱਲਾਂ ਨੂੰ ਨਰਮ ਤੋਂ ਬਚਾਉਣ ਲੱਗੇ ਆਪ ਹੀ ਨਰਕ ਵਿਚ ਜਾ ਪਏ। ਤੈਨੂੰ ਇੱਕ ਗੱਲ ਹੋਰ ਸੁਣਾਵਾਂ, ਇੱਕ ਰਾਤ ਮੈਂ 'ਕੱਲਾ ਹੀ ਲਾਹੌਰ ਜਾ ਵੜਿਆ ਇੱਕ ਚੁਬਾਰੇ ਵਿਚ। ਉਥੇ ਵੀਹ-ਬਾਈ ਵਰ੍ਹਿਆਂ ਦੀ ਜਵਾਨ ਤੀਵੀਂ ਬੈਠੀ ਸੀ ਜਿਸਦਾ ਨਾ ਸੀ ਹੁਸਨ ਬਾਨੋ। ਮੈਨੂੰ ਦੇਖਦਿਆਂ ਲੱਗਾ ਕਿ ਇਹ ਤਾਂ ਮੇਰੀ ਜਨਮਾਂ ਦੀ



ਵਾਕਫ਼ ਹੈ। ਉਹ ਵੀ ਦੇਖ ਕੇ ਮੋਹੀ ਜਿਹੀ ਗਈ। ਅਸੀਂ ਸਾਰੀ ਰਾਤ ਗੱਲਾਂ ਕਰਦੇ ਰਹੇ। ਸਵੇਰੇ ਮੈਂ ਉਸਨੂੰ ਪੈਸੇ ਪੁੱਛੇ ਤੇ ਆਖਣ ਲੱਗੀ, "ਆਪਣਿਆਂ ਤੋਂ ਕਾਹਦੇ ਪੈਸੇ ਤੇ ਫਿਰ ਮੈਂ ਜਿੰਨੀ ਵਾਰੀ ਲਾਹੌਰ ਗਿਆ ਉਸਨੇ ਸੌਂ ਰੱਬ ਦੀ ਇੱਕ ਧੇਲਾ ਵੀ ਨਹੀਂ ਲਿਆ। ਪਾਕਿਸਤਾਨ ਬਣ ਗਿਆ। ਅਸੀਂ ਵਿਛੜ ਗਏ। ਮੈਨੂੰ ਕਈ ਵਾਰੀ ਲੱਗਦਾ ਹੈ ਕਿ ਉਹ ਤਾਂ ਮੇਰੀ ਘਰਵਾਲੀ ਸੀ। ਬੜਾ ਪਿਆਰ ਕਰਦੀ ਸੀ। ਹੁਣ ਵੀ ਮਨ ਭਰ ਆਉਂਦਾ ਏ।" ..ਤੇ ਤਾਏ ਦੀਆਂ ਅੱਖਾਂ ਭਰ ਆਈਆਂ ਉਨ੍ਹਾਂ ਸੌ-ਸਾਲੀ ਬੜੀ ਕੋਸ਼ਿਸ਼ ਕੀਤੀ। "ਨਸ਼ਾ ਛੱਡਿਆ ਹੀ ਨਹੀਂ ਜਾਂਦਾ।" ਫਿਰ ਪਛਤਾਵੇ ਕਾਰਨ ਉਹਦੇ ਚਿਹਰੇ ਦੇ ਅੰਤਾਂ ਦੀ ਉਦਾਸੀ ਛਾ ਜਾਂਦੀ।

ਮੈਂ ਕਿਤਾਬਾਂ ਘਰ ਰੱਖ ਕੇ ਤਾਏ ਵੱਲ ਚੱਲ ਪਿਆ। ਪੁੱਜਾ ਤਾਂ ਦੇਖਿਆ ਕਿ ਉਹਦੀ ਕਾਫੀ ਬੁਰੀ ਹਾਲਤ ਸੀ। ਉਹਦੇ ਪਾਸ ਅਮਲੀ ਭਰਾ ਪੁੱਜੇ ਹੋਏ ਸਨ ਤੇ ਦੇਖ ਭਾਲ ਕਰ ਰਹੇ ਸਨ। ਸਾਰੇ ਜ਼ੋਰ ਦੇ ਰਹੇ ਸਨ ਕੀ ਇੱਕ ਦਮ ਨਸ਼ਾ ਨਹੀਂ ਛੱਡ ਹੁੰਦਾ। ਹੌਲੀ-ਹੌਲੀ ਛੱਡ ਦੇਂਈ। ਅਮਲੀ ਤਾਰਾ ਕਾਣਾ ਕਹਿ ਰਿਹਾ ਸੀ ਇਹ ਵੀ ਕੀ ਹੋਇਆ ਕਿ ਇੱਕ ਦਿਨ ਵਿਚ ਹੀ ਫੀਮ ਛੱਡਣੀ ਆਂਉਂ ਕੰਜਰਿਆ ਭੋਰਾ ਕੁ ਲੈ ਲਾ ਠੀਕ ਹੋ ਜਾਵੇਗਾ ਤੇ ਜੇ ਇਉਂ ਅੜਿਆ ਰਿਹਾ ਤਾਂ ਕਿਧਰੇ ਰੱਬ ਦੇ ਘਰ ਹੀ ਨਾ ਜਾਣਾ ਪੈ ਜਾਏ। "ਪਰ ਤਾਏ ਨੇ ਇੱਕੋ ਨੰਨਾ ਫੜਿਆ ਹੋਇਆ ਸੀ। ਮੈਨੂੰ ਉਸਦੀ ਗੰਭੀਰ ਹਾਲਤ ਨੇ ਕਾਫੀ ਉਦਾਸ ਕਰ ਦਿੱਤਾ ਉਹ ਮਰਨ ਕਿਨਾਰੇ ਸੀ। ਸ਼ਾਮ ਪੈ ਗਈ ਸਾਰੇ ਹੌਲੀ-ਹੌਲੀ ਤੁਰਦੇ ਬਣੇ। ਮੈਂ ਲਾਲਟੈਨ ਜਗਾਈ ਤੇ ਤਾਏ ਪਾਸ ਬੈਠ ਕੇ ਪੁੱਛਿਆ, "ਤਾਇਆ! ਕੀ ਹੋ ਗਿਆ ਨਸ਼ਾ ਇੱਕ ਦਮ ਛੱਡ ਦਿੱਤਾ।"

ਤਾਏ ਨੇ ਬੜੇ ਔਖੇ ਹੋ ਕੇ ਪਾਸਾ ਲਿਆ ਤੇ ਆਖਣ ਲੱਗਾ "ਪੁੱਤ ਇਹ ਸਾਲਾ ਨਸ਼ਾ ਬੜੀ ਮਾੜੀ ਸ਼ੈਅ ਆ। ਇਸਦੇ ਪਿੱਛੇ ਆਦਮੀ ਭੈਣ ਦੇਣਾ ਆਣੀ ਇੱਜ਼ਤ ਵੀ ਵੇਚਣੋ ਨਹੀਂ ਝਿਜਕਦਾ।" ਫਿਰ ਹੌਲੀ ਜਿਹੀ ਪਾਸਾ ਲੈ ਕੇ ਆਖਣ ਲੱਗਾ "ਗੱਲ ਅਸਲ ਵਿਚ ਹੋਈ ਆ ਕਿ ਘੋਨਾ ਘੁਮਾਰ ਆਨਾ। ਆਪਣੇ ਅਹੁਦੇ ਨਾਲ ਵਾਹ-ਵਾਹ ਸਾਂਝ ਆ। ਕਦੇ ਕਦੇ ਟੌਖੇ ਵੇਲੇ ਮੈਥੋਂ ਭੋਰਾ ਫੀਮ ਮੰਗ ਲੈਂਦਾ। ਉਹਨੇ ਸ਼ਾਲੇ ਨੇ ਬੇਸ਼ਰਮੀ ਦੀ ਹੱਦ ਹੀ ਕਰਤੀ। ਅੱਜ! ਦਿਨੇ ਆਪਣੀ ਵੱਡੀ ਕੁੜੀ ਮੰਗੋ ਇੱਥੇ ਭੇਜੀ ਜਾਹ ਤਾਏ ਤੋਂ ਫੀਮ ਮੰਗ ਲਿਆ। ਤੈਨੂੰ ਪਤਾ ਆਪਣੇ ਕੋਲ ਵੀਹ ਕੁੱਤੇ ਮਲੰਗ ਆਏ ਰਹਿੰਦੇ ਆ। ਮੈਨੂੰ ਸਾਲੇ ਘੋਨੇ ਤੇ ਬੜਾ ਹੀ ਗੁੱਸਾ ਆਇਆ ਕਿ ਸਾਲਿਆ ਲੰਡੇ ਦਿਆ ਆਪ ਆ ਕੇ ਮਰ। ਕੁੜੀ ਕਾਹਨੂੰ ਭੇਜੀ ਆ। ਮੈਂ ਗੁੱਸੇ ਵਿਚ ਬਕੜਵਾਹ ਮਾਰੀ ਤੇ ਕੁੜੀ ਨੂੰ ਆਖਿਆ "ਉਹ ਨੂੰ ਕੰਜਰ ਦੇ ਨੂੰ ਕਹੀਂ ਤਾਇਆ ਕਹਿੰਦਾ ਸੀ ਪਹਿਲਾਂ ਆਪਣੀ ਕੁੜੀ ਨੂੰ ਮੇਰੇ ਪਾਸ ਰਾਤ ਕੱਟਣ ਲਈ ਭੇਜ।"

ਕੁਝ ਚਿਰ ਪਿੱਛੋਂ ਕੁੜੀ ਆ ਗਈ ਤੇ ਨੀਵੀਂ ਪਾ ਕੇ ਖੜੋਤੀ ਰੋਣਹਾਕੀ ਹੋ ਕੇ ਕਹਿਣ ਲੱਗੀ, "ਤਾਇਆ ਬਾਪੂ ਕਹਿੰਦਾ ਆ ਕਿ ਤੂੰ ਤਾਏ ਪਾਸ ਰਾਤ ਕੱਟ ਆ ਤੇਰਾ ਕਿਹੜਾ ਕੁਝ ਘੱਸ ਜਾਣਾ ਆ ਪਰ ਫੀਮ ਜ਼ਰੂਰ ਲਿਆ ਦੇ।"

"ਪੁੱਤ ਮੈਨੂੰ ਲੱਗਾ ਜਿਵੇਂ ਮੇਰੇ ਕਿਸੇ ਨੇ ਬਰਛਾ ਮਾਰਿਆ ਹੋਵੇ। ਮੈਂ ਕਿਹਾ ਧੀਏ ਆ ਲੈ ਸਾਰੀ ਫੀਮ ਲੈ ਜਾ। ਆਪਣੇ ਬਾਪੂ ਨੂੰ ਦੇ ਦੇਂਵੀ।"

"ਬੱਸ ਪੁੱਤ ਸੋਚ ਲਿਆ ਐਸੇ ਨਸ਼ੇ ਖਾ ਕੇ ਜੀਣ ਨਾਲੋਂ ਤਾਂ ਮਰਨਾ ਚੰਗਾ ਹੈ। ਬੰਦਾ ਨਸ਼ੇ ਪਿੱਛੇ ਕਿੰਨਾ ਕਮੀਨਾ ਹੋ ਜਾਂਦਾ ਹੈ। ਹੁਣ ਤਾਂ ਰੱਬ ਆਸਰੇ ਆਂ ਗੁਰੂ ਭਲੀ ਕਰੂ। ਆਪਣੇ ਕਰਮਾਂ ਦੀ ਸਜ਼ਾ ਭੁਗਤਾਂਗੇ।" ਮੈਂ ਸੁੰਨ ਹੋਇਆ ਸਾਰੀ ਗੱਲ ਸੁਣਦਾ ਰਿਹਾ। ਰਾਤ ਕਾਫ਼ੀ ਬੀਤ ਗਈ ਸੀ। ਤਾਏ ਨੇ ਬਦੋ-ਬੱਦੀ ਮੈਨੂੰ ਘਰ ਭੇਜ ਦਿੱਤਾ। ਸਵੇਰੇ ਉਠਦਿਆਂ ਹੀ ਮੈਂ ਤਾਏ ਦੇ ਘਰ ਖਬਰ ਲੈਣ ਲਈ ਪੁੱਜਾ। ਅਮਲੀ ਇੱਕਠੇ ਹੋਏ ਫੂੜ੍ਹੀ ਵਿਛਾਈ ਅਫਸੋਸ ਕਰ ਰਹੇ ਸਨ। ਤਾਇਆ ਬੜਾ ਹੀ ਸ਼ਾਂਤ ਤੇ ਸੰਤੁਸ਼ਟ ਮਾਂਹ ਮਾਨਵਾਂ ਵਾਂਗ ਸਦਾ ਦੀ ਨੀਂਦ ਸੁੱਤਾ ਪਿਆ ਸੀ।

# ਪ੍ਰੀਤਮ

"ਸਰਦਾਰ ਜੀ ਮੈਂ ਪ੍ਰੀਤਮ ਨੂੰ ਕਈ ਕਈ ਆਵਾਜ਼ਾਂ ਮਾਰਦੀ ਹਾਂ ਤਾਂ ਕਿਧਰੇ ਜਾ ਕੇ ਇਹ ਹੁੰਗਾਰਾ ਦਿੰਦਾ ਏ। ਬਸ ਬਾਂਦਰਾ ਵਾਗੂੰ ਮੇਰੀ ਆਵਾਜ਼ ਸੁਣ ਕੇ ਬਾਹਰ ਨੂੰ ਝਾਕੀ ਜਾਂਦੈ ਜਾਂ ਨੀਵੀਂ ਪਾਈ ਬੈਠਾ ਰਹਿੰਦੇ। ਜੇਕਰ ਤੁਸੀਂ ਇਸ ਨੂੰ ਕੁਝ ਨਹੀਂ ਕਹਿਣਾ ਜਾਂ ਕੋਈ ਐਕਸ਼ਨ ਨਹੀਂ ਲੈਣਾ ਤਾਂ ਮੈਨੂੰ ਹੋਰ ਕਿਸੇ ਬ੍ਰਾਂਚ ਵਿਚ ਬਦਲ ਦਿਓ" ਅੱਜ ਨਰਿੰਦਰ ਬੜੀ ਦੁੱਖੀ ਹੋਈ ਆਖ ਰਹੀ ਸੀ।

ਅਸਲ ਵਿਚ ਪ੍ਰੀਤਮ ਬਾਰੇ ਇਹ ਸ਼ਿਕਾਇਤ ਆਮ ਸੀ। ਮੈਂ ਉਸਨੂੰ ਬੁਲਾਉਂਦਾ ਤੇ ਝਾੜਦਾ। ਉਹ ਬੜੀ ਅਧੀਨਗੀ ਨਾਲ ਬੇਨਤੀ ਕਰਦਾ ਆਖਦਾ :

"ਸਰਦਾਰ ਜੀ ਮੈਥੋਂ ਗਲਤੀ ਹੋ ਗਈ ਹੈ। ਮੈਂ ਕਿਧਰੇ ਹੋਰ ਵੀ ਗੁੰਮਿਆਂ ਹੋਇਆ ਸਾਂ। ਮੇਰਾ ਧਿਆਨ ਹੋਰ ਕਿਧਰੇ ਸੀ।" ਤੇ ਉਹ ਮੇਰੇ ਪੈਰੀਂ ਪੈ ਜਾਂਦਾ।

ਮੈਂ ਚੁੱਪ ਕਰ ਜਾਂਦਾ। ਪ੍ਰੀਤਮ ਮੇਰੀ ਬ੍ਰਾਂਚ ਦਾ ਚਪੜਾਸੀ ਹੈ। ਕੱਦ ਮਸਾਂ ਸਾਢੇ ਚਾਰ ਫੁੱਟ ਹੋਣਾ ਹੈ। ਸਰੀਰ ਬੜਾ ਮਾੜਾ ਜਿਹਾ ਤੇ ਰੰਗ ਤਵੇ ਦਾ ਦੂਜਾ ਪਾਸਾ।

ਰੋਜ਼ ਸਵੇਰੇ ਭੰਗ ਦੇ ਗੱਫੇ ਲਾ ਕੇ ਦਫਤਰ ਆਉਂਦਾ ਤੇ ਸਾਰਾ ਦਿਨ ਗੱਲਾਂ ਮਾਰਦਾ ਰਹਿੰਦਾ। ਆਪਣੇ ਜਵਾਨੀ ਦੇ ਦਿਨਾਂ ਦੀਆਂ, ਆਪਣੇ ਪਾਕਿਸਤਾਨ ਵਿਚ ਰਹਿ ਗਏ ਵੱਡੇ ਸਾਰੇ ਮਕਾਨ ਦੀਆਂ ਹੀਰਾ ਮੰਡੀ ਦੀਆਂ ਕੰਜਰੀਆਂ ਦੀਆਂ ਤੇ ਹੋਰ ਪਤਾ ਨਹੀਂ ਕਿੰਨੀਆਂ ਹੀ।

ਕਈ ਵਾਰ ਉਹ ਮੇਰੀ ਕੋਠੀ ਆ ਕੇ ਵਿਹੜੇ ਦਾ ਸਾਰਾ ਘਰ ਫੂਸ ਸਾਫ ਕਰ ਦਿੰਦਾ ਤੇ ਫੁੱਲ ਆਦਿ ਬੀਜ ਜਾਂਦਾ। ਉਹ ਦਫਤਰ ਦੇ ਹੋਰ ਅਫਸਰਾਂ ਤੇ ਬਾਬੂਆਂ ਦੇ ਘਰ ਜਾਂਦਾ ਤੇ ਵੀਹ ਵੀਹ ਕੰਮ ਸਵਾਰਦਾ। ਮੈਨੂੰ ਉਸ ਨਾਲ ਹਮਦਰਦੀ ਸੀ ਜਿਸ ਕਰਕੇ ਮੈਂ ਉਸ 'ਤੇ ਕੋਈ ਐਕਸ਼ਨ ਨਾ ਲੈਂਦਾ।

ਪਰ ਅੱਜ ਤਾਂ ਹੱਦ ਹੀ ਹੋ ਗਈ। ਪ੍ਰੀਤਮ ਦੀ ਸ਼ਿਕਾਇਤ ਲਿਖਤੀ ਰੂਪ ਵਿਚ ਮੇਰੇ ਪਾਸ ਪੁੱਜ ਗਈ। ਅਰਜ਼ੀ



ਤੇ ਨਰਿੰਦਰ, ਮਨਜੀਤ, ਪਾਲੀ, ਬਲਜੀਤ ਆਦਿ ਸਾਰੀਆਂ ਕੁੜੀਆਂ ਦੇ ਦਸਤਖ਼ਤ ਸਨ। ਲਿਖਿਆ ਹੀ "ਪ੍ਰੀਤਮ ਨੂੰ ਬਦਲੋ ਜਾਂ ਸਾਡੀਆਂ ਸਾਰੀਆਂ ਦੀ ਬਦਲੀ ਕਰੋ। ਜੇਕਰ ਤੁਸੀਂ ਦੋ ਦਿਨਾਂ ਵਿਚ ਕੋਈ ਐਕਸ਼ਨ ਨਾ ਲਿਆ ਤਾਂ ਅਸੀਂ ਚੀਫ ਇੰਜਨੀਅਰ ਸਾਹਿਬ ਪਾਸ ਪੇਸ਼ ਹੋ ਕੇ ਆਪਣਾ ਦੁੱਖ ਦੱਸਾਂਗੀਆਂ।"

ਮੈਂ ਪ੍ਰੀਤਮ ਨੂੰ ਸੱਦਿਆ ਤੇ ਉਸ ਦੀ ਬਠਿੰਡੇ ਦੀ ਬਦਲੀ ਦੇ ਆਰਡਰ ਉਹ ਹੱਥ ਫੜਾ ਦਿੱਤੇ। ਉਹ ਮੇਰੇ ਪੈਰ ਫੜ ਕੇ ਬੈਠ ਗਿਆ। ਮੈਂ ਬੜੇ ਯਤਨ ਕੀਤੇ ਪਰ ਉਹ ਨੇ ਪੈਰ ਨਾ ਛੱਡੇ। "ਮਾਈ ਬਾਪ ਤੁਸੀਂ ਬਖਸ਼ੋ। ਮੈਂ ਅੱਗੋਂ ਤੋਂ ਅਜਿਹੀ ਗਲਤੀ ਨਹੀਂ ਕਰਦਾ।" ਉਹ ਵਾਰ ਵਾਰ ਆਖ ਰਿਹਾ ਸੀ।

ਆਖਿਰ ਮੈਂ ਸੱਦ ਕੇ ਪੁੱਛਿਆ "ਓਏ ਸੱਚ ਸੱਚ ਦੱਸ ਉਨ੍ਹਾਂ ਦੀਆਂ ਆਵਾਜ਼ਾਂ ਸੁਣ ਕੇ ਮਚਲਾ ਹੋਇਆ ਕਿਉਂ ਬੈਠਾ ਰਹਿੰਦੈਂ।"

ਉਸ ਦੀਆਂ ਅੱਖਾਂ 'ਚੋਂ ਅਥਰੂ ਵਹਿ ਰਹੇ ਸਨ ਤੇ ਉਹ ਬੜੀ ਅਧੀਨਗੀ ਨਾਲ ਆਖਣ ਲਗਾ।

"ਸਰਦਾਰ ਜੀ ਸੱਚ ਦੱਸਾਂ?"

"ਹੋਰ ਮੈਂ ਤੈਥੋਂ ਝੂਠਾ ਪੁੱਛ ਰਿਹਾਂ" ਮੈਂ ਖਿਝ ਕੇ ਆਖਿਆ।

"ਅਸਲ 'ਚ ਸਰਦਾਰ ਜੀ ਗੱਲ ਇਹ ਹੈ ਕਿ ਜਦੋਂ ਇਹ ਪ੍ਰੀਤਮ ਪ੍ਰੀਤਮ ਕਹਿੰਦੀਆਂ ਨੇ ਤਾਂ ਮੈਨੂੰ ਬੜੀਆਂ ਚੰਗੀਆਂ ਲੱਗਦੀਆਂ ਨੇ। ਸੋਚਦਾ ਮਸੀਂ ਕਿਸੇ ਨੇ ਪ੍ਰੀਤਮ ਕਹਿ ਕੇ ਆਵਾਜ਼ ਮਾਰੀ ਏ. ਇਕ ਵਾਰੀ ਫੇਰ ਆਖ ਲਏ ਫਿਰ ਹੀ ਜਾਵਾਂਗਾ। ਇਹ ਲਾਲਚ ਕਰਕੇ ਨਹੀਂ ਬੋਲਦਾ।" ਮੈਂ ਹੈਰਾਨ ਬੈਠਾ ਸੋਚ ਰਿਹਾ ਸਾਂ ਕਿ ਕੀ ਕਰਾਂ?

## ਜ਼ਰੂਰੀ ਕੰਮ

ਉਹ ਏਅਰ ਕੰਡੀਸ਼ਨ ਕਮਰੇ ਵਿਚ ਬੈਠੇ ਸਮਾਜਵਾਦੀ ਸਰਕਾਰ ਲਿਆਉਣ ਲਈ ਸੋਚ ਰਹੇ ਸਨ। ਇੰਨੇ ਵਿਚ ਦਰਵਾਜ਼ਾ ਖੁੱਲ੍ਹਾ ਤੇ ਇਕ ਬੁੱਢੇ ਆਦਮੀ ਨੇ ਤਰਲੇ ਨਾਲ ਕਿਹਾ, "ਤਿੰਨ ਦਿਨ ਤੋਂ ਭੁੱਖਾ ਹਾਂ। ਈਸ਼ਵਰ ਦੇ ਨਾਮ 'ਤੇ ਖਾਣਾ ਖੁਆ ਦਿਓ।"

ਚਾਰੋਂ ਇਕ ਆਵਾਜ਼ 'ਚ ਬੋਲੇ, "ਮਾਫ਼ ਕਰਨਾ ਬਾਬਾ, ਅਸੀਂ ਜ਼ਰੂਰੀ ਕੰਮ ਕਰ ਰਹੇ ਹਾਂ।

# ਮਿੰਨੀ ਕਹਾਣੀਆਂ

## ਜ਼ਿੰਦਗੀ ਤੇ ਮੌਤ

ਜ਼ਿੰਦਗੀ ਨੇ ਮੌਤ ਨੂੰ ਸਵਾਲ ਕੀਤਾ, "ਤੂੰ ਕੀ ਹੈ? ਤੈਨੂੰ ਤਾਂ ਕੋਈ ਵੀ ਨਹੀਂ ਲੋੜਦਾ। ਬੱਚੇ, ਬੁੱਢੇ ਤੇ ਜਵਾਨ ਸਭ ਤੈਨੂੰ ਨਫਰ ਕਰਦੇ ਹਨ। ਹਰ ਕੋਈ ਤੇਰੇ ਤੋਂ ਦੂਰ ਭੱਜਦਾ ਹੈ ਤੇ ਤੇਰੇ ਤੋਂ ਪਿੱਛਾ ਛੁਡਾਉਣਾ ਚਾਹੁੰਦਾ ਹੈ। ਆਖਰ ਤੂੰ ਕੀ ਹੈ?" "ਦੇਖ ਮੈਨੂੰ ਸਾਰੇ ਗਲੇ ਲਗਾਉਂਦੇ ਹਨ ਪਰ ਤੈਨੂੰ?" ਮੌਤ ਬੋਲ, "ਤੂੰ ਕੀ ਐਂ, ਤੈਨੂੰ ਨੀ ਪਤਾ ਕਈ ਲੋਕ ਮੇਰੇ ਲਈ ਦੁਆਵਾਂ ਕਰਦੇ ਨੇ।

ਯਕੀਨ ਨਹੀਂ ਆਉਂਦਾ ਤਾਂ ਆ ਤੈਨੂੰ ਦਿਖਾਵਾਂ। ਉਹ ਦੇਖ, ਇਕ ਨੌਜਵਾਨ ਬੇਰੁਜ਼ਗਾਰੀ ਤੋਂ ਤੰਗ ਆ ਕੇ ਮੈਨੂੰ ਬੁਲਾ ਰਿਹਾ ਹੈ। ਉਹ ਦੇਖ, ਇਕ ਵਿਧਵਾ ਇਸ ਸਮਾਜ ਦੇ ਭੈੜੇ ਵਤੀਰੇ ਤੋਂ ਦੁਖੀ ਹੋ ਕੇ ਨਦੀ ਵਿਚ ਡੁੱਬ ਕੇ ਮੇਰੀ ਗੋਦ ਵਿਚ ਬੈਠਣ ਆ ਰਹੀ ਹੈ ਤੇ ਉਹ ਦੇਖ, ਇਕ ਬੁੱਢਾ ਜੋ ਆਪਣੇ ਪੁੱਤ ਦੇ ਭੈੜੇ ਵਿਵਹਾਰ ਤੋਂ ਪ੍ਰੇਸ਼ਾਨ ਹੋ ਕੇ ਰੱਬ ਤੋਂ ਮੈਨੂੰ ਹੀ ਮੰਗ ਰਿਹਾ ਹੈ ਤੇ ਆ ਹੋਰ ਵਿਖਾਵਾਂ ਉਹ ਕਿਸਾਨ ਜਿਹੜਾ ਕਰਜ਼ੇ ਦੀ ਮਾਰ ਹੇਠ ਆਇਆ ਮੇਰੇ ਕੋਲ ਪਹੁੰਚਣ ਦੀ ਤਿਆਰੀ ਕਰ ਰਿਹੈ.. ਤੇ ਉਹ ਦੇਖ ...ਤੇ।" ਹੁਣ ਜ਼ਿੰਦਗੀ ਚੁੱਪ ਸੀ।

-ਮਨਪ੍ਰੀਤ ਕੌਰ

## ਸੰਤੁਸ਼ਟੀ

"ਸਾਰੇ ਪਾਸੇ ਖਿਲਾਰਾ ਪਿਐ, ਇਥੇ ਰੇਤ ਖਿਲਰੀ ਆ। ਉਧਰ ਮਿੱਟੀ ਤੇ ਏਥੇ ਆਹ ਇੱਟਾਂ।" ਗਲੀ ਵਿਚ ਆਉਂਦਿਆਂ ਹੀ ਜਮਾਂਦਾਰ ਚੀਕਣ ਲੱਗਾ। ਆਲੇ-ਦੁਆਲੇ ਦੇ ਲੋਕਾਂ ਨੇ ਉਸ ਨੂੰ ਮੈਦਾਨ ਬਣਵਾ ਰਹੇ ਗੁਰਜੀਤ ਦੇ ਵਿਰੁੱਧ ਹੋਰ ਭੜਕਾ ਦਿੱਤਾ। "ਮਹੀਨਾ ਹੋ ਚੱਲਿਆ ਹੈ ਸਾਨੂੰਵੀ ਸਹਿੰਦਿਆਂ, ਇਹ ਤਾਂ ਸਾਮਾਨ ਚੁਕਾਂਦੇ ਹੀ ਨਹੀਂ।" ਤੇ ਭੜਕਿਆ ਜਮਾਂਦਾਰ ਅਜੇ ਗਾਲ੍ਹਾਂ ਕੱਢਣ ਲੱਗਾ ਸੀ ਕਿ ਗੁਰਜੀਤ ਨੇ ਉਸ ਨੂੰ ਅੰਦਰ ਬੁਲਾ ਲਿਆ। "ਓ ਕੀ ਕਰੀਏ ਯਾਰ, ਜਦ ਤੱਕ ਕੰਮ ਚਲਦਾ ਬਸ ਉਦੋਂ ਤੱਕ ਈ..ਫੇਰ ਚੁਕਾ ਦਿਆਂਗੇ।" ਤੇ ਉਸ ਨੇ ਦਸ-ਦਸ ਦੇ ਚਾਰ ਨੋਟ ਉਸ ਨੂੰ ਫੜਾਂਦਿਆਂ ਕਿਹਾ, "ਆਹ ਲੈ ਚਾਹ ਪੀ ਲਈ ਸਾਡੇ ਵਲੋਂ" ਤੇ ਜਮਾਂਦਾਰ ਹਸਦਿਆਂ ਬਾਹਰ ਆ ਗਿਆ। ਹੁਣ ਉਸ ਨੂੰ ਕੋਈ ਗਿਲਾ ਨਹੀਂ ਸੀ ਪਰ ਉਹ ਥੜੇ 'ਤੇ ਬੈਠਾ ਸਿਗਰਟ ਪੀਣ ਵਿਚ ਮਸਦ ਸੀ।

## ਰਾਹ

ਬੱਸ ਵਿਚ ਕਾਫੀ ਭੀੜ ਹੋ ਚੁੱਕੀ ਸੀ ਪਰ ਕੰਡਕਰ ਅਜੇ ਹੋਰ ਸਵਾਰੀਆਂ ਲਈ ਰੌਲਾ ਪਾ ਰਿਹਾ ਸੀ। ਗਰਮੀ ਦੇ ਮੌਸਮ ਕਰਕੇ ਅੰਦਰ ਬੈਠੀਆਂ ਸਵਾਰੀਆਂ ਹਾਲੋ-ਬੇਹਾਲ ਹੋ ਰਹੀਆਂ ਸਨ। ਹਰ ਕੋਈ ਗਰਮੀ ਤੋਂ ਨਿਜਾਤ ਪਾਉਣ ਦਾ ਆਪਣਾ-ਆਪਣਾ ਢੰਗ ਵਰਤ ਰਿਹਾ ਸੀ। ਕੋਈ ਰੁਮਾਲ ਦੀ ਝੱਲ ਮਾਰਦਾ ਤੇ ਕੋਈ ਆਪਣੀ ਹੱਥ ਵਿਚ ਫੜੀ ਕਾਪੀ ਜਾਂ ਫਾਈਲ ਦੀ ਪੱਖੀ ਬਣਾ ਹਵਾ ਲੈ ਰਿਹਾ ਸੀ। ਮੇਰੇ ਤੋਂ ਅਗਲੀ ਸੀਟ 'ਤੇ ਇਕ ਬੱਚਾ ਆਪਣੀ ਮਾਂ ਨਾਲ ਬੈਠਾ ਸੀ। ਬੱਚੇ ਨੂੰ ਗਰਮੀ ਦਾ ਅਹਿਸਾਸ ਘੱਟ ਸੀ ਪਰ ਉਸ ਦੀ ਮਾਂ ਨੂੰ ਬੱਚੇ ਦੇ ਗੋਦ ਵਿਚ ਬੈਠਣ ਕਰਕੇ ਗਰਮੀ ਜ਼ਿਆਦਾ ਲੱਗ ਰਹੀ ਸੀ। ਜਦੋਂ ਬੱਸ ਚੱਲੀ ਤਾਂ ਸਭ ਨੇ ਕੁਝ ਰਾਹਤ ਮਹਿਸੂਸ ਕੀਤੀ। ਪਹਿਲਾਂ ਬੱਚਾ ਕੁਝ ਸ਼ਰਾਰਤਾਂ ਕਰਦਾ ਰਿਹਾ ਫੇਰ ਉਸ ਨੇ ਜ਼ਿੱਦ ਫੜ ਲਈ ਕਿ ਮਾਂ ਮੈਨੂੰ ਕਹਾਣੀ ਸੁਣਾ। ਮਾਂ ਗਰਮੀ ਦੀ ਮਾਰੀ ਹੋਈ ਉਸ ਦੀ ਗੱਲ ਸੁਣ ਕੇ ਅਣਸੁਖੀ ਕਰੀ ਜਾਵੇ। ਬੱਚੇ ਦੇ ਜ਼ਿਆਦਾ ਜ਼ਿੱਦ ਕਰਨ ਕਰਕੇ ਮਾਂ ਨੇ ਬੱਚੇ ਨੂੰ ਕਿਹਾ ਕਿ ਦੁਪਹਿਰੇ ਕਹਾਣੀ ਨਹੀਂ ਸੁਣਾਈ ਦੀ, ਮਾਮਾ ਰਾਹ ਭੁੱਲ ਜਾਂਦਾ ਏ। ਸ਼ਾਇਦ ਬੱਚੇ ਦਾ ਮਾਮੇ ਨਾਲ ਪਿਆਰ-ਪਿਆਰ ਉਸ ਨੂੰ ਚੁੱਪ ਕਰਨ 'ਤੇ ਮਜਬੂਰ ਕਰ ਗਿਆ। ਹੁਣ ਬੱਚਾ ਪਹਿਲਾਂ ਤੋਂ ਕੁਝ ਗੰਭੀਰ ਤੇ ਸੋਚਾਂ ਵਿਚ ਸੀ। ਮਾਂ ਦਾ ਬੋਲਿਆ ਛੋਟਾ ਜਿਹਾ ਝੂਠ ਬੱਚੇ ਦੀ ਭੋਲੀ-ਭਾਲੀ ਮਾਨਸਿਕਤਾ ਨਾਲ ਖਿਲਵਾੜ ਕਰ ਗਿਆ, ਜੋ ਸ਼ਾਇਦ ਸੋਚ ਰਿਹਾ ਸੀ ਕਿ ਕਹਾਣੀ ਸੁਣਾਉਣ ਦਾ ਮਾਮੇ ਦੇ ਰਾਹ ਭੁੱਲਣ ਨਾਲ ਕੀ ਸਬੰਧ? ਮੈਨੂੰ ਲੱਗਿਆ ਕਿ ਬੱਚੇ ਦਾ ਮਾਮਾ ਰਾਹ ਭੁੱਲੇ ਨਾ ਭੁੱਲੇ ਪਰ ਬੱਚੇ ਦੀ ਭਵਿੱਖੀ ਸੋਚ ਜ਼ਰੂਰ ਰਾਹ ਭੁੱਲ ਜਾਵੇਗੀ, ਜਿਸ ਦੇ ਸਿਰ 'ਤੇ ਉਸ ਨੇ ਇਕ ਚੰਗਾ ਤੇ ਨਿੱਡਰ ਨਾਗਰਿਕ ਬਣਨਾ ਸੀ।

-ਸਰਨ ਧੂਰੀ

# ਵਿਅੰਗ

## ਸਾਹਬ ਦਾ ਆਦਮੀ

ਇਕ ਮਾਸਟਰ ਸਾਹਬ ਹਨ। ਨੌਕਰੀ 'ਚ ਲੱਗੇ ਤਾਂ ਮੈਟਰਿਕ ਪਾਸ ਸਨ। ਹੌਲੀ-ਹੌਲੀ ਪ੍ਰਾਈਵੇਟ ਇਮਤਿਹਾਨ ਦੇ ਕੇ ਬੀ. ਏ. ਹੋ ਗਏ। ਸੀਨੀਅਰ ਤਾਂ ਸਨ ਹੀ, ਹਾਈ ਸਕੂਲ ਦੇ ਹੈੱਡ ਮਾਸਟਰ ਹੋ ਗਏ। ਉਹ ਸਾਹਬ ਦੇ ਪੂਰੇ ਭਗਤ ਸਨ। ਸਾਹਬ ਵੀ ਉਨ੍ਹਾਂ ਦੇ ਪ੍ਰਸ਼ੰਸਕ ਸਨ।

ਸਾਹਬ ਉਨ੍ਹਾਂ 'ਤੇ ਇਸ ਲਈ ਫਿਦਾ ਹਨ ਕਿ ਉਹ ਸਾਹਬ ਦਾ ਪੂਰਾ-ਪੂਰਾ ਧਿਆਨ ਰੱਖਦੇ ਹਨ। ਸਾਹਬ ਕੋਲ ਬੁਨੈਣਾਂ ਨਹੀਂ ਹਨ, ਉਹ ਦੋ-ਚਾਰ ਬੁਨੈਣਾਂ ਚਾਰ-ਛੇ ਮਹੀਨਿਆਂ 'ਚ ਲਿਆ ਦਿੰਦੇ ਹਨ, ਇਕ ਦੂਜੀ ਤੋਂ ਵਧੀਆ। ਸਾਹਬ ਦੇ ਅੰਡਰਵੀਅਰ ਫਟ ਜਾਣ ਤੋਂ ਪਹਿਲਾਂ ਹੀ ਉਹ ਸਿਲਾਈ ਕਰ ਦਿੰਦੇ ਹਨ।

ਸਾਹਬ ਕੋਲ ਪੈਂਟ ਨਹੀਂ ਉਹ ਲਿਆ ਦਿੰਦੇ ਹਨ। ਫਲਾਣੇ ਕਲਰ ਸਾਹਬ ਨੂੰ ਪਸੰਦ ਨਹੀਂ ਜਾਂ ਫਲਾਣੀ ਪੈਂਟ ਉਨ੍ਹਾਂ ਦੇ ਮਨੋਂ ਲਹਿ ਗਈ ਹੈ, ਉਹ ਜਾਣਦੇ ਹਨ ਅਤੇ ਝਟਪਟ ਦੂਜੀ ਪੈਂਟ ਦੀ ਵਿਵਸਥਾ ਕਰਵਾ ਦਿੰਦੇ ਹਨ। ਸਾਹਬ ਨੂੰ ਕਿਹੜਾ ਕਲਰ ਪਸੰਦ ਹੈ, ਇਹ ਮਾਸਟਰ ਸਾਹਬ ਚੰਗੀ ਤਰ੍ਹਾਂ ਜਾਣਦੇ ਹਨ। ਪਿਛਲੇ ਅਨੇਕ ਸਾਲਾਂ ਤੋਂ ਮਾਸਟਰ ਸਾਹਬ ਦੀ ਕਲਰ ਚੁਆਇਸ ਵੀ ਸਾਹਬ ਦੀ ਕਲਰ ਚੁਆਇਸ ਹੈ ਅਤੇ ਸਾਹਬ ਦੀ ਕਲਰ ਚੁਆਇਸ ਹੀ ਮਾਸਟਰ ਸਾਹਬ ਦੀ ਕਲਰ ਚੁਆਇਸ ਹੈ।

ਸ਼ਰਟ-ਬੁਰਸ਼ਟਾਂ ਦੀ ਸਾਹਬ ਨੂੰ ਘਾਟ ਨਹੀਂ ਰਹਿੰਦੀ, ਉਹ ਸਭ ਤਾਂ ਸਥਾਨਕ ਖੇਡ ਪ੍ਰਤੀਯੋਗਿਤਾ ਸਮੇਂ ਇਕੱਠੇ ਹੀ ਲੈ ਲਏ ਜਾਂਦੇ ਹਨ। ਬੱਚਿਆਂ ਦੇ ਕੱਪੜਿਆਂ ਦੀ ਵਿਵਸਥਾ ਤਹਿਸੀਲ ਪੱਧਰੀ ਖੇਤ ਪ੍ਰਤੀਯੋਗਿਤਾ ਸਮੇਂ ਹੋ ਜਾਂਦੀ ਹੈ। ਮੇਮ ਸਾਹਬ ਦੀਆਂ ਸਾੜ੍ਹੀਆਂ ਜ਼ਿਲ੍ਹਾ ਪੱਧਰੀ ਪ੍ਰਤੀਯੋਗਿਤਾਵਾਂ ਅਤੇ ਹੋਰ ਲੈਣ-ਦੇਣ ਦੇ ਕੰਮਾਂ ਅਤੇ ਸਾਲਾਨਾ ਰਾਸ਼ਨ ਪਾਣੀ ਦੀ ਵਿਵਸਥਾ, ਵਿਭਾਗੀ ਖੇਡ ਪ੍ਰਤੀਯੋਗਿਤਾਵਾਂ ਸਮੇਂ ਹਰ ਸਾਲ ਨਿਯਮਿਤ ਰੂਪ 'ਚ ਭਗਤ ਹੀ ਕਰਵਾ ਦਿੰਦੇ ਹਨ।

ਕਥਿਤ ਮਾਸਟਰ ਸਾਹਬ ਦੇ ਸਾਹਮਣੇ ਇਕ ਸਮੱਸਿਆ ਆਈ। ਪੋਸਟਿੰਗ ਕਿਥੇ ਕਰਵਾਈ ਜਾਏ? ਸ਼ਹਿਰ 'ਚ ਤਾਂ ਥੋੜ੍ਹਾ ਬਹੁਤ ਕੰਮ ਕਰਨਾ ਪੈਂਦਾ ਹੈ। ਸ਼ਹਿਰ ਆਖ਼ਰ ਸ਼ਹਿਰ ਹੈ। ਪੜ੍ਹੇ-ਲਿਖੇ ਲੋਕ ਵੀ ਰਹਿੰਦੇ ਹਨ। ਕੁਝ ਨਿੱਕੀ ਮੋਟੀ ਗੜਬੜ ਹੋਣ 'ਤੇ ਲੋਕ ਹਲਚਲ ਕਰਦੇ ਹੀ ਹਨ ਅਤੇ ਫਿਰ ਕਦੇ-ਕਦੇ ਛੋਟੇ-ਵੱਡੇ ਅਧਿਕਾਰੀਆਂ ਨੂੰ ਸ਼ਿਕਾਇਤ ਵੀ ਹੋ ਜਾਂਦੀ ਹੈ।

ਇਥੇ ਕੋਈ ਨਾ ਕੋਈ ਆਉਂਦੇ ਹੀ ਰਹਿੰਦੇ ਹਨ ਅਤੇ ਫਿਰ ਨਿਰੀਖਣ ਦਾ ਨਾਟਕ ਕਦੋਂ ਪਿੱਛਾ ਛੱਡਦਾ ਹੈ। ਮਾਸਟਰ ਸਾਹਬ ਨੇ ਇਹ ਸਾਰੇ ਝੰਜਟ ਸਾਹਬ ਨੂੰ ਦੱਸੇ ਤਾਂ ਉਹ ਕਹਿਣ ਲੱਗੇ, 'ਮੈਂ ਇਕ ਹਲ ਲੱਭਿਆ ਹੈ, ਤੈਨੂੰ ਵੀ ਪਸੰਦ ਆਏਗਾ। ਨੇੜਲੇ ਪਿੰਡ 'ਚ ਮਿਡਲ ਸਕੂਲ ਹੈ। ਹੈੱਡ ਮਾਸਟਰ ਦੀ ਪੋਸਟ ਖਾਲੀ ਹੈ। ਮੈਂ ਨਿਯੁਕਤੀ ਕਰਵਾ ਦਿੰਦਾ ਹਾਂ, ਤੁਸੀਂ ਉਥੇ ਚਲੇ ਜਾਓ ਅਤੇ ਜੁਆਇਨ ਕਰ ਲਓ। ਫਿਰ ਮੈਂ ਤੁਹਾਨੂੰ ਆਫਿਸ ਨਾਲ ਅਟੈਚ ਕਰ ਲਵਾਂਗਾ।"

ਯੋਜਨਾ ਭਲੀ ਅਤੇ ਹਿੱਤਕਾਰੀ ਸੀ। 50 ਰੁਪਏ ਮਹੀਨਾ ਅਲਾਊਂਸ ਸੀ। ਆਉਣ-ਜਾਣ ਦਾ ਟੀ. ਏ. ਵੱਖਰਾ। ਅਜਿਹੀ ਸਹੂਲਤ ਕਿਥੋਂ ਮਿਲੇਗੀ ਕਿ ਸ਼ਹਿਰ 'ਚ ਰਹੋ, ਘਰ 'ਚ ਰਹੋ ਫਿਰ ਵੀ ਯਾਤਰਾ ਤਾਂ ਚਾਲੂ ਹੈ ਹੀ। ਫਿਰ ਉਪਰੋਂ ਬੇਫ਼ਿਕਰੀ ਵੱਖਰੀ। 200-250 ਰੁਪਏ ਦੀ ਉਪਰਲੀ ਆਮਦਨ, ਕੰਮ ਕੋਈ ਨਹੀਂ, ਝੰਜਟ ਜਾਂ ਪ੍ਰੇਸ਼ਾਨੀ ਕੁਝ ਨਹੀਂ।

ਟ੍ਰਾਂਸਫਰ ਹੋ ਗਈ। ਸ਼ਹਿਰ ਦੇ ਮਾਸਟਰਾਂ ਵਿਚ ਤਹਿਲਕਾ ਮੱਚ ਗਿਆ। ਸਾਹਬ ਦੇ ਆਦਮੀ ਦਾ ਤਬਾਦਲਾ। ਹੁਣ ਕੋਈ ਸੁਰੱਖਿਅਤ ਨਹੀਂ ਰਹੇਗਾ ਇਸ ਸ਼ਹਿਰ 'ਚ। ਹੁਣ ਹਰ ਸ਼ਹਿਰ ਵਾਲੇ ਨੂੰ ਪਿੰਡ ਜਾਣਾ ਪਏਗਾ।

ਮਾਸਟਰ ਸਾਹਬ ਟ੍ਰਾਂਸਫਰ 'ਤੇ ਗਏ। ਸਕੂਲ 'ਚ ਜੁਆਇਨ ਕੀਤਾ। ਪਿੰਡ ਦੇ ਸਰਪੰਚ ਨੂੰ ਬੁਲਾਇਆ, ਉਹ ਸਮੇਂ ਸਿਰ ਨਹੀਂ ਆਇਆ। ਪਿੰਡ ਵਾਲੇ ਸਮੇਂ ਦੀ ਇਜ਼ੱਤ ਕਦੋਂ ਜਾਣਦੇ ਨੇ?

11 ਵਜੇ ਪਿੰਡ ਪਹੁੰਚੇ, ਇਕ ਵਜੇ ਦੇ ਲਗਭਗ ਪਰਤ ਆਏ ਆਫਿਸ ਦੇ ਕੰਮ ਕਰਕੇ। ਸਰਪੰਚ ਡੇਢ ਵਜੇ ਦੇ ਲਗਭਗ ਆਇਆ, ਪੁੱਛਿਆ, "ਹੈਡ ਮਾਸਟਰ ਸਾਹਿਬ ਕਿਥੇ ਹਨ?"

ਦੱਸਿਆ ਗਿਆ, "ਆਏ ਵੀ ਤੇ ਉਹ ਚਲੇ ਵੀ ਗਏ।"

"ਹੁਣ ਕਦੋਂ ਤੱਕ ਆਉਣਗੇ?" "ਅਸੀਂ ਕੁਝ ਨਹੀਂ ਦੱਸ ਸਕਦੇ, ਇਸ ਬਾਰੇ ਸਾਡੀ ਉਨ੍ਹਾਂ ਨਾਲ ਕੋਈ ਗੱਲ ਨਹੀਂ ਹੋਈ। ਨਾ ਉਨ੍ਹਾਂ ਨੇ ਦੱਸਿਆ, ਨਾ ਅਸੀਂ ਪੁੱਛ ਸਕਦੇ ਸਾਂ।" ਦੂਜੇ ਮਾਸਟਰਾਂ ਨੇ ਜਵਾਬ ਦਿੱਤਾ।

"ਚਲੋ ਫਿਰ ਕਦੇ ਮੁਲਾਕਾਤ ਹੋ ਜਾਵੇਗੀ।" ਕਹਿ ਕੇ ਸਰਪੰਚ ਚਲਿਆ ਗਿਆ।

ਕਈ ਮਹੀਨੇ ਬੀਤ ਗਏ। ਖੇਤੀਬਾੜੀ ਦਾ ਸਮਾਂ ਸੀ। ਸਰਪੰਚ ਨੂੰ ਸਮਾਂ ਨਹੀਂ ਮਿਲਿਆ। ਇਕ ਦਿਨ ਉਧਰ ਗਿਆ ਤਾਂ ਪੁੱਛਿਆ, "ਵੱਡੇ ਗੁਰੂ ਜੀ ਕਿਥੇ ਹਨ?" ਉਤਰ ਮਿਲਿਆ, "ਆਫਿਸ ਦੇ ਕੰਮ ਗਏ ਹਨ। ਕਦੋਂ ਆਉਣਗੇ ਪਤਾ ਨਹੀਂ।" ਕੁਝ ਮਹੀਨਿਆਂ ਪਿੱਛੋਂ ਸਰਪੰਚ ਨੇ ਇਹੀ ਸਵਾਲ ਫਿਰ ਕੀਤਾ, ਉਹੀ ਜਵਾਬ ਮਿਲਿਆ। ਉਸ ਨੂੰ ਇਹ ਗੱਲ ਅਪਮਾਨਜਨਕ ਲੱਗੀ। ਉਸ ਨੂੰ ਕੁਝ ਜ਼ਿਆਦਾ ਹੀ ਅਪਮਾਨ ਮਹਿਸੂਸ ਹੋਇਆ। ਕੰਮਕਾਰ 'ਚ ਲੱਗਾ ਹੁੰਦਾ ਤਾਂ ਸ਼ਾਇਦ ਇੰਨਾ ਮਹਿਸੂਸ ਨਾ ਕਰਦਾ ਕਿਉਂਕਿ ਭਵਿੱਖ 'ਚ ਉਸ ਕੋਲ ਕੋਈ ਕੰਮ ਨਹੀਂ ਸੀ, ਇਸ ਲਈ ਉਸ ਨੇ ਹੈੱਡ ਮਾਸਟਰ ਦੀ ਸਕੂਲ ਤੋਂ ਗ਼ੈਰ ਹਾਜ਼ਰੀ ਦੇ ਇਸ ਮਾਮਲੇ ਨੂੰ ਆਪਣੇ ਵਿਹਲੇ ਸਮੇਂ ਲਈ ਕੰਮ ਬਣਾ ਲਿਆ।

ਪਿੰਡ ਦੀ ਪੰਚਾਇਤ ਦੀ ਮੀਟਿੰਗ ਹੋਈ। ਉਸ 'ਚ ਇਹ ਵੀ ਤੈਅ ਹੋਇਆ ਕਿ ਇਸ ਬਾਰੇ ਕਾਰਵਾਈ ਕੀਤੀ ਜਾਏ। ਪਹਿਲੇ ਸਹਾਇਕ ਜ਼ਿਲ੍ਹਾ ਸਕੂਲ ਸਿੱਖਿਆ ਅਫ਼ਸਰ ਨੂੰ ਲਿਖਿਆ ਜਾਏ, ਲਿਖਿਆ ਗਿਆ, ਦੋ ਮਹੀਨੇ ਹੋ ਗਏ ਕੋਈ ਉੱਤਰ ਨਹੀਂ ਆਇਆ।

ਬਾਜ਼ਾਰ ਤਾਂ ਹਰ ਐਤਵਾਰ ਆਉਂਦਾ ਹੀ ਸੀ ਪਰ ਫੁਰਸਤ ਨਹੀਂ ਮਿਲਦੀ ਸੀ ਆਪਣੇ ਕੰਮਾਂ ਤੋਂ। ਇੰਸਪੈਕਟਰ ਦਾ ਪਤਾ ਪੁੱਛਦੇ ਉਸ ਦੇ ਘਰ ਪਹੁੰਚ ਗਏ। ਉਨ੍ਹਾਂ ਨੂੰ ਪੁੱਛਿਆ, "ਸਾਡੀ ਦਰਖ਼ਾਸਤ ਮਿਲੀ।"

"ਕਾਹਦੀ ਦਰਖ਼ਾਸਤ?" ਕਦੋਂ ਭੇਜੀ ਸੀ। ਕਿਥੇ ਭੇਜੀ ਸੀ? ਕਿਉਂ ਭੇਜੀ ਸੀ? ਰਜਿਸਟਰਡ ਸੀ ਜਾਂ ਸਾਧਾਰਨ ਡਾਕ ਰਾਹੀਂ ਭੇਜੀ ਗਈ ਸੀ?"

ਇਨ੍ਹਾਂ ਸਭ ਗੱਲਾਂ ਦਾ ਜਵਾਬ ਦਿੱਤਾ ਤਾਂ ਦੱਸਿਆ ਗਿਆ ਕਿ ਦਰਖ਼ਾਸਤ ਉਸ ਨੂੰ ਨਹੀਂ ਮਿਲੀ ਸੀ। ਮਿਲ ਵੀ ਜਾਂਦੀ ਤਾਂ ਕੋਈ ਗੱਲ ਨਹੀਂ ਸੀ ਉਸ ਨੇ ਉੱਤਰ ਦਿੱਤਾ, "ਮੈਂ ਕੁਝ ਨਹੀਂ ਕਰ ਸਕਦਾ ਉਹ ਸਾਹਬ ਦਾ ਆਦਮੀ ਹੈ।" ਆਦਮੀ ਦਾ ਵੀ ਆਦਮੀ ਹੁੰਦਾ ਹੈ ਇਹ ਸੁਣ ਕੇ ਸਰਪੰਚ ਹੈਰਾਨ ਰਹਿ ਗਿਆ। ਫਿਰ ਵੀ ਮਾਮਲੇ ਨੂੰ ਉਸ ਨੇ ਆਪਣੀ ਪ੍ਰਤਿਸ਼ਠਾ ਦਾ ਸਵਾਲ ਬਣਾ ਲਿਆ। ਉਸ ਨੇ ਫਿਰ ਵੀ ਸਿੱਖਿਆ ਅਧਿਕਾਰੀ ਨੂੰ ਮਿਲਣ ਦੀ ਗੱਲ ਸੋਚੀ।

ਚਾਰ-ਵਾਰ ਸ਼ਹਿਰ ਗਿਆ, ਪਤਾ ਲੱਗਾ ਸਾਹਬ ਦੌਰੇ 'ਤੇ ਹਨ। ਫਿਰ ਦੋ ਵਾਰ ਸ਼ਹਿਰ ਆਇਆ ਤਾਂ ਪਤਾ ਲੱਗਾ ਕਿ ਸਾਹਬ ਘਰ ਹਨ। ਕੰਮ 'ਚ ਲੱਗੇ ਹਨ। ਪਤਾ ਨਹੀਂ ਕਦੋਂ ਆਉਣਗੇ। ਆਉਣਗੇ ਵੀ ਇਥੇ ਕਿ ਨਹੀਂ। ਕੋਈ ਨਹੀਂ ਦੱਸ ਸਕਦਾ। ਲਾਚਾਰ ਹੋ ਕੇ ਉਸ ਨੇ ਮੁਲਾਕਾਤ ਦਾ ਵਿਚਾਰ ਛੱਡ ਦਿੱਤਾ ਪਰ ਪ੍ਰਤਿਸ਼ਠਾ ਦੇ ਪ੍ਰਸ਼ਨ ਨੂੰ ਨਹੀਂ ਛੱਡਿਆ।

ਮਾਸਟਰ ਜੀ ਦੇ ਖਿਲਾਫ਼ ਉਨ੍ਹਾਂ ਨੇ ਪੌੜੀ ਦਰ ਪੌੜੀ ਵਿਭਾਗੀ ਸੁਪਰਵਾਈਜ਼ਰ ਨੂੰ ਸ਼ਿਕਾਇਤ ਕੀਤੀ ਕਿ ਉਹ ਹੈੱਡ ਆਫ਼ਿਸ 'ਚ ਨਹੀਂ ਰਹਿੰਦੇ। ਅਸੀਂ ਉਨ੍ਹਾਂ ਦੀ ਸ਼ੱਕਲ ਤਕ ਨਹੀਂ ਵੇਖੀ। ਉਹ ਸਾਨੂੰ ਮਿਲੇ ਨਹੀਂ। ਕਈ ਮਹੀਨੇ ਹੋ ਗਏ ਸਕੂਲ 'ਚ ਆਇਆਂ। ਸ਼ਿਕਾਇਤ ਦਾ ਕੋਈ ਜਵਾਬ ਨਹੀਂ ਆਇਆ। ਇਸ ਦੌਰਾਨ ਬਰਸਾਤ ਦਾ ਸਮਾਂ ਨੇੜੇ ਆ ਗਿਆ। ਉਨ੍ਹਾਂ ਨੇ ਖੇਤ ਵਾਹੇ, ਬੀਜੇ। ਫਸਲਾਂ ਹਰੀਆਂ ਹੋ ਗਈਆਂ। ਇਕ ਦਿਨ ਉਨ੍ਹਾਂ ਦੇ ਦਿਲ ਦਾ ਜ਼ਖ਼ਮ ਫਿਰ ਤੋਂ ਹਰਾ ਹੋ ਗਿਆ। ਮਾਸਟਰ ਜੀ ਹੈੱਡ ਆਫ਼ਿਸ 'ਚ ਕਿਉਂ ਨਹੀਂ ਰਹਿੰਦੇ। ਸੋਚਿਆ ਛੋਟੇ ਅਧਿਕਾਰੀਆਂ ਨੂੰ ਲਿਖਣ ਦਾ ਕੋਈ ਫ਼ਾਇਦਾ ਨਹੀਂ ਹੈ।

ਫਿਰ ਪੰਚਾਇਤ 'ਚ ਚਰਚਾ ਹੋਈ। ਤੈਅ ਹੋਇਆ ਕਿ ਸਿੱਖਿਆ ਮੰਤਰੀ ਨੂੰ ਲਿਖਿਆ ਜਾਵੇ। ਲਿਖਿਆ ਗਿਆ। ਕੋਈ ਉੱਤਰ ਨਹੀਂ ਆਇਆ ਅਤੇ ਨਾ ਮਾਸਟਰ ਸਾਹਬ ਆਏ। ਇਸ ਦੌਰਾਨ ਫਸਲਾਂ ਕੱਟਣ ਦਾ ਮੌਸਮ ਆ ਗਿਆ। ਫਿਰ ਉਹ ਰੁਝ ਗਿਆ। ਹੁਣ ਦੋ ਮਹੀਨੇ ਉਸ ਕੋਲ ਸਮਾਂ ਕਿਥੇ? ਉਹ ਫਸਲ ਸਾਂਭਣ 'ਚ ਲੱਗਾ ਹੋਇਆ ਸੀ। ਇਕ ਦਿਨ ਉਸ ਨੂੰ ਇਕ ਪੱਤਰ ਡਾਕ 'ਚ ਮਿਲਿਆ, ਲਿਖਿਆ ਸੀ, "ਹੁਣ ਤੁਸੀਂ ਸ਼ਿਕਾਇਤਾਂ ਦੇ ਸੰਦਰਭ 'ਚ ਜ਼ਿਲ੍ਹਾ ਅਧਿਕਾਰੀ ਨੂੰ ਮਿਲੋ।" ਉਸ ਨੂੰ ਬਹੁਤ ਖੁਸ਼ੀ ਹੋਈ। ਸੋਚਿਆ ਪ੍ਰਸ਼ਾਸਨ 'ਚ ਦੇਰ ਹੈ, ਅੰਧੇਰ ਨਹੀਂ। ਲੋਕ ਸੱਚ ਹੀ ਕਹਿੰਦੇ ਹਨ ਸਾਲ ਪਿੱਛੋਂ ਉੱਤਰ ਆਇਆ ਤਾਂ ਹੋਇਆ, ਆਇਆ ਤਾਂ ਹੈ।" ਆਪਣੇ ਸਾਰੇ ਕੰਮ ਜਿਉਂ ਦੇ ਤਿਉਂ ਛੱਡ ਕੇ ਉਹ ਜ਼ਿਲ੍ਹਾ ਅਧਿਕਾਰੀ ਨੂੰ ਮਿਲਣ ਸ਼ਹਿਰ ਗਿਆ।

ਪਹਿਲੇ ਦਿਨ ਮੁਲਾਕਾਤ ਨਹੀਂ ਹੋਈ ਪਰ ਦੂਜੇ ਦਿਨ ਅਧਿਕਾਰੀ ਮਿਲੇ ਤਾਂ ਉਹ ਕਹਿਣ ਲੱਗੇ, "ਤੁਸੀਂ ਇੰਨੇ ਚੰਗੇ ਅਧਿਆਪਕ ਦੇ ਪਿੱਛੇ ਕਿਉਂ ਪਏ ਹੋਏ ਹੋ? ਬੜਾ ਆਦਰਸ਼ ਅਧਿਆਪਕ ਹੈ ਉਹ, ਸਾਡੇ ਜ਼ਿਲ੍ਹੇ ਦਾ ਗੌਰਵ ਹੈ। ਆਪਣੀ ਲਿਆਕਤ ਕਰਕੇ ਉਨ੍ਹਾਂ ਨੂੰ ਪੁਰਸਕਾਰ ਮਿਲਿਆ ਹੈ। ਇਸ 'ਤੇ ਤਾਂ ਤੁਹਾਨੂੰ ਅਤੇ ਤੁਹਾਡੇ ਪਿੰਡ ਵਾਲਿਆਂ ਨੂੰ ਮਾਣ ਹੋਣਾ ਚਾਹੀਦੈ।" ਸਰਪੰਚ ਦਾ ਸਿਰ ਆਪਣੇ ਕੀਤੇ ਕਰਾਏ ਕਰਕੇ ਝੁਕਿਆ ਹੋਇਆ ਸੀ ਪਰ ਮਨ ਅੰਦਰ ਉਸ ਨੂੰ ਆਪਣੇ ਪਿੰਡ ਦੇ ਅਧਿਆਪਕ 'ਤੇ ਰਸ਼ਕ ਹੋ ਰਿਹਾ ਸੀ।

- ਲਲਿਤ ਨਾਰਾਇਣ ਉਪਾਧਿਆਏ

# ਮਿੰਨੀ ਕਹਾਣੀਆਂ

## ਪਹਿਚਾਣ

ਅੰਧਾ-ਧੁੰਦ ਫਾਇਰਿੰਗ ਦੀ ਲਪੇਟ ਵਿਚ ਸਕੂਟਰ ਸਵਾਰ ਆ ਗਿਆ। ਉਸ ਦੀ ਥਾਂ 'ਤੇ ਹੀ ਮੌਤ ਹੋ ਗਈ। ਮੂਲੀਆਂ, ਟਮਾਟਰ, ਸਬਜ਼ੀ ਤੇ ਖਿਡੌਣੇ ਲਿਫਾਫਿਆਂ ਵਿਚੋਂ ਨਿਕਲ ਕੇ ਸੜਕ 'ਤੇ ਖਿਲਰੇ ਪਏ ਸਨ। ਇਸ ਤੋਂ ਲੱਗਦਾ ਸੀ ਉਹ ਬਾਲ ਬੱਚੇਦਾਰ ਐ। ਸਕੂਟਰ ਦੀ ਟੋਕਰੀ ਵਿਚੋਂ ਤਾਜ਼ਾ ਅਖਬਾਰ, ਨੋਟ ਬੁੱਕ ਤੇ ਸਾਹਿਤਕ ਕਿਤਾਬਾਂ ਮਿਲੀਆਂ। ਲੱਗਦਾ ਸੀ ਕਿ ਉਹ ਪ੍ਰਗਤੀਸ਼ੀਲ ਲਹਿਰ ਨਾਲ ਜੁੜਿਆ ਹੋਇਐ। ਉਸ ਦੀ ਜੇਬ ਵਿਚੋਂ ਦੋ-ਤਿੰਨ ਸਮਾਜ ਸੇਵੀ ਜਥੇਬੰਦੀਆਂ ਤੇ ਸਿਆਸੀ ਪਾਰਟੀਆਂ ਦੇ ਪਹਿਚਾਣ ਪੱਤਰ ਮਿਲੇ। ਜਾਪਦਾ ਸੀ ਕਿ ਉਹ ਕਿਰਿਆਸ਼ੀਲ ਮਨੁੱਖ ਹੈ। ਅੰਧਾ-ਧੁੰਦ ਫਾਇਰਿੰਗ ਕਰਨ ਵਾਲਿਆਂ ਦੀ ਇਹ ਪਹਿਚਾਣ ਹੋਈ ਕਿ ਉਨ੍ਹਾਂ ਦੇ ਮੋਢਿਆਂ ਉੱਤੇ ਆਪਣੇ ਸਿਰ ਨਹੀਂ ਸਨ।

-ਸੁਖਦੇਵ ਸਿੰਘ ਔਲਖ

## ਦਰਦ

ਉਹ ਪਹਿਲੀ ਵਾਰ ਪਿਓ ਬਣ ਰਿਹਾ ਸੀ। ਹੋਣ ਵਾਲੇ ਬੱਚੇ ਦੇ ਉਸ ਨੇ ਦੋ ਨਾਂ ਸੋਚ ਲਏ ਸਨ। ਜੇਕਰ ਲੜਕਾ ਪੈਦਾ ਹੋ ਇਆ ਤਾਂ ਬਲਤੇਜ! ਜੇਕਰ ਪ੍ਰਮਾਤਮਾ ਨੇ ਧੀ ਦਿੱਤੀ ਤਾਂ ਕਮਲਜੀਤ। ਪ੍ਰਮਾਤਮਾ ਦੀ ਕ੍ਰਿਪਾ ਨਾਲ ਉਸ ਨੂੰ ਪੁੱਤਰ ਦੀ ਦਾਤ ਮਿਲੀ। ਪਰਿਵਾਰ ਵਿਚ ਬਹੁਤ ਖੁਸ਼ੀਆਂ ਅਤੇ ਚਾਅ ਲਾਡ ਕੀਤੇ ਗਏ। ਹੁਣ ਲੜਕੇ ਦੀ ਉਮਰ ਕਈ ਸਾਲ ਦੀ ਹੋ ਗਈ ਹੈ..ਪਰ ਉਸ ਨੇ ਪੁੱਤਰ ਨੂੰ ਕਦੇ ਬਲਤੇਜ ਕਹਿ ਕੇ ਆਵਾਜ਼ ਨਹੀਂ ਮਾਰੀ। ਉਹ ਜਮਾਂਦਰੂ ਗੂੰਗਾ-ਬੋਲਾ ਪੈਦਾ ਹੋਇਆ ਸੀ।

## ਸ਼ੋਹਰਤ

"ਬਾਪੂ ਜੀ ਅੱਜ ਆਪਣਾ ਸੀਰੀ ਕਰਮਾ ਆਇਆ ਸੀ।" "ਕੀ ਕਹਿੰਦਾ ਸੀ?" ਗੁਰਦੀਪ ਦੇ ਬਾਪੂ ਨੇ ਪੂਰੀ ਤਰ੍ਹਾਂ ਆਪਣਾ ਧਿਆਨ ਗੁਰਦੀਪ ਦੀ ਗੱਲ ਵੱਲ ਕਰ ਦਿੱਤਾ। ਕਹਿੰਦਾ ਸੀ ਅਖੇ ਉਹਦੀ ਛੋਟੀ ਕੁੜੀ ਦਾ ਵਿਆਹ ਐ, ਕਿਵੇਂ ਕਰੋ, ਪੈਸੇ ਦੀ ਬਣਦੀ ਸਰਦੀ ਮਦਦ ਕਰ ਦਿਓ। ਅਸੀਂ ਥੋਡੇ ਨੀ ਆਵਾਂਗਾ ਤਾਂ ਹੋਰ ਕੀਹਦੇ ਜਾਵਾਂਗੇ?" "ਫਿਰ ਤੂੰ ਕੀ ਕਹਿਤਾ?" "ਬਾਪੂ ਜੀ, ਮੈਂ ਤਾਂ ਥੋਡੇ ਨਾਲ ਰਾਇ ਕਰਨੀ ਸੀ, ਤਾਂ ਕਰਕੇ ਉਹਨੂੰ ਆਥਣੇ ਆਉਣ ਲਈ ਕਹਿਤਾ। ਆਪਾਂ ਉਂ ਵੀ ਤਾਂ ਪੰਜਾਬ ਹਜ਼ਾਰ ਬੇਬੇ ਜੀ ਦੇ ਨਾਂ 'ਤੇ ਗੁਰਦੁਆਰਾ ਸਾਹਿਬ ਦੇਣਾ ਈ ਆ, ਕਿਉਂ ਨਾ ਉਹ ਗਰੀਬ ਦੀ ਕੁੜੀ ਦੇ ਵਿਆਹ 'ਤੇ ਲਾ ਦੇਈਏ।" ਗੁਰਦੀਪ ਦੀ ਗੱਲ ਸੁਣ ਕੇ ਉਹਦੇ ਬਾਪੂ ਜੀ ਹੱਕੇ ਬੱਕੇ ਰਹਿ ਗਏ। ਫਟਾਫਟ ਕਹਿਣ ਲੱਗੇ, "ਤੇਰਾ ਤਾਂ ਦਿਮਾਗ ਖਰਾਬ ਹੋ ਗਿਆ ਲੱਗਦੈ, ਉਥੇ ਤਾਂ ਮੇਰੇ ਨਾਂ ਦਾ ਪੱਥਰ ਲੱਗੂ, ਬਈ ਜਥੇਦਾਰ ਸੁਰਜਣ ਸਿਹੁੰ ਨੇ 50 ਹਜ਼ਾਰ ਦੀ ਸੇਵਾ ਵਿਚ ਹਿੱਸਾ ਪਾਇਆ। ਵਿਆਹ 'ਤੇ ਪੈਸੇ ਲਾ ਕੇ ਕੀਹਨੇ ਯਾਦ ਕਰਨੈ।" ਗੁਰਦੀਪ ਹੁਣ ਬਾਪੂ ਜੀ ਦੀ ਚਿਹਰਾ ਪਛਾਨਣ ਦੀ ਕੋਸ਼ਿਸ਼ ਕਰ ਰਿਹਾ ਸੀ।

-ਜਸਪ੍ਰੀਤ ਕੌਰ ਸੋਹੀ

## ਗ਼ਰੀਬੀ

ਸ਼ਰਾਬ ਦੀਆਂ ਦੁਕਾਨਾਂ 'ਤੇ ਬਹੁਤ ਭੀੜ ਹੈ। ਅਸ਼ਲੀਲਤਾ ਦੇ ਅੱਡਿਆਂ 'ਤੇ ਬਹੁਤ ਰੌਣਕ ਹੈ। ਚਰਸ ਦੇ ਠੇਕਿਆਂ 'ਤੇ ਬਹੁਤ ਭੀੜ ਲੱਗੀ ਹੋਈ ਹੈ ਲੇਕਿਨ ਸਾਡਾ ਦੇਸ਼ ਬਹੁਤ ਗ਼ਰੀਬ ਹੈ।

## ਇਕ ਪੱਖ

ਉਸ ਨੇ ਕਿਹਾ, ਮੈਂ ਕਾਨੂੰਨ ਹਾਂ। ਮੈਂ ਤਸਵੀਰ ਦਾ ਸਿਰਫ਼ ਇਕ ਪੱਖ ਦੇਖਦਾ ਹਾਂ। ਮੈਂ ਅਪਰਾਧੀ ਨੂੰ ਦੰਡ ਤਾਂ ਦੇ ਸਕਦਾ ਹਾਂ ਪਰ ਅਪਰਾਧ ਪੈਦਾ ਕਰਨਾ ਵਾਲੀਆਂ ਜੜ੍ਹਾਂ ਨਹੀਂ ਕੱਟ ਸਕਦਾ।"

# ਕਾਵਿ ਰਚਨਾ

## ਗ਼ਜ਼ਲ

ਨਹੀਂ ਪਰਤਿਆ ਚੁਰਾ ਕੇ ਮੇਰੇ ਦਿਲ ਨੂੰ ਦਿਲ ਦੇ ਖੋਟੇ।<br>ਤਦੇ ਔਂਸੀਆਂ ਨੂੰ ਪਾ ਪਾ, ਮੇਰੇ ਘਰਸ ਗਏ ਪੋਟੇ।<br>ਤਿਰਾ ਪਿਆਰ ਜਾਚਣੇ ਹਿੱਤ ਮੈਂ ਜੋ ਤੋੜੀਆਂ ਸੀ ਵੰਗਾਂ,<br>ਤਿਰੇ ਦਿਲ 'ਚ ਚੁੱਭ ਰਹੇ ਹਨ ਉਨ੍ਹਾਂ ਚੂੜੀਆਂ ਦੇ ਟੋਟੇ।<br>ਜਿਨ੍ਹੇ ਪਿਆਰ ਤੰਦ ਹਰਇਕ ਤਿਰਾ ਨਾਮ ਲੈ ਕੇ ਪਾਈ,<br>ਤੇਰੇ ਯਾਦ ਦੇ ਸਿਰਹਾਣੇ ਉਦ੍ਹੇ ਭਿੱਜ ਗਏ ਗਲੋਟੇ।<br>ਤੂੰ ਹੀ ਜਾਣਦਾ ਹੈਂ ਸ਼ਾਇਦ, ਉਨ੍ਹੇ ਕਿਉਂ ਧਨੁਸ਼ ਉਠਾਇਆ?<br>ਤੇਰੇ ਅਮਨ ਪਰਚਮਾਂ ਨੂੰ ਜੋ ਲਗਾ ਰਹੀ ਸੀ ਗੋਟੇ।<br>ਉਹ ਨਹੀਂ ਮਨੁੱਖ ਤੇਰੇ, ਉਹ ਤਾਂ ਭ੍ਰਿਸ਼ਟ ਦੇ ਜਾਪਣ,<br>ਤੇਰਾ ਨਾਮ ਲੈ ਕੇ ਨਿੱਤ ਦਿਨ ਜਿਹੜੇ ਛੱਕ ਰਹੇ ਨੇ ਕੋਟੇ।<br>ਜਿਨ੍ਹਾਂ ਨੂੰ ਪਤਾ ਹੈ ਰੱਬਾ, ਤੇਰਾ ਹੈ ਨਿਵਾਸ ਕਿਸ ਥਾਂ,<br>ਉਹੀ ਪੂਜਦੇ ਨੇ ਪਿੱਪਲ ਕਦੇ ਬੋੜ੍ਹ ਜਾਂ ਬੋਰਟੇ।<br>ਕਿਸੇ ਬੇਕਸੂਰ ਖਾਤਰ, ਜਿਨ੍ਹਾਂ ਧਰਮ ਯੁੱਧ ਕੀਤਾ,<br>ਅਸੀਂ ਸਾਂਭ-ਸਾਂਭ ਰੱਖੀਏ ਉਨ੍ਹਾਂ ਬਰਛੀਆਂ ਦੇ ਟੋਟੇ।<br>ਉਦੋਂ ਤੂੰ ਮਨੁੱਖਤਾ ਵਿਚ ਕਈ ਘੋਲੀਆਂ ਦੀ ਜ਼ਹਿਰਾਂ,<br>ਉਸਦੀ ਬੰਦਗੀ ਦੀ ਸ਼ਹਿ ਤੇ ਜਦੋਂ ਤੂੰ ਕਨੂੰਨ ਘੋਟੇ।

-ਸਿਰੀ ਰਾਮ ਅਰਸ

## ਮਹਿਕਾਂ ਖਿੰਡਾਵਾਂ

ਖੁਸ਼ਬੂਆਂ ਨੂੰ ਦੱਸ ਮੈਂ ਕਿਥੇ ਲੁਕਾਵਾਂ<br>ਬਹੁਤ ਹੀ ਗੁਸਤਾਖ ਨੇ ਚੰਚਲ ਹਵਾਵਾਂ।<br>ਰੋਜ਼ ਸੀਤਾ ਹਰਣਨ ਹੁੰਦੇ ਨੇ ਹਜ਼ਾਰਾਂ<br>ਦੱਸ ਏਨੇ ਗ਼ਮ ਮੈਂ ਕਿੱਥੋਂ ਲਿਆਵਾਂ।<br>ਪਰਤ ਆਵੇਗਾ ਮੇਰਾ ਤੁਰਸ਼ਦ ਯਕੀਨਨ<br>ਦਿਲ ਦੇ ਸਿੰਘਾਸਣ 'ਤੇ ਪਈਆਂ ਨੇ ਖੜਾਵਾਂ।<br>ਸ਼ਾਂਤ ਨਦੀਆਂ ਵਿਚ ਹਲਚਲ ਛਿੜ ਪਈ ਹੈ<br>ਪਾਣੀਆਂ ਦੇ ਜਿਸਮ ਨੂੰ ਚੁੰਮਣ ਹਵਾਵਾਂ।<br>ਸੀਨਿਆਂ ਵਿਚ ਰਿਸ ਰਹੇ ਇਰਾਕ-ਕਾਬੁਲ,<br>ਜ਼ਖਮ ਆਦਮਜ਼ਾਤ ਦੇ ਕੀਹਨੂੰ ਦਿਖਾਵਾਂ।<br>ਓਸ ਔਰਤ ਵਿਚ ਕੀ-ਕੀ ਘੁਲ ਗਿਆ ਹੈ<br>ਦੇਵੀਆਂ, ਕੁਝ ਦਾਸੀਆਂ, ਕਈ ਅਪਸਰਾਵਾਂ।<br>ਪਾਣੀਆਂ ਵਿਚ ਜਿਸ ਤਰ੍ਹਾਂ ਮੁਰਗਾਬੀਆਂ ਨੇ<br>ਮਨ ਦੇ ਅੰਦਰ ਤਰਸਦੀਆਂ ਨੇ ਭਾਵਨਾ।<br>ਦਸ ਰੱਬਾ ਵਿਛੜੇ ਕਿਸ ਮੁੱਲ ਮਿਲਦੇ<br>ਪੁੱਤ-ਮਾਵਾਂ ਨੂੰ ਅਤੇ ਪੁੱਤ ਮਾਵਾਂ।<br>ਸ਼ਬਦ ਜੰਗਲ ਵਿਚ ਮੈਂ ਵੀ ਉੱਗਿਆ ਹਾਂ,<br>ਕਾਸ਼ ਮੈਂ ਚੰਦਨ ਬਣਾਂ! ਮਹਿਕਾਂ ਖਿੰਡਾਵਾਂ।

# ਕਵਿਤਾ

## ਜ਼ਰੂਰਤ

ਜ਼ਰੂਰਤ ਹੈ........<br>ਅੱਖੀਆਂ ਵਿੱਚ ਸੱਚੇ ਨੀਰਾਂ ਦੀ<br>ਕੁਝ ਬਣਦੀਆਂ<br>ਵਿਗੜਦੀਆਂ ਤਕਦੀਰਾਂ<br>ਦੀ ਮੁੱਖ ਉਤੇ<br>ਹਾਸੇ ਦੀਆਂ ਲਕੀਰਾਂ ਦੀ<br>ਕੁਝ ਹੱਸਦੀਆਂ ਰੋਂਦੀਆਂ ਤਸਵੀਰਾਂ ਦੀ<br>ਜ਼ਰੂਰਤ ਹੈ..........ਜ਼ਰੂਰਤ ਹੈ<br>ਦੁੱਖ ਵਿਚ ਹੱਸਣ ਦੀ<br>ਗਮ ਨੂੰ ਖੁਸ਼ੀ<br>ਨਾਲ ਦੱਸਣ ਦੀ<br>ਲੋੜ ਪੈਣ 'ਤੇ ਦੁਨੀਆਂ ਛੱਡ<br>ਕੇ ਨੱਸਣ ਦੀ<br>ਜ਼ਰੂਰਤ ਵਿਚ ਸੱਚੀ ਦੋਸਤੀ ਪਰਖਣ ਦੀ<br>ਜ਼ਰੂਰਤ ਹੈ..........<br>ਸੱਚੀ ਮੁਹੱਬਤ<br>ਵਿਚ ਧੋਖੇ ਨਾ ਦੇਣ ਦੀ<br>ਜ਼ਿਆਦਤੀ 'ਚ ਅੱਖਾਂ ਬੰਦ ਨਾ ਕਰ<br>ਬੈਠਣ ਦੀ ਪਿੱਠ ਪਿੱਛੇ ਛੁਰੀ<br>ਨਾ ਮਾਰਨ ਦੀ<br>ਹਰ ਸੱਚੇ ਵਿਸ਼ਵਾਸ ਨੂੰ ਨਾ ਤੋੜਨ<br>ਦੀ ਜ਼ਰੂਰਤ ਹੈ........ਜ਼ਰੂਰਤ ਹੈ<br>ਫੁੱਲਾਂ ਨੂੰ ਸਮੇਂ ਤੋਂ ਪਹਿਲਾਂ<br>ਮੁਰਝਾਉਣ ਤੋਂ ਬਚਾਉਣ ਦੀ<br>ਬੱਚਿਆਂ ਨੂੰ ਖੇਡਾਂ ਖਿਡਾਉਣ ਦੀ<br>ਕੁੜੀਆਂ ਨੂੰ<br>ਇਸ ਦੁਨੀਆਂ 'ਚ ਲਿਆਉਣ ਦੀ<br>ਰੱਬ ਨੂੰ ਵਾਪਸ ਦੁਨੀਆਂ ਵਿਚ<br>ਵਸਾਉਣ ਦੀ<br>ਰੋਂਦੀਆਂ ਅੱਖੀਆਂ<br>ਨੂੰ ਹਸਾਉਣ ਦੀ<br>ਟੁੱਟੇ ਦਿਲਾਂ ਨੂੰ ਜੋੜਨ ਦੀ<br>ਵਿਗੜਦੀਆਂ<br>ਤਸਵੀਰਾਂ ਬਣਾਉਣ ਦੀ<br>ਦੁਨੀਆਂ ਵਿਚ ਨਵਾਂ<br>ਚਮਨ ਖਿਲਾਉਣ ਦੀ<br>ਅੱਜ! ਜ਼ਰੂਰਤ<br>ਹੈ........ਜ਼ਰੂਰਤ ਹੈ

- ਤਰਨ

# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਲੈ ਕੇ ਜਥੇਦਾਰ ਗੜਗੱਜ ਦੀ ਲੋਕਾਂ ਨੂੰ ਅਪੀਲ !

**ਕੌਮੀ ਪਤ੍ਰਿਕਾ**

ਸ੍ਰੀ ਅਨੰਦਪੁਰ ਸਾਹਿਬ 18 ਨਵੰਬਰ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਅੱਜ ਸ਼?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਰੂਹਾਨੀਅਤ ਅਤੇ ਖਾਲਸਈ ਜਾਹੋ-ਜਲਾਲ ਵਾਲੇ ਮਾਹੌਲ ’ਚ 35 ਹਜ਼ਾਰ ਸਹਿਜ ਪਾਠਾਂ ਦੇ ਸਮੂਹਿਕ ਰੂਪ ਵਿਚ ਭੋਗ ਪਾਏ ਗਏ, ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਦੇਸ਼-ਵਿਦੇਸ਼ ਦੀਆਂ ਸੰਗਤਾਂ ਵੱਲੋਂ ਰੱਖੇ ਗਏ ਸਨ। ਇਸ ਮੌਕੇ ਵਿਸ਼ਾਲ ਗੁਰਮਤਿ ਸਮਾਗਮ ‘ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਡਾ. ਦਲਜੀਤ ਸਿੰਘ ਚੀਮਾ ਸਮੇਤ ਪ੍ਰਮੁੱਖ ਸ਼ਖ਼ਸ਼ੀਅਤਾਂ ਅਤੇ ਵੱਡੀ ਗਿਣਤੀ ਸੰਗਤਾਂ ਨੇ ਹਾਜ਼ਰੀ ਭਰੀ। ਇਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਹਿਜ ਪਾਠ ਕਰਨ ਵਾਲੀਆਂ ਸੰਗਤਾਂ ਨੂੰ ਵਧਾਈ ਦਿੰਦੇ ਕਿਹਾ ਕਿ ਹਰੇਕ ਸਿੱਖ ਨੂੰ ਜੀਵਨ ਵਿਚ ਵੱਧ ਤੋਂ ਵੱਧ ਸਹਿਜ ਪਾਠ ਕਰਕੇ ਗੁਰਬਾਣੀ ਨੂੰ ਜੀਵਨ ਵਿਚ ਧਾਰਨ ਕਰਨ ਦਾ ਯਤਨ ਕਰਨਾ ਚਾਹੀਦਾ ਹੈ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਅਪੀਲ ਕੀਤੀ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਮੌਕੇ 23 ਨਵੰਬਰ ਤੋਂ 29 ਨਵੰਬਰ ਤੱਕ ਆਪਣੇ ਘਰਾਂ, ਵਪਾਰਕ ਅਦਾਰਿਆਂ ਅਤੇ ਹੋਰ ਥਾਵਾਂ ‘ਤੇ ਖ਼ਾਲਸਈ ਨਿਸ਼ਾਨ ਸਾਹਿਬ ਝੁਲਾਏ ਜਾਣ ਤਾਂ ਜੋ ਦੁਨੀਆ ਨੂੰ ਇਹ ਦੱਸਿਆ ਜਾ ਸਕੇ ਕਿ ਅੱਜ ਵਿਸ਼ਵ ਭਰ ਵਿਚ ਸਿੱਖ ਕੌਮ ਦਾ ਜੋ ਨਿਆਰਾ ਜਾਹੋ-ਜਲਾਲ ਹੈ, ਇਹ ਸ੍ਰੀ ਗੁਰੂ



ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਦੇ ਸਦਕਾ ਹੈ। ਉਨ੍ਹਾਂ ਕਿਹਾ ਕਿ ਦੁਨੀਆ ਵਿਚ ਆਪਣੇ ਧਰਮ ਦੀ ਖਾਤਰ ਕੁਰਬਾਨ ਹੋਣ ਵਾਲੇ ਅਨੇਕਾਂ ਰਹਿਬਰ ਮਿਲ ਜਾਣਗੇ ਪਰ ਦੂਜਿਆਂ ਦੇ ਵਿਸ਼ਵਾਸਾਂ ਦੀ ਰੱਖਿਆ ਲਈ ਮਹਾਨ ਸ਼ਹਾਦਤ ਦੇਣ ਵਾਲੇ ਸਿਰਫ਼ ਸ੍ਰੀ ਗੁਰੂ ਤੇਗ ਬਹਾਦਰ ਜੀ ਹਨ। ਉਨ੍ਹਾਂ ਦੇਸ਼ ਵਿਚ ਵੱਖ-ਵੱਖ ਥਾਵਾਂ ‘ਤੇ ਸਿੱਖਾਂ ਨੂੰ ਕਿਰਪਾਨ ਅਤੇ ਕੜਾ ਪਹਿਨਣ ਤੋਂ ਰੋਕਣ ਦੀਆਂ ਘਟਨਾਵਾਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਜੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਦੇ ਚਾਂਦਨੀ ਚੌਕ ਵਿਚ ਸੀਸ ਕਟਵਾ ਕੇ ਸਮੇਂ ਦੇ ਹੁਕਮਰਾਨ ਔਰੰਗਜ਼ੇਬ ਨੂੰ ਇਹ ਦੱਸ ਦਿੱਤਾ ਸੀ ਕਿ ਧੱਕੇ ਨਾਲ ਕਿਸੇ ਦੇ ਧਾਰਮਿਕ ਚਿੰਨ੍ਹ ਨਹੀਂ ਲੁਹਾਏ ਜਾ ਸਕਦੇ ਤਾਂ ਅੱਜ ਵੀ ਸਮੇਂ ਦੀ ਸਰਕਾਰ ਨੂੰ ਸਮਝ ਜਾਣਾ ਚਾਹੀਦਾ ਹੈ ਕਿ ਸਿੱਖ ਆਪਣੇ ਧਾਰਮਿਕ ਕਕਾਰਾਂ ਦੀ ਖਾਤਰ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਵਿਸ਼ਾਲ ਮੈਦਾਨ ਵਿਚ ਸਜੇ ਪੰਡਾਲ ਵਿਚ ਧਾਰਮਿਕ ਦੀਵਾਨ ਵਿਚ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕਰਕੇ ਪਾਵਨ ਗੁਰਬਾਣੀ ਦੇ ਪਾਠ ਕੀਤੇ ਅਤੇ ਗੁਰੂ ਸਾਹਿਬਾਨ ਪ੍ਰਤੀ ਸ਼ਰਧਾ ਅਤੇ ਸਤਿਕਾਰ ਭੇਟ ਕੀਤਾ। ਸਮਾਗਮ ਦੌਰਾਨ ਰਾਗੀ, ਪ੍ਰਚਾਰਕ, ਢਾਡੀ ਤੇ ਕਵੀਸ਼ਰ ਜਥਿਆਂ ਨੇ ਵੀ ਸੰਗਤਾਂ ਨਾਲ ਗੁਰ ਇਤਿਹਾਸ ਦੀ ਸਾਂਝ ਪਾਈ। ਅਰਦਾਸ ਗਿਆਨੀ ਜੋਗਿੰਦਰ ਸਿੰਘ ਨੇ ਕੀਤੀ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਦਾ 350 ਸਾਲਾ ਦਿਹਾੜਾ ਇਕ ਅਹਿਮ ਮੌਕਾ ਹੈ, ਜਿਸ ਨੂੰ ਸਮਰਪਿਤ ਹੁੰਦੇ ਅੱਜ ਦੀ ਸਰਕਾਰ ਨੂੰ ਵੱਡਾ ਦਿਲ ਵਿਖਾਉਂਦਿਆਂ ਬੰਦੀ ਸਿੰਘਾਂ ਦੀ ਰਿਹਾਈ ਦਾ ਐਲਾਨ ਕਰਨਾ ਚਾਹੀਦਾ ਹੈ। ਉਨ੍ਹਾਂ ਨੌਵੇਂ ਪਾਤਸ਼ਾਹ ਦੀ ਸ਼ਹੀਦੀ ਸ਼ਤਾਬਦੀ ਸਬੰਧੀ 23 ਨਵੰਬਰ ਤੋਂ 29 ਨਵੰਬਰ ਤੱਕ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਕੌਮੀ ਪੱਧਰ ਦੇ ਗੁਰਮਤਿ ਸਮਾਗਮਾਂ ਵਿਚ ਵੱਧ ਤੋਂ ਵੱਧ ਸੰਗਤ ਨੂੰ ਪਰਿਵਾਰਾਂ ਸਮੇਤ ਪਹੁੰਚ ਕੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੂੰ ਅਕੀਦਤ ਦੇ ਫੁੱਲ ਭੇਟ ਕਰਨ ਦੀ ਅਪੀਲ ਕੀਤੀ। ਇਸ ਮੌਕੇ ਸ਼?ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਡਾ. ਦਿਲਜੀਤ ਸਿੰਘ ਭਿੰਡਰ, ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਪਰਮਜੀਤ ਸਿੰਘ ਲੱਖੇਵਾਲ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ, ਬਾਬਾ ਨਿਹਾਲ ਸਿੰਘ ਬਾਬਾ ਬਿਧੀ ਚੰਦ ਸੰਪਰਦਾ, ਬਾਬਾ ਸਤਨਾਮ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਵਾਲੇ, ਸ੍ਰੀ ਗੁਰੂ ਤੇਗ਼ ਬਹਾਦਰ ਖਾਲਸਾ ਕਾਲਜ ਦੇ ਪ੍ਰਿੰਸੀਪਲ ਜਸਬੀਰ ਸਿੰਘ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਗੁਰਦੀਪ ਸਿੰਘ ਕੰਗ, ਵਧੀਕ ਮੈਨੇਜਰ ਐਡਵੋਕੇਟ ਹਰਦੇਵ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਨਰਿੰਦਰ ਸਿੰਘ ਭਵਾਨੀਗੜ੍ਹ, ਸਹਿਜ ਪਾਠ ਸੇਵਾ ਸੰਸਥਾ ਤੋਂ ਭਾਈ ਜਗਰੂਪ ਸਿੰਘ, ਭਾਈ ਰਾਜਪਾਲ ਸਿੰਘ, ਦਵਿੰਦਰ ਸਿੰਘ ਚੀਫ਼, ਸਿੱਖ ਮਿਸ਼ਨਰੀ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਪ੍ਰਿੰਸੀਪਲ ਚਰਨਜੀਤ ਸਿੰਘ, ਭਾਈ ਗੁਰਮੀਤ ਸਿੰਘ ਬਡੂ ਸਾਹਿਬ, ਭਗਤ ਸਿੰਘ ਚਨੌਲੀ, ਸੁਰਿੰਦਰ ਸਿੰਘ ਮਟੌਰ, ਹਰਦੇਵ ਸਿੰਘ ਦੇਬੀ, ਬਾਬਾ ਸਰੂਪ ਸਿੰਘ ਡੂਮੇਵਾਲ ਸਮੇਤ ਵੱਡੀ ਗਿਣਤੀ ਸੰਗਤਾਂ ਹਾਜ਼ਰ ਸਨ।

## ਦਿਸ਼ਾ ਪਟਾਨੀ ਦੇ ਘਰ ’ਤੇ ਹਮਲੇ ਮਗਰੋਂ ਪ੍ਰਸ਼ਾਸਨ ਦੀ ਵੱਡੀ ਕਾਰਵਾਈ !

ਨੈਸ਼ਨਲ ਡੈਸਕ 18 ਨਵੰਬਰ। ਬਰੇਲੀ ਦੀ ਰਹਿਣ ਵਾਲੀ ਬਾਲੀਵੁੱਡ ਅਦਾਕਾਰਾ ਦਿਸ਼ਾ ਪਟਾਨੀ ਦੇ ਪਿਤਾ ਅਤੇ ਰਿਟਾਇਰਡ ਡੀਐੱਸਪੀ ਜਗਦੀਸ਼ ਪਟਾਨੀ ਨੂੰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਰਮਜ਼ (ਹਥਿਆਰ) ਲਾਇਸੈਂਸ ਜਾਰੀ ਕਰ ਦਿੱਤਾ ਗਿਆ ਹੈ। ਇਕ ਸੀਨੀਅਰ ਅਧਿਕਾਰੀ ਨੇ ਇਸ ਦੀ ਪੁਸ਼ਟੀ ਕੀਤੀ ਹੈ। ਇਹ ਕਦਮ ਉਸ ਘਟਨਾ ਤੋਂ ਬਾਅਦ ਲਿਆ ਗਿਆ ਹੈ ਜਿਸ ’ਚ 12 ਸਤੰਬਰ 2025 ਨੂੰ ਮੋਟਰਸਾਈਕਲ ‘ਤੇ ਸਵਾਰ 2 ਅਣਪਛਾਤੇ ਹਮਲਾਵਰਾਂ ਨੇ ਜਗਦੀਸ਼ ਪਟਾਨੀ ਦੇ ਬਰੇਲੀ ਸਥਿਤ ਘਰ ਦੇ ਬਾਹਰ ਲਗਭਗ 10 ਗੋਲੀਆਂ ਚਲਾਈਆਂ ਸਨ। ਘਟਨਾ ਤੋਂ ਬਾਅਦ ਉਨ੍ਹਾਂ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਆਰਮਜ਼ ਲਾਇਸੈਂਸ ਲਈ ਅਰਜ਼ੀ ਦਿੱਤੀ ਸੀ। ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਾਥ ਨੇ ਜਗਦੀਸ਼ ਪਟਾਨੀ ਨੂੰ



ਸੁਰੱਖਿਆ ਦਾ ਭਰੋਸਾ ਦਿੱਤਾ ਸੀ। ਬਰੇਲੀ ਦੇ ਜ਼ਿਲ੍ਹਾ ਅਧਿਕਾਰੀ (ਡੀਐੱਮ) ਅਵਨੀਸ਼ ਸਿੰਘ ਮੁਤਾਬਿਕ, ਸਾਰੀ ਜਾਂਚ ਅਤੇ ਅਧਿਕਾਰਕ ਕਾਰਵਾਈ ਪੂਰੀ ਹੋਣ ਤੋਂ ਬਾਅਦ ਉਨ੍ਹਾਂ ਨੂੰ ਰਿਵੌਲਵਰ/ਪਿਸਤੌਲ ਦਾ ਲਾਇਸੈਂਸ ਜਾਰੀ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ 12 ਸਤੰਬਰ 2025 ਨੂੰ ਮੋਟਰਸਾਈਕਲ ਸਵਾਰ 2 ਅਣਪਛਾਤੇ ਹਮਲਾਵਰਾਂ ਨੇ ਪਟਾਨੀ ਦੇ ਘਰ ਦੇ ਬਾਹਰ ਲਗਭਗ 10 ਗੋਲੀਆਂ ਚਲਾਈਆਂ ਸਨ। ਇਸ ਸੰਬੰਧ ’ਚ ਕੋਤਵਾਲੀ ਥਾਣੇ ’ਚ ਮਾਮਲਾ ਦਰਜ ਕੀਤਾ ਗਿਆ ਅਤੇ 17 ਸਤੰਬਰ ਨੂੰ ਗਾਜ਼ੀਆਬਾਦ ’ਚ ਉੱਤਰ ਪ੍ਰਦੇਸ਼ ਪੁਲਸ ਦੇ ਵਿਸ਼ੇਸ਼ ਕਾਰਜ ਫ਼ੋਰਸ (ਐੱਸਟੀਐੱਫ), ਹਰਿਆਣਾ ਐੱਸਟੀਐੱਫ ਅਤੇ ਦਿੱਲੀ ਪੁਲਸ ਦੀ ਸੰਯੁਕਤ ਟੀਮ ਨਾਲ ਮੁਕਾਬਲੇ ’ਚ ਰਵਿੰਦਰ ਅਤੇ ਅਰੁਣ ਨਾਂ ਦੇ 2 ਸ਼ੱਕੀ ਮਾਰੇ ਗਏ ਸਨ। ਬਰੇਲੀ ਦੇ ਸੀਨੀਅਰ ਪੁਲਸ ਸੁਪਰਡੈਂਟ ਅਨੁਰਾਗ ਆਰੀਆ ਨੇ ਪੁਸ਼ਟੀ ਕੀਤੀ ਕਿ ਜਗਦੀਸ਼ ਪਟਾਨੀ ਦੇ ਘਰ ’ਤੇ ਸੁਰੱਖਿਆ ਬਰਕਰਾਰ ਰਹੇਗੀ।

## 80 ਸਾਲਾ ਕਿਸਾਨ ’ਤੇ ਇੱਕ ਅਵਾਰਾ ਸਾਨ੍ਹ ਦਾ ਜਾਨਲੇਵਾ ਹਮਲਾ, ਮੌਤ

ਵੈੱਬ ਡੈਸਕ 18 ਨਵੰਬਰ। ਉੱਤਰ ਪ੍ਰਦੇਸ਼ ਦੇ ਕੌਸ਼ਾਂਬੀ ਜ਼ਿਲ੍ਹੇ ਦੇ ਮੰਝਨਪੁਰ ਥਾਣਾ ਖੇਤਰ ਵਿੱਚ ਐਤਵਾਰ ਸਵੇਰੇ ਇੱਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ। ਇਲਾਕੇ ਦੇ ਜੁਬਰਾ ਪਿੰਡ ਦੇ ਰਹਿਣ ਵਾਲੇ 80 ਸਾਲਾ ਚੰਦਰਸ਼ੇਖਰ ਪਾਂਡੇ ਆਪਣੇ ਘਰ ਦੇ ਬਾਹਰ ਬੈਠੇ ਸਨ ਜਦੋਂ ਇੱਕ ਅਵਾਰਾ ਸਾਨ੍ਹ ਨੇ ਉਨ੍ਹਾਂ ’ਤੇ ਹਮਲਾ ਕਰ ਦਿੱਤਾ। ਪੁਲਸ ਦੇ ਅਨੁਸਾਰ, ਬਲਦ ਦੇ ਹਮਲੇ ’ਚ ਗੰਭੀਰ ਜ਼ਖਮੀ ਹੋਏ ਚੰਦਰਸ਼ੇਖਰ ਨੂੰ ਤੁਰੰਤ ਨੇੜਲੇ ਪਿੰਡ ਵਾਸੀਆਂ ਨੇ ਬਚਾਇਆ ਤੇ ਨੇੜਲੇ ਨਿੱਜੀ ਹਸਪਤਾਲ ਲਿਜਾਇਆ ਗਿਆ। ਬਜ਼ੁਰਗ ਕਿਸਾਨ ਦੀ ਹਸਪਤਾਲ ’ਚ ਇਲਾਜ ਦੌਰਾਨ ਮੌਤ ਹੋ ਗਈ। ਮੰਝਨਪੁਰ ਪੁਲਸ ਸਰਕਲ ਅਫਸਰ (ਸੀਓ) ਸ਼ਿਵਾਂਕ ਸਿੰਘ ਨੇ ਕਿਹਾ ਕਿ ਘਟਨਾ ਦੀ ਸੂਚਨਾ ਮਿਲਣ ’ਤੇ ਪੁਲਸ ਮੌਕੇ ’ਤੇ ਪਹੁੰਚੀ। ਜ਼ਖਮੀ ਕਿਸਾਨ ਦੀ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਤੇ ਬਲਦ ਨੂੰ ਲੱਭਣ ਲਈ ਤਲਾਸ਼ੀ ਮੁਹਿੰਮ ਚਲਾਈ ਜਾ ਰਹੀ ਹੈ। ਇਸ ਘਟਨਾ ਕਾਰਨ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕਾਂ ’ਚ ਡਰ ਦਾ ਮਾਹੌਲ ਹੈ। ਸਥਾਨਕ ਲੋਕ ਪ੍ਰਸ਼ਾਸਨ ਤੋਂ ਮੰਗ ਕਰ ਰਹੇ ਹਨ ਕਿ ਆਵਾਰਾ ਬਲਦਾਂ ਨੂੰ ਕਾਬੂ ਕਰਨ ਲਈ ਕਦਮ ਚੁੱਕੇ ਜਾਣ।

## ਪਾਵਰਕਾਮ ਦਾ ਵੱਡੀ ਪਹਿਲਕਦਮੀ, ਸਬਜ਼ੀ ਮੰਡੀ ’ਚ 27 ਕਰੋੜ ਦੀ ਲਾਗਤ ਨਾਲ ਤਿਆਰ ਹੋਵੇਗਾ ਨਵਾਂ ਬਿਜਲੀ ਘਰ

ਲੁਧਿਆਣਾ 18 ਨਵੰਬਰ। ਮਹਾਨਗਰ ਵਿਚ ਬਹਾਦਰਕੇ ਰੋਡ ਸਥਿਤ ਹੋਲਸੇਲ ਸਬਜ਼ੀ ਮੰਡੀ ਦੇ ਅੰਦਰ ਪੈਂਦੇ ਪਾਲਕ ਬਾਜ਼ਾਰ ਦੀ 2609 ਗਜ਼ ਜ਼ਮੀਨ ’ਤੇ ਪਾਵਰਕਾਮ ਵਲੋਂ 27 ਕਰੋੜ ਰੁਪਏ ਦੀ ਲਾਗਤ ਨਾਲ 66 ਕੇ. ਵੀ. ਦਾ ਨਵਾਂ ਬਿਜਲੀ ਘਰ ਸਥਾਪਿਤ ਕੀਤਾ ਜਾ ਰਿਹਾ ਹੈ, ਜਿਸ ਲਈ ਪਾਵਰਕਾਮ ਵਿਭਾਗ ਦੇ ਅਧਿਕਾਰੀਆਂ ਵਲੋਂ ਸਾਰੀਆਂ ਤਿਆਰੀਆਂ ਲਗਭਗ ਮੁਕੰਮਲ ਕਰ ਲਈਆਂ ਗਈਆਂ ਹਨ। ਪੰਜਾਬ ਸਰਕਾਰ ਵਲੋਂ ਸਬਜ਼ੀ ਮੰਡੀ ਵਿਚ ਸਥਾਪਿਤ ਕੀਤੇ ਜਾ ਰਹੇ ਨਵੇਂ ਬਿਜਲੀ ਘਰ ਲਈ ਸਾਢੇ 7 ਕਰੋੜ ਰੁਪਏ ਵਿਚ ਖਰੀਦੀ ਗਈ ਜ਼ਮੀਨ ਦਾ ਦੌਰਾ ਕਰਨ ਲਈ ਵਿਧਾਨ ਸਭਾ ਹਲਕਾ ਪੂਰਬੀ ਦੇ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਪਾਵਰਕਾਮ ਵਿਭਾਗ ਦੀ ਸੁੰਦਰ ਨਗਰ ਡਵੀਜ਼ਨ ਵਿਚ ਤਾਇਨਾਤ ਐਕਸੀਅਨ ਜਗਮੋਹਨ ਸਿੰਘ ਜੰਡੂ ਦੇ ਨਾਲ ਮੌਕੇ ਦਾ



ਜਾਇਜ਼ਾ ਲਿਆ ਹੈ। ਉਨ੍ਹਾਂ ਦੱਸਿਆ ਕਿ ਇਲਾਕੇ ਵਿਚ ਨਵਾਂ ਬਿਜਲੀ ਘਰ ਸਥਾਪਿਤ ਹੋਣ ਨਾਲ ਪਾਵਰਕਾਮ ਵਿਭਾਗ ਦੀ ਸਿਟੀ ਵੈਸਟ ਡਵੀਜ਼ਨ ਅਤੇ ਸੁੰਦਰ ਨਗਰ ਡਵੀਜ਼ਨ ਦੇ 24 ਦੇ ਕਰੀਬ ਫੀਡਰਾਂ ਦੀ ਸਪਲਾਈ ਵਿਚ ਬਿਜਲੀ ਘਰ ਵਿਚ ਟ?ਰਾਂਸਫਰ ਕੀਤੀ ਜਾਵੇਗੀ, ਜਿਸ ਨਾਲ ਡੇਢ ਦਰਜਨ ਦੇ ਕਰੀਬ ਇਲਾਕਿਆਂ ਵਿਚ ਵਸੇ 3000 ਦੇ ਕਰੀਬ ਪਰਿਵਾਰਾਂ ਨੂੰ ਬਿਜਲੀ ਸਬੰਧੀ ਸਮੱਸਿਆਵਾਂ ਤੋਂ ਵੱਡੀ ਰਾਹਤ ਨਸੀਬ ਹੋਵੇਗੀ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਗੁਰਜੀਤ ਸਿੰਘ ਗਿੱਲ ਅਤੇ ਸੈਕਟਰੀ ਹਰਿੰਦਰ ਸਿੰਘ ਗਿੱਲ ਮੁੱਖ ਤੌਰ ’ਤੇ ਹਾਜ਼ਰ ਰਹੇ। ਲੁਧਿਆਣਾ ਸਬਜ਼ੀ ਮੰਡੀ ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਕੁਲਪ੍ਰੀਤ ਸਿੰਘ ਰੂਬਲ, ਚੇਅਰਮੈਨ ਵਿਕਾਸ ਗੋਇਲ ਵਿੱਕੀ, ਮੁੱਖ ਸਰਪ੍ਰਸਤ ਰਾਜੂ ਮਲਿਕ, ਸਰਪ੍ਰਸਤ ਗੁਰਵਿੰਦਰ ਸਿੰਘ ਮੰਗਾ, ਜਨਰਲ ਸੈਕਟਰੀ ਗੁਰਪ੍ਰੀਤ ਸਿੰਘ, ਉਪ ਚੇਅਰਮੈਨ ਹਰਮਿੰਦਰ ਪਾਲ ਸਿੰਘ ਬਿੱਟੂ, ਉਪ ਪ੍ਰਧਾਨ ਸ਼ੈਂਕੀ ਚਾਵਲਾ, ਕੈਸ਼ੀਅਰ ਡੀ. ਸੀ. ਚਾਵਲਾ ਆਦਿ ਨੇ ਸਰਕਾਰ ਵਲੋਂ ਕੀਤੇ ਜਾ ਰਹੇ ਇਲਾਕੇ ਦੇ ਵਿਕਾਸ ਕੰਮਾਂ ਦਾ ਜ਼ੋਰਦਾਰ ਸਵਾਗਤ ਕੀਤਾ ਹੈ।

## ਦਿੱਲੀ-ਜੈਪੁਰ ਹਾਈਵੇਅ ’ਤੇ ਚੱਲਦੀ ਕਾਰ ਬਣੀ ਅੱਗ ਦਾ ਗੋਲਾ !

ਰੇਵਾੜੀ 18 ਨਵੰਬਰ। ਦਿੱਲੀ-ਜੈਪੁਰ ਰਾਸ਼ਟਰੀ ਰਾਜਮਾਰਗ 48 ’ਤੇ ਅੱਜ ਸਵੇਰੇ ਇੱਕ ਵੱਡਾ ਹਾਦਸਾ ਹੋਣ ਤੋਂ ਟਲ ਗਿਆ। ਗਾਜ਼ੀਆਬਾਦ ਤੋਂ ਜੈਪੁਰ ਜਾ ਰਹੇ ਮੋਹਿਤ ਨਾਮ ਦੇ ਇੱਕ ਨੌਜਵਾਨ ਦੀ ਬ੍ਰੇਜ਼ਾ ਕਾਰ ਅਚਾਨਕ ਅੱਗ ਦੀ ਲਪੇਟ ਵਿਚ ਆ ਗਈ। ਇਹ ਹਾਦਸਾ ਰੇਵਾੜੀ ਨੇੜੇ ਬਾਣੀਪੁਰ ਚੌਕ ਫਲਾਈਓਵਰ ਨੇੜੇ ਵਾਪਰਿਆ ਹੈ। ਅੱਗ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਪੂਰੀ ਕਾਰ ਕੁਝ ਹੀ ਸਮੇਂ ਵਿੱਚ ਸੜ ਕੇ ਸੁਆਹ ਹੋ ਗਈ ਪਰ ਡਰਾਈਵਰ ਮੋਹਿਤ ਸਮੇਂ ਸਿਰ ਬਾਹਰ ਨਿਕਲ ਗਿਆ ਅਤੇ ਉਸਦੀ ਜਾਨ ਬਚ ਗਈ। ਜਾਣਕਾਰੀ ਅਨੁਸਾਰ ਮੋਹਿਤ ਆਪਣੀ ਕੰਪਨੀ ਦੀ ਮੀਟਿੰਗ ਲਈ ਗਾਜ਼ੀਆਬਾਦ ਤੋਂ ਜੈਪੁਰ ਜਾ ਰਿਹਾ ਸੀ। ਸਵੇਰੇ ਲਗਭਗ 3 ਵਜੇ ਇੱਕ ਨੀਲ ਗਾਂ ਅਚਾਨਕ ਹਾਈਵੇਅ ’ਤੇ ਆ ਗਈ। ਇਸਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਕਾਰ ਬੇਕਾਬੂ ਹੋ ਗਈ। ਥੋੜ੍ਹੀ ਦੂਰੀ ਤੈਅ ਕਰਨ ਤੋਂ ਬਾਅਦ ਬਾਨੀਪੁਰ ਚੌਕ ਦੇ ਨੇੜੇ ਅਚਾਨਕ ਕਾਰ ਦੇ ਬੋਨਟ ਨੂੰ ਅੱਗ ਲੱਗ ਗਈ। ਅੱਗ ਫੈਲਦੀ ਦੇਖ ਕੇ ਡਰਾਈਵਰ ਨੇ ਉਸੇ ਸਮੇਂ ਕਾਰ ਵਿਚੋਂ ਛਾਲ ਮਾਰ ਦਿੱਤੀ ਅਤੇ ਆਪਣੀ ਜਾਨ ਬਚਾਈ। ਮੋਹਿਤ ਨੇ ਫਿਰ ਅੱਗ ਬੁਝਾਉਣ ਦੀ ਕੋਸ਼ਿਸ਼ ਕੀਤੀ ਪਰ ਜਦੋਂ ਉਹ ਅਸਫਲ ਰਿਹਾ, ਤਾਂ ਉਸਨੇ ਤੁਰੰਤ 100 ’ਤੇ ਪੁਲਸ ਕੰਟਰੋਲ ਰੂਮ ਨੂੰ ਸੂਚਿਤ ਕੀਤਾ। ਸੂਚਨਾ ਮਿਲਦੇ ਹੀ ©819 ਦੀ ਟੀਮ, ਫਾਇਰ ਵਿਭਾਗ ਅਤੇ ਘਾੜੀ ਬੋਲਨੀ ਪੁਲਿਸ ਸਟੇਸ਼ਨ ਮੌਕੇ ’ਤੇ ਪਹੁੰਚ ਗਏ। ਫਾਇਰ ਬ੍ਰਿਗੇਡ ਨੇ ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਅੱਗ ’ਤੇ ਕਾਬੂ ਪਾਇਆ ਪਰ ਉਦੋਂ ਤੱਕ ਕਾਰ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਆ ਚੁੱਕੀ ਸੀ। ਇਸ ਮਾਮਲੇ ਨੂੰ ਲੈ ਕੇ ਜਾਂਚ ਅਧਿਕਾਰੀ ਐਸਆਈ ਮਨੀਸ਼ ਨੇ ਦੱਸਿਆ ਕਿ ਉਨ੍ਹਾਂ ਨੂੰ ਕੰਟਰੋਲ ਰੂਮ ਤੋਂ ਅੱਗ ਲੱਗਣ ਦੀ ਸੂਚਨਾ ਮਿਲੀ ਸੀ। ਫਾਇਰਫਾਈਟਰਜ਼ ਨੇ ਮੌਕੇ ’ਤੇ ਪਹੁੰਚ ਕੇ ਅੱਗ ਬੁਝਾ ਦਿੱਤੀ। ਮੁੱਢਲੀ ਜਾਂਚ ਵਿੱਚ ਅੱਗ ਲੱਗਣ ਦਾ ਕਾਰਨ ਸ਼ਾਰਟ ਸਰਕਟ ਦੱਸਿਆ ਗਿਆ ਹੈ। ਡਰਾਈਵਰ ਮੋਹਿਤ ਸੁਰੱਖਿਅਤ ਹੈ ਅਤੇ ਇਸ ਵੇਲੇ ਕਸੋਲਾ ਪੁਲਸ ਸਟੇਸ਼ਨ ਖੇਤਰ ਵਿੱਚ ਹੈ। ਇਸ ਹਾਦਸੇ ਕਾਰਨ ਹਾਈਵੇਅ ’ਤੇ ਆਵਾਜਾਈ ਵਿੱਚ ਥੋੜ੍ਹੀ ਦੇਰ ਲਈ ਰੁੱਕ ਗਈ ਪਰ ਬਾਅਦ ਵਿੱਚ ਇਸਨੂੰ ਬਹਾਲ ਕਰ ਦਿੱਤਾ ਗਿਆ। ਪੁਲਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਰਾਹਤ ! ਘਟੀਆਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ, ਕਿਹੜੇ ਸ਼ਹਿਰ ’ਚ ਕਿੰਨੇ ਬਦਲੇ ਭਾਅ

ਬਿਜ਼ਨਸ ਡੈਸਕ 18 ਨਵੰਬਰ। ਸਰਕਾਰੀ ਤੇਲ ਕੰਪਨੀਆਂ ਨੇ ਸੋਮਵਾਰ ਸਵੇਰੇ ਪੈਟਰੋਲ ਅਤੇ ਡੀਜ਼ਲ ਦੀਆਂ ਨਵੀਨਤਮ ਪ੍ਰਚੂਨ ਕੀਮਤਾਂ ਜਾਰੀ ਕੀਤੀਆਂ ਹਨ। ਅੰਤਰਰਾਸ਼ਟਰੀ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਹਾਲ ਹੀ ਵਿੱਚ ਆਈ ਨਰਮੀ ਦੇਸ਼ ਭਰ ਦੇ ਕਈ ਸ਼ਹਿਰਾਂ ਵਿੱਚ ਦਿਖਾਈ ਦੇ ਰਹੀ ਸੀ। ਖਾਸ ਕਰਕੇ, ਬਿਹਾਰ ਦੀ ਰਾਜਧਾਨੀ ਪਟਨਾ ਵਿੱਚ, ਪੈਟਰੋਲ ਦੀਆਂ ਕੀਮਤਾਂ ਵਿੱਚ 53 ਪੈਸੇ ਪ੍ਰਤੀ ਲੀਟਰ ਦੀ ਗਿਰਾਵਟ ਆਈ। ਬਿਹਾਰ ਵਿੱਚ ਚੋਣਾਂ ਖਤਮ ਹੁੰਦੇ ਹੀ ਬਾਲਣ ਦੀਆਂ ਕੀਮਤਾਂ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ। ਹਰਿਆਣਾ ਦੇ ਗੁਰੂਗ੍ਰਾਮ ਵਿੱਚ, ਪੈਟਰੋਲ 24 ਪੈਸੇ ਡਿੱਗ ਕੇ 95.12 ਰੁਪਏ ਪ੍ਰਤੀ ਲੀਟਰ ਅਤੇ ਡੀਜ਼ਲ 23 ਪੈਸੇ ਡਿੱਗ ਕੇ 87.59 ਰੁਪਏ ਪ੍ਰਤੀ ਲੀਟਰ ਹੋ ਗਿਆ। ਰਾਜਸਥਾਨ ਦੀ ਰਾਜਧਾਨੀ ਜੈਪੁਰ ਵਿੱਚ, ਪੈਟਰੋਲ 68 ਪੈਸੇ ਡਿੱਗ ਕੇ 104.72 ਰੁਪਏ ਅਤੇ ਡੀਜ਼ਲ 61 ਪੈਸੇ ਡਿੱਗ ਕੇ 90.21 ਰੁਪਏ ਪ੍ਰਤੀ ਲੀਟਰ ਹੋ ਗਿਆ। ਇਸ ਦੌਰਾਨ, ਪਟਨਾ ਵਿੱਚ, ਪੈਟਰੋਲ 105.58 ਰੁਪਏ ਅਤੇ ਡੀਜ਼ਲ 91.82 ਰੁਪਏ ਪ੍ਰਤੀ ਲੀਟਰ ਵਿਕ ਰਿਹਾ ਹੈ। ਕੱਚੇ ਤੇਲ ਦੀ ਗੱਲ ਕਰੀਏ ਤਾਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਵੀ ਕੀਮਤਾਂ ਵਿੱਚ ਗਿਰਾਵਟ ਜਾਰੀ ਹੈ।

## ਪੰਜਾਬ ਦੇ ਇਹ ਜ਼ਿਲ੍ਹੇ ਸਭ ਤੋਂ ਅੱਗੇ, ਅਜੇ ਵੀ ਨਹੀਂ ਸੁਧਰੇ ਹਾਲਾਤ, ਪਰਾਲੀ ਸਾੜਨ ਦਾ ਅੰਕੜਾ ਕਰੇਗਾ ਹੈਰਾਨ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 18 ਨਵੰਬਰ। ਜਿਵੇਂ-ਜਿਵੇਂ ਝੋਨੇ ਦੀ ਕਟਾਈ ਦਾ ਸੀਜ਼ਨ ਆਪਣੇ ਆਖਰੀ ਪੜਾਅ ’ਤੇ ਪਹੁੰਚ ਰਿਹਾ ਹੈ। ਪਰਾਲੀ ਸਾੜਨ ਦੇ ਮਾਮਲੇ ਲਗਭਗ ਦੁੱਗਣੇ ਹੋ ਗਏ ਹਨ। ਸੈਟੇਲਾਈਟ ਰਾਹੀਂ ਅੰਮ੍ਰਿਤਸਰ ਜ਼ਿਲੇ ਵਿਚ ਪਰਾਲੀ ਸਾੜਨ ਦੇ 308 ਮਾਮਲਿਆਂ ਦਾ ਖੁਲਾਸਾ ਕੀਤਾ ਹੈ, ਜਦਕਿ 111 ਕਿਸਾਨਾਂ ਖਿਲਾਫ ਕੇਸ ਦਰਜ ਕੀਤੇ ਗਏ ਹਨ ਅਤੇ 109 ਖਿਲਾਫ ਲਾਲ ਐਂਟਰੀ ਹੋ ਚੁੱਕੀ ਹੈ। ਇਸ ਦੌਰਾਨ ਮੁੱਖ ਮੰਤਰੀ ਦਾ ਆਪਣਾ ਜ਼ਿਲ੍ਹਾ 677 ਦੇ ਨਾਲ ਪਰਾਲੀ ਸਾੜਨ ਦੇ ਮਾਮਲਿਆਂ ਵਿਚ ਸੂਚੀ ਵਿਚ ਸਭ ਤੋਂ ਅੱਗੇ ਹੈ, ਜਦਕਿ ਤਰਨਤਾਰਨ ਜ਼ਿਲਾ 652 ਕੇਸਾਂ ਦੇ ਨਾਲ ਦੂਜੇ ਸਥਾਨ ’ਤੇ ਹੈ। ਇਸੇ ਤਰ੍ਹਾਂ ਫਿਰੋਜ਼ਪੁਰ ਜ਼ਿਲੇ ਵਿਚ ਪਰਾਲੀ ਸਾੜਨ ਦੇ 465 ਮਾਮਲੇ ਸਾਹਮਣੇ ਆਏ ਹਨ, ਜਦਕਿ ਮੋਗਾ ਜ਼ਿਲੇ ਵਿਚ 308 ਮਾਮਲੇ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਬਠਿੰਡਾ ਜ਼ਿਲੇ ਵਿਚ 314 ਮਾਮਲੇ ਸਾਹਮਣੇ ਆਏ ਹਨ। ਜਾਣਕਾਰੀ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਪਰਾਲੀ ਸਾੜਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰ ਰਿਹਾ ਹੈ ਪਰ ਇਸ ਦੇ ਬਾਵਜੂਦ ਕਿਸਾਨ ਪਰਾਲੀ ਸਾੜਨ ਤੋਂ ਗੁਰੇਜ਼ ਨਹੀਂ ਕਰ ਰਹੇ ਹਨ। ਕੱਥੂਨੰਗਲ ਟੋਲ ਪਲਾਜ਼ਾ ਨੇੜੇ ਇਕ ਪ੍ਰਾਈਵੇਟ ਕੰਪਨੀ ਦੇ ਪੈਟਰੋਲ ਪੰਪ ਦੇ ਸਾਹਮਣੇ ਇਕ ਕਿਸਾਨ ਨੇ ਆਪਣੇ ਖੇਤਾਂ ਵਿਚ ਪਰਾਲੀ ਸਾੜ ਦਿੱਤੀ ਸੀ, ਜਿਸ ਦਾ ਨਤੀਜਾ ਘਾਤਕ ਹੋ ਸਕਦਾ ਸੀ ਪਰ ਪੈਟਰੋਲ ਪੰਪ ਅੱਗ ਦੀ ਲਪੇਟ ਵਿਚ ਆ ਜਾਂਦਾ ਹੈ ਤਾਂ ਵੱਡਾ ਹਾਦਸਾ ਹੋ ਸਕਦਾ ਸੀ। ਇਸ ਸਬੰਧ ਵਿੱਚ ਪੁਲਸ ਵਿਚ ਵੀ ਸ਼ਿਕਾਇਤ ਦਿੱਤੀ ਗਈ ਸੀ ਅਤੇ ਪੁਲਸ ਵਲੋਂ



ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ। ਪ੍ਰਸ਼ਾਸਨ ਵਲੋਂ ਪਟਵਾਰੀ ਦੇ ਜਾਇਦਾਦ ਦੇ ਰਿਕਾਰਡ ਵਿਚ ਰੈੱਡ ਐਂਟਰੀ ਵਾਲੀ ਜ਼ਮੀਨ ਆਸਾਨੀ ਨਾਲ ਨਹੀਂ ਵੇਚੀ ਜਾਂਦੀ, ਨਾ ਹੀ ਬੈਂਕਾਂ ਵਲੋਂ ਇਸ ਨੂੰ ਆਸਾਨੀ ਨਾਲ ਕਰਜ਼ਾ ਦਿੱਤਾ ਜਾਂਦਾ ਹੈ। ਜ਼ਮੀਨ ਵੇਚਣ ਜਾਂ ਹੋਰ ਕੰਮ ਕਰਨ ਲਈ ਕਈ ਰਸਮਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ, ਜਿਸ ਨਾਲ ਕਾਫ਼ੀ ਅਸੁਵਿਧਾ ਹੁੰਦੀ ਹੈ। ਪਰਾਲੀ ਦੇ ਸੰਬੰਧ ਵਿਚ ਪਰਾਲੀ ਨੂੰ ਦੱਬਣ ਲਈ ਪ੍ਰਤੀ ਏਕੜ ਲਗਭਗ 3,000 ਖਰਚ ਆਉਂਦਾ ਹੈ ਪਰ ਸਰਕਾਰ ਨੇ ਅਜੇ ਤੱਕ ਕਿਸਾਨਾਂ ਨੂੰ ਇਸ ਲਈ ਮੁਆਵਜ਼ਾ ਨਹੀਂ ਦਿੱਤਾ ਹੈ। ਲਗਾਤਾਰ ਸਰਕਾਰਾਂ ਵਲੋਂ ਐਲਾਨ ਕੀਤੇ ਗਏ ਹਨ ਪਰ ਹਕੀਕਤ ਵਿਚ ਕੁਝ ਵੀ ਨਹੀਂ ਦਿੱਤਾ ਗਿਆ ਹੈ। ਜਦੋਂ ਪਰਾਲੀ ਸਾੜਨ ਦੀ ਗੱਲ ਆਉਂਦੀ ਹੈ ਤਾਂ ਤਰਨਤਾਰਨ ਜੋ ਕਦੇ ਅੰਮ੍ਰਿਤਸਰ ਜ਼ਿਲੇ ਦਾ ਹਿੱਸਾ ਸੀ ਹੁਣ ਪਰਾਲੀ ਸਾੜਨ ਲਈ ਪੰਜਾਬ ਵਿਚ ਦੂਜੇ ਸਥਾਨ ’ਤੇ ਹੈ। ਤਰਨਤਾਰਨ ਵਿੱਚ ਪਰਾਲੀ ਸਾੜਨ ਦੇ ਸਭ ਤੋਂ ਵੱਧ ਮਾਮਲੇ ਹਨ। ਭਾਵੇਂ ਪ੍ਰਸ਼ਾਸਨ ਪਰਾਲੀ ਸਾੜਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰ ਰਿਹਾ ਹੈ ਪਰ ਕਿਸਾਨ ਆਪਣੀਆਂ ਕਾਰਵਾਈਆਂ ਜਾਰੀ ਰੱਖਦੇ ਹਨ। ਅੰਮ੍ਰਿਤਸਰ ਜ਼ਿਲੇ ਵਿਚ ਡੀ. ਸੀ. ਸਾਕਸ਼ੀ ਸਾਹਨੀ ਦੇ ਤਬਾਦਲੇ ਤੋਂ ਬਾਅਦ ਨਵੇਂ ਡੀ. ਸੀ ਦਲਵਿੰਦਰਜੀਤ ਸਿੰਘ ਪਰਾਲੀ ਸਾੜਨ ਵਾਲਿਆਂ ਖਿਲਾਫ ਸਖ਼ਤ ਕਾਰਵਾਈ ਕਰਨ ਲਈ ਦ੍ਰਿੜ ਹਨ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਸਖ਼ਤ ਕਾਰਵਾਈ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਜ਼ਿਲਾ ਪ੍ਰਸ਼ਾਸਨ ਨਾਲ ਪੁਲਸ ਵੀ ਕਿਸਾਨਾਂ ਨੂੰ ਲਗਾਤਾਰ ਜਾਗਰੂਕ ਕਰ ਰਹੀ ਹੈ ਅਤੇ ਪਰਾਲੀ ਨਾ ਸਾੜਨ ਦੀ ਅਪੀਲ ਕਰ ਰਿਹਾ ਹੈ। ਅੰਮ੍ਰਿਤਸਰ ਦਿਹਾਤੀ ਪੁਲਸ ਦੇ ਐੱਸ. ਐੱਸ. ਪੀ. ਮਨਿੰਦਰ ਸਿੰਘ ਖੁਦ ਜਾਗਰੂਕਤਾ ਕੈਂਪਾਂ ਵਿੱਚ ਸ਼ਾਮਲ ਹੋ ਰਹੇ ਹਨ ਅਤੇ ਕਿਸਾਨਾਂ ਨੂੰ ਅਪੀਲ ਕਰ ਰਹੇ ਹਨ, ਅਤੇ ਇਸ ਦਾ ਪ੍ਰਭਾਵ ਦਿਖਾਈ ਦੇ ਰਿਹਾ ਹੈ।

## ਹਸਪਤਾਲ ਦੀ ਵੱਡੀ ਲਾਪਰਵਾਹੀ: ਔਰਤ ਦੇ ਬੱਚੇਦਾਨੀ ’ਚ ਰਹਿ ਗਿਆ ਗੌਜ਼ ਪੈਡ, ਡੇਢ ਮਹੀਨੇ ਬਾਅਦ ਹੋਇਆ ਖੁਲਾਸਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 18 ਨਵੰਬਰ। ਲਖਨਊ ਦੇ ਗੋਸਾਈਗੰਜ ਵਿੱਚ ਕਮਿਊਨਿਟੀ ਹੈਲਥ ਸੈਂਟਰ (383) ਵਿੱਚ ਡਾਕਟਰੀ ਲਾਪਰਵਾਹੀ ਦਾ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਦੋਸ਼ ਹੈ ਕਿ ਸਿਜੇਰੀਅਨ ਡਿਲੀਵਰੀ ਦੌਰਾਨ, ਡਾਕਟਰਾਂ ਨੇ ਔਰਤ ਦੀ ਬੱਚੇਦਾਨੀ ਵਿੱਚ ਇੱਕ ਗੌਜ਼ ਪੈਡ ਛੱਡ ਦਿੱਤਾ, ਜੋ ਕਿ ਲਗਭਗ ਡੇਢ ਮਹੀਨੇ ਬਾਅਦ ਪਿਸ਼ਾਬ ਦੌਰਾਨ ਬਾਹਰ ਆਇਆ। ਪੀੜਤ ਪਰਿਵਾਰ ਨੇ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ ਅਤੇ IGRs ਪੋਰਟਲ ’ਤੇ ਵੀ ਸ਼ਿਕਾਇਤ ਦਰਜ ਕਰਵਾਈ ਹੈ, ਜਿਸ ਵਿੱਚ ਡਾਕਟਰਾਂ ਅਤੇ ਸਟਾਫ ’ਤੇ ਗੰਭੀਰ ਲਾਪਰਵਾਹੀ ਦਾ ਦੋਸ਼ ਲਗਾਇਆ ਗਿਆ ਹੈ। ਇਸ ਮਾਮਲੇ ਨੇ ਸਿਹਤ ਵਿਭਾਗ ਵਿੱਚ ਹਲਚਲ ਮਚਾ ਦਿੱਤੀ ਹੈ। ਬੇਗਾਰੀਆਮਊ ਦੇ ਨਿਵਾਸੀ ਰਤਨੇਸ਼ ਸਿੰਘ ਦੇ ਅਨੁਸਾਰ, ਉਸਦੀ ਪਤਨੀ ਸੋਨੀਆ ਨੂੰ 22 ਸਤੰਬਰ ਨੂੰ ਸੀਐਚਸੀ ਵਿੱਚ ਦਾਖਲ ਕਰਵਾਇਆ ਗਿਆ ਸੀ ਜਦੋਂ ਉਸਨੂੰ ਜਣੇਪੇ ਦੀ ਪੀੜ ਹੋਈ। ਸਿਜੇਰੀਅਨ ਤੋਂ ਬਾਅਦ, ਉਸਦੀ ਸਿਹਤ ਵਿਗੜ ਗਈ ਅਤੇ ਉਸਨੂੰ ਲੋਹੀਆ ਇੰਸਟੀਚਿਊਟ ਦੇ ਮੈਟਰਨਿਟੀ ਐਂਡ ਚਾਈਲਡ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਉਹ ਪੰਜ ਦਿਨ ਰਹੀ। ਘਰ ਵਾਪਸ ਆਉਣ ਤੋਂ ਕੁਝ



ਦਿਨਾਂ ਬਾਅਦ, ਉਸਦੇ ਟਾਂਕੇ ਪੱਕਣ ਲੱਗ ਗਏ। ਜਦੋਂ ਪਰਿਵਾਰ ਉਸਨੂੰ ਵਾਪਸ ਸੀਐਚਸੀ ਲੈ ਗਿਆ, ਤਾਂ ਡਾਕਟਰ ਨੇ ਕਥਿਤ ਤੌਰ ’ਤੇ ਇਲਾਜ ਤੋਂ ਇਨਕਾਰ ਕਰ ਦਿੱਤਾ ਅਤੇ ਉਨ੍ਹਾਂ ਨੂੰ ਕਿਸੇ ਹੋਰ ਹਸਪਤਾਲ ਜਾਣ ਦੀ ਸਲਾਹ ਦਿੱਤੀ। ਇਸ ਦੌਰਾਨ, ਵੀਰਵਾਰ ਨੂੰ, ਔਰਤ ਨੂੰ ਅਚਾਨਕ ਪੇਟ ਵਿੱਚ ਤੇਜ਼ ਦਰਦ ਹੋਇਆ। ਪਿਸ਼ਾਬ ਕਰਦੇ ਸਮੇਂ, ਉਸਨੂੰ ਕੱਪੜੇ ਵਰਗੀ ਚੀਜ਼ ਬਾਹਰ ਨਿਕਲਦੀ ਮਹਿਸੂਸ ਹੋਈ। ਜਦੋਂ ਪਰਿਵਾਰ ਨੇ ਇਸਨੂੰ ਬਾਹਰ ਕੱਢਿਆ, ਤਾਂ ਇੱਕ ਰੁਮਾਲ ਦੇ ਆਕਾਰ ਦਾ ਗੌਜ਼ ਪੈਡ ਮਿਲਿਆ। ਇੱਕ ਨਿੱਜੀ ਹਸਪਤਾਲ ਵਿੱਚ ਜਾਂਚ ਵਿੱਚ ਵੀ ਇਹ ਪੁਸ਼ਟੀ ਹੋਈ ਕਿ ਇਹ ਇੱਕ ਹੀਮੋਸਟੈਟਿਕ ਗੌਜ਼ ਪੈਡ ਹੈ। ਪਰਿਵਾਰ ਦਾ ਦਾਅਵਾ ਹੈ ਕਿ ਇਹ ਉਹੀ ਪੈਡ ਸੀ ??ਜੋ ਸਿਜੇਰੀਅਨ ਦੌਰਾਨ ਬੱਚੇਦਾਨੀ ਵਿੱਚ ਛੱਡਿਆ ਗਿਆ ਸੀ। ਸੀਐਚਸੀ ਸੁਪਰਡੈਂਟ ਡਾ. ਸੁਰੇਸ਼ ਚੰਦਰ ਪਾਂਡੇ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪਿਸ਼ਾਬ ਰਾਹੀਂ ਨਿਕਲਣ ਵਾਲਾ ਪੈਡ ਸੀਐਚਸੀ ਦੀ ਮਹਿਲਾ ਡਾਕਟਰ ਵੱਲੋਂ ਨਹੀਂ ਰੱਖਿਆ ਗਿਆ ਹੈ, ਕਿਉਂਕਿ ਔਰਤ ਲੋਹੀਆ ਇੰਸਟੀਚਿਊਟ ਤੋਂ ਰੈਫਰ ਕੀਤੇ ਜਾਣ ਤੋਂ ਬਾਅਦ ਇੱਕ ਨਿੱਜੀ ਹਸਪਤਾਲ ਵੀ ਗਈ ਸੀ। ਇਸ ਦੌਰਾਨ, ਸੀਐਮਓ ਡਾ. ਐਨ.ਬੀ. ਸਿੰਘ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜੇਕਰ ਲਾਪਰਵਾਹੀ ਸਾਬਤ ਹੁੰਦੀ ਹੈ, ਤਾਂ ਸ਼ਾਮਲ ਮਹਿਲਾ ਡਾਕਟਰ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਗੋਲੀਆਂ ਦੀ ਆਵਾਜ਼ ਨਾਲ ਦਹਿਲਿਆ ਜਲੰਧਰ ! ਕੰਬਿਆ ਇਲਾਕਾ, ਸਹਿਮੇ ਲੋਕ

ਜਲੰਧਰ 18 ਨਵੰਬਰ। ਜਲੰਧਰ ਦੀ ਮਿੱਠੂ ਬਸਤੀ ਵਿੱਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਇਥੇ ਤਾੜ-ਤਾੜ ਗੋਲ?ਆਂ ਚਲਾ ਦਿੱਤੀਆਂ ਗਈਆਂ। ਗੋਲ?ਆਂ ਚੱਲਣ ਦੀ ਘਟਨਾ ਦੀ ਸੀ. ਸੀ. ਟੀ. ਵੀ. ਵੀਡੀਓ ਵੀ ਸਾਹਮਣੇ ਆਈ ਹੈ। ਵੀਡੀਓ ਵਿੱਚ ਸਾਫ਼ ਦਿਖਾਈ ਦਿੰਦਾ ਹੈ ਕਿ ਕਿਵੇਂ ਇਲਾਕਾ ਭੀੜ-ਭੜੱਕੇ ਨਾਲ ਭਰਿਆ ਹੋਇਆ ਸੀ, ਲੋਕ ਆਪਣੀਆਂ ਦੁਕਾਨਾਂ ਵਿੱਚ ਬੈਠੇ ਸਨ ਅਚਾਨਕ ਕੁਝ ਲੋਕ ਹਮਲਾ ਕਰਦੇ ਹਨ। ਹਵਾ ਵਿੱਚ ਗੋਲ?ਆਂ ਚਲਾਉਂਦੇ ਹਨ ਅਤੇ ਇਕ ਆਦਮੀ ਦਾ ਪਿੱਛਾ ਕਰਦੇ ਹਨ। ਮਿੱਠੂ ਬਸਤੀ ਦੇ ਵਸਨੀਕ ਗੁਰੂਦੇਵ ਸਿੰਘ ਰਿੰਪੀ ਨੇ ਕਿਹਾ ਕਿ ਉਸ ਦੀ ਆਪਣੇ ਸਹੁਰਿਆਂ ਨਾਲ ਨਹੀਂ ਬਣਦੀ। ਉਸ ਨੇ ਦੋਸ਼ ਲਗਾਇਆ ਕਿ ਇਹ ਹਮਲਾ ਉਸ ਦੇ ਸਾਢੂੰ ਅਤੇ ਸਾਲੇ ਨੇ ਕਰਵਾਇਆ ਹੈ। ਉਸ ਨੇ ਕਿਹਾ ਕਿ ਉਸ ਨੇ ਆਪਣੇ ਸਾਲੇ ਦੀ ਬਹੁਤ ਮਦਦ ਕੀਤੀ ਸੀ। ਉਸ ਦਾ ਸਾਲਾ ਪਹਿਲਾਂ ਵੀ ਜੇਲ੍ਹ ਵਿੱਚ ਸੀ, ਅਤੇ ਉਸ ਨੇ ਉਸ ਦੀ ਜ਼ਮਾਨਤ ਲਈ ਪੈਸੇ ਵੀ ਭਰੇ ਸਨ ਪਰ ਸਾਲੇ ਨੇ ਦੋਸ਼ ਲਗਾਇਆ ਕਿ ਉਸ ਨੇ ਵਕੀਲ ਨਾਲ ਮਿਲ ਕੇ ਉਸ ਦੀ ਜ਼ਮਾਨਤ ਵਿੱਚ ਦੇਰੀ ਕਰਵਾਈ ਹੈ, ਜਿਸ ਕਾਰਨ ਉਹ ਲਗਾਤਾਰ ਪਰਿਵਾਰ ਵਿੱਚ ਟਕਰਾਅ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਗੁਰਦੇਵ ਨੇ ਦੱਸਿਆ ਕਿ ਉਦੋਂ ਤੋਂ ਹੀ ਪੂਰੇ ਪਰਿਵਾਰ ਨੇ ਉਸ ਦੇ ਸਹੁਰਿਆਂ ਨਾਲ ਗੱਲ ਕਰਨੀ ਬੰਦ ਕਰ ਦਿੱਤੀ ਸੀ। ਪੀੜਤ ਨੇ ਦੋਸ਼ ਲਗਾਇਆ ਕਿ ਉਸ ਦਾ ਸਾਂਢੂੰ ਕਰਨੇਲ ਅਤੇ ਉਸ ਦਾ ਸਾਲਾ ਉਸ ਨੂੰ ਕਾਫ਼ੀ ਸਮੇਂ ਤੋਂ ਤੰਗ ਕਰ ਰਹੇ ਹਨ, ਇਹ ਮੰਗ ਕਰਦੇ ਹੋਏ ਕਿ ਉਹ ਉਨ੍ਹਾਂ ਨਾਲ ਗੱਲ ਕਰਨਾ ਸ਼ੁਰੂ ਕਰੇ ਨਹੀਂ ਤਾਂ ਉਹ ਆਪਣੀ ਭੈਣ ਨੂੰ ਆਪਣੇ ਨਾਲ ਲੈ ਜਾਵੇਗਾ। ਪੀੜਤ ਨੇ ਦੱਸਿਆ ਕਿ ਉਸ ਦਾ ਅਤੇ ਉਸ ਦੀ ਪਤਨੀ ਦੇ ਆਪਸ ਵਿੱਚ ਚੰਗੇ ਸੰਬੰਧ ਹਨ ਪਰ ਉਹ ਖ਼ੁਦ ਆਪਣੇ ਪੇਕੇ ਪਰਿਵਾਰ ਨਾਲ ਬੋਲਚਾਲ ਨਹੀਂ ਰੱਖਣਾ ਚਾਹੁੰਦੀ ਹੈ। ਉਸ ਨੇ ਦੱਸਿਆ ਕਿ ਇਸ ਦੁਸ਼ਮਣੀ ਕਾਰਨ ਉਹ ਆਪਣੇ ਨਾਲ ਲਗਭਗ ਦੋ ਦਰਜਨ ਬਦਮਾਸ਼ਾਂ ਨੂੰ ਲੈ ਕੇ ਆਇਆ ਸੀ, ਜਿਨ੍ਹਾਂ ਨੇ ਉਸ ’ਤੇ ਇੱਟਾਂ ਅਤੇ ਪੱਥਰਾਂ ਨਾਲ ਹਮਲਾ ਕਰਦੇ ਹੋਏ ਗੋਲ?ਆਂ ਚਲਾਈਆਂ। ਬਸਤੀ ਬਾਬਾ ਖੇਲਾ ਪੁਲਸ ਸਟੇਸ਼ਨ ਦੀ ਪੁਲਸ ਨੂੰ ਘਟਨਾ ਦੀ ਸੂਚਨਾ ਦੇ ਦਿੱਤੀ ਗਈ ਹੈ।

## ਬਠਿੰਡਾ ਦੇ ਜੀਦਾ ਬਲਾਸਟ ਮਾਮਲੇ ਨਾਲ ਜੁੜੀ ਵੱਡੀ ਖ਼ਬਰ, ਹੁਣ ਤੱਕ ਦੀ ਜਾਂਚ ’ਚ ਹੋਏ ਵੱਡੇ ਖ਼ੁਲਾਸੇ

**ਕੌਮੀ ਪਤ੍ਰਿਕਾ**

ਬਠਿੰਡਾ 18 ਨਵੰਬਰ। ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ. ਏ.) ਨੇ ਜ਼ਿਲ੍ਹੇ ਦੇ ਜੀਦਾ ਪਿੰਡ ’ਚ ਦੋ ਮਹੀਨੇ ਪਹਿਲਾਂ ਹੋਏ ਦੋਹਰੇ ਧਮਾਕਿਆਂ ਦੀ ਜਾਂਚ ਆਪਣੇ ਹੱਥਾਂ ’ਚ ਲੈ ਲਈ ਹੈ। ਇਹ ਉਹੀ ਮਾਮਲਾ ਹੈ, ਜਿਸ ’ਚ ਕਾਨੂੰਨ ਦੇ ਵਿਦਿਆਰਥੀ ਗੁਰਪ੍ਰੀਤ ਸਿੰਘ ’ਤੇ ਆਤਮਘਾਤੀ ਹਮਲੇ ਦੀ ਯੋਜਨਾ ਬਣਾਉਣ ਦਾ ਸ਼ੱਕ ਸੀ। ਬਠਿੰਡਾ ਦੀ ਸੀਨੀਅਰ ਪੁਲਸ ਸੁਪਰਡੈਂਟ ਅਮਨੀਤ ਕੌਂਡਲ ਨੇ ਬੁੱਧਵਾਰ ਨੂੰ ਇਸਦੀ ਪੁਸ਼ਟੀ ਕੀਤੀ, ਹਾਲਾਂਕਿ ਉਨ੍ਹਾਂ ਨੇ ਇਸ ਮਾਮਲੇ ’ਤੇ ਹੋਰ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਰਿਪੋਰਟਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਮੁੱਢਲੀ ਜਾਂਚ ਪੂਰੀ ਕਰਨ ਤੋਂ ਬਾਅਦ ਪਿਛਲੇ ਹਫ਼ਤੇ ਇਹ ਮਾਮਲਾ ਐੱਨ. ਆਈ. ਏ. ਨੂੰ ਸੌਂਪ ਦਿੱਤਾ ਗਿਆ ਸੀ। ਏਜੰਸੀ ਹੁਣ ਇਸ ਨੂੰ ਮੋਹਾਲੀ ਦੀ ਵਿਸ਼ੇਸ਼ ਐੱਨ. ਆਈ. ਏ. ਅਦਾਲਤ ਦੇ ਸਾਹਮਣੇ ਪੇਸ਼ ਕਰੇਗੀ। ਐੱਨ. ਆਈ. ਏ. ਹੁਣ ਬਠਿੰਡਾ ਪੁਲਸ ਵੱਲੋਂ ਇਕੱਠੇ ਕੀਤੇ ਗਏ ਸਾਰੇ ਸਬੂਤਾਂ, ਫਾਰੈਂਸਿਕ ਰਿਪੋਰਟਾਂ ਅਤੇ ਜਾਂਚ ਦੇ ਨਤੀਜਿਆਂ ਦਾ ਵਿਸ਼ਲੇਸ਼ਣ ਕਰੇਗੀ। ਇਹ ਘਟਨਾ 10 ਸਤੰਬਰ, 2025 ਨੂੰ ਜੀਦਾ ਪਿੰਡ ’ਚ ਵਾਪਰੀ, ਜਿਸ ’ਚ ਦੋਸ਼ੀ ਗੁਰਪ੍ਰੀਤ ਸਿੰਘ (19) ਅਤੇ ਉਸਦੇ ਪਿਤਾ ਜਗਤਾਰ ਸਿੰਘ ਗੰਭੀਰ ਰੂਪ ’ਚ ਜ਼ਖਮੀ ਹੋ ਗਏ। ਪੁਲਸ ਨੂੰ ਇਸ ਘਟਨਾ ਬਾਰੇ ਜਾਣਕਾਰੀ ਇੱਕ ਨਿੱਜੀ ਹਸਪਤਾਲ ਤੋਂ ਮਿਲੀ, ਜਿੱਥੇ ਜ਼ਖਮੀਆਂ ਦਾ ਇਲਾਜ ਕੀਤਾ ਜਾ ਰਿਹਾ ਸੀ। ਦੂਜੇ ਧਮਾਕੇ ’ਚ ਗੁਰਪ੍ਰੀਤ ਦਾ ਸੱਜਾ ਹੱਥ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਸੀ, ਜਿਸ ਨੂੰ ਬਾਅਦ ’ਚ ਕੱਟਣਾ ਪਿਆ। ਪੁਲਸ ਜਾਂਚ ਦੌਰਾਨ ਇਹ ਖ਼ੁਲਾਸਾ ਹੋਇਆ ਕਿ ਕਾਨੂੰਨ ਦਾ ਵਿਦਿਆਰਥੀ ਗੁਰਪ੍ਰੀਤ ਕਥਿਤ ਤੌਰ ’ਤੇ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਇਸਲਾਮੀ ਕੱਟੜਪੰਥੀ ਵਿਚਾਰਧਾਰਾਵਾਂ ਤੋਂ ਪ੍ਰਭਾਵਿਤ ਸੀ। ਉਸਨੇ ਕਥਿਤ ਤੌਰ ’ਤੇ ਜੈਸ਼-ਏ-ਮੁਹੰਮਦ ਦੇ ਮੁਖੀ ਅਜ਼ਹਰ ਮਸੂਦ ਵਰਗੇ ਅੱਤਵਾਦੀਆਂ ਨਾਲ ਸਬੰਧਿਤ ਆਨਲਾਈਨ ਹੈਂਡਲਾਂ ਨੂੰ ਫਾਲੋ ਕਰਨ ਲਈ ਇੱਕ ਜਾਅਲੀ ਸੋਸ਼ਲ ਮੀਡੀਆ ਆਈ. ਡੀ. ਬਣਾਈ ਸੀ। ਸੂਤਰਾਂ ਅਨੁਸਾਰ ਉਹ ਬੰਬ ਬਣਾਉਣ ਵਾਲੀਆਂ ਵੀਡੀਓਜ਼ ਅਤੇ ਰਸਾਇਣਕ ਮਿਸ਼ਰਣ ਦੇ ਤਰੀਕਿਆਂ ਦਾ ਸ਼ੌਕੀਨ ਸੀ ਪੁਲਸ ਦੇ ਅਨੁਸਾਰ ਦੋਸ਼ੀ ਨੇ ਪੁੱਛਗਿੱਛ ਦੌਰਾਨ ਜੰਮੂ-ਕਸ਼ਮੀਰ ਦੇ ਕਠੂਆ ’ਚ ਇੱਕ ਰੱਖਿਆ ਸਥਾਪਨਾ ’ਤੇ ਆਤਮਘਾਤੀ ਹਮਲੇ ਦੀ ਯੋਜਨਾ ਬਣਾਉਣ ਦੀ ਗੱਲ ਕਬੂਲ ਕੀਤੀ। ਹਾਲਾਂਕਿ ਬਠਿੰਡਾ ਪੁਲਸ ਨੂੰ ਕਿਸੇ ਵੀ ਸੰਗਠਿਤ ਅੱਤਵਾਦੀ ਨੈੱਟਵਰਕ ਨਾਲ ਉਸਦੇ ਸਿੱਧੇ ਸਬੰਧਾਂ ਦਾ ਕੋਈ ਠੋਸ ਸਬੂਤ ਨਹੀਂ ਮਿਲਿਆ। ਫਿਰ ਵੀ ਉਸ ਤੋਂ ਵਿਸਫੋਟਕ ਰਸਾਇਣਾਂ ਦੀ ਬਰਾਮਦਗੀ ਅਤੇ ਹਮਲੇ ਦੀ ਕਥਿਤ ਯੋਜਨਾ ਨੇ ਇਸ ਮਾਮਲੇ ਨੂੰ ਰਾਸ਼ਟਰੀ ਸੁਰੱਖਿਆ ਨਾਲ ਜੁੜਿਆ ਇੱਕ ਗੰਭੀਰ ਮਾਮਲਾ ਬਣਾ ਦਿੱਤਾ ਹੈ। ਪੁਲਸ



ਸੂਤਰਾਂ ਨੇ ਕਿਹਾ ਕਿ ਐੱਨ. ਆਈ. ਏ. ਹੁਣ ਗੁਰਪ੍ਰੀਤ ਦੀਆਂ ਡਿਜੀਟਲ ਗਤੀਵਿਧੀਆਂ, ਸੋਸ਼ਲ ਮੀਡੀਆ ਇਤਿਹਾਸ ਅਤੇ ਆਨਲਾਈਨ ਖਰੀਦੇ ਗਏ ਰਸਾਇਣਾਂ ਦੀ ਸਪਲਾਈ ਲੜੀ ਦੀ ਜਾਂਚ ਕਰੇਗੀ। ਇਹ ਪਤਾ ਲੱਗਾ ਹੈ ਕਿ ਦੋਸ਼ੀ ਨੇ ਆਨਲਾਈਨ ਪਲੇਟਫਾਰਮਾਂ ਤੋਂ ਰਸਾਇਣ ਮੰਗਵਾਏ ਸਨ ਅਤੇ ਪਿੰਡ ਦੇ ਵੱਖ-ਵੱਖ ਸਥਾਨਾਂ ਤੋਂ ਕੋਰੀਅਰਾਂ ਰਾਹੀਂ ਪਾਰਸਲ ਇਕੱਠੇ ਕੀਤੇ ਸਨ। ਇੱਕ ਅਧਿਕਾਰੀ ਨੇ ਕਿਹਾ ਕਿ ਇਹ ਅਜੇ ਵੀ ਸਪੱਸ਼ਟ ਨਹੀਂ ਹੈ ਕਿ ਧਮਾਕੇ ’ਚ ਕਿਹੜੇ ਰਸਾਇਣਾਂ ਦੀ ਵਰਤੋਂ ਕੀਤੀ ਗਈ ਸੀ ਕਿਉਂਕਿ ਫਾਰੈਂਸਿਕ ਮਾਹਿਰਾਂ ਨੇ ਪੁਲਸ ਨੂੰ ਅੰਤਿਮ ਰਿਪੋਰਟ ਸੌਂਪੀ ਨਹੀਂ ਹੈ। ਉਨ੍ਹਾਂ ਕਿਹਾ ਕਿ ਧਮਾਕੇ ਇੰਨੇ ਤੇਜ਼ ਸਨ ਕਿ ਪੰਜਾਬ ਪੁਲਸ ਅਤੇ ਫ਼ੌਜ ਦੀਆਂ ਬੰਬ ਨਿਰੋਧਕ ਟੀਮਾਂ ਨੂੰ ਸਾਈਟ ਨੂੰ ਸੁਰੱਖਿਅਤ ਕਰਨ ’ਚ ਲਗਭਗ ਦਸ ਦਿਨ ਲੱਗ ਗਏ। ਜਦੋਂ ਸਫਾਈ ਦੌਰਾਨ ਘਰ ਨੂੰ ਪਾਣੀ ਨਾਲ ਧੋਤਾ ਗਿਆ ਤਾਂ ਰਸਾਇਣ ਦੁਬਾਰਾ ਫਟ ਗਏ, ਜਿਸ ਕਾਰਨ ਮਾਹਿਰਾਂ ਨੂੰ ਰੋਬੋਟਿਕ ਉਪਕਰਣਾਂ ਦੀ ਮਦਦ ਨਾਲ ਜਾਂਚ ਕਰਨ ਲਈ ਮਜਬੂਰ ਹੋਣਾ ਪਿਆ। ਜ਼ਿਲ੍ਹਾ ਪੁਲਸ ਵੱਲੋਂ ਲਗਭਗ ਦੋ ਮਹੀਨਿਆਂ ਦੀ ਜਾਂਚ ਤੋਂ ਬਾਅਦ ਹੁਣ ਰਾਸ਼ਟਰੀ ਸੁਰੱਖਿਆ ਦੇ ਦ੍ਰਿਸ਼ਟੀਕੋਣ ਤੋਂ ਇਹ ਮਾਮਲਾ ਐੱਨ. ਆਈ. ਏ. ਨੂੰ ਤਬਦੀਲ ਕਰ ਦਿੱਤਾ ਗਿਆ ਹੈ। ਏਜੰਸੀ ਹੁਣ ਜਾਂਚ ਕਰੇਗੀ ਕਿ ਕੀ ਇਹ ਸਵੈ-ਕੱਟੜਪੰਥੀ ਦਾ ਮਾਮਲਾ ਸੀ ਜਾਂ ਕੀ ਕਿਸੇ ਅੱਤਵਾਦੀ ਸੰਗਠਨ ਵਲੋਂ ਰਿਮੋਟ-ਗਾਈਡੇਡ ਸਾਜ਼ਿਸ਼ ਵੀ ਸ਼ਾਮਲ ਸੀ।